# ਰਹਿਤਨਾਮਾ ਭਾਈ ਚਉਪਾ ਸਿੰਘ ਜੀ (ਮੂਲ ਪਾਠ) (ਭਾਗ ਪਹਿਲਾ)

(ਪੈਰ-ਟਿਪਣੀਆਂ : - ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ')

ਸ੍ਰੀ ਵਾਹਿਗੁਰੂ ਪੂਰਨ ਪੁਰਖ ਅਬਿਨਾਸੀ ਜੀ[੧] ਕਾ ਬਚਨ ਹੈ, ਜੋ ਸਰਬਤਿ ਸੰਗਤਿ ਮੇਰਾ ਖ਼ਾਲਸਾ[੨] ਹੈ, ਸਰਬਤਿ ਨੂੰ ਰਹਿਤ ਗੁਰੂ ਕੀ ਕਮਾਵਣੀ ਪਰਵਾਨ ਹੈ। ਇਹ ਜੋ ਮੁਕਤੇ ਸਿਖ ਗੁਰਮੁਖ ਬਰੋ ਪੂਰਨ ਪੁਰਖ ਅਬਿਨਾਸੀ ਦੇ ਹਜ਼ੂਰਿ ਹੋਸਨਿ, ਤਿਨ੍ਹਾਂ ਬਿਚਾਰ ਕਰਕੇ ਏਕ ਰਹਿਤਨਾਮੇ ਕਾ ਚਿੱਠਾ[੩] ਲਿਖਿਆ ਹੈ ਜੋ ਸਿਖ ਗੁਰੂ ਕਾ ਹੋਵੈ, ਸੋ ਗੁਰੂ ਕੀ ਰਹਤ ਪਰ ਚਲੇ। ਰਹਿਤ ਸਿਖ ਕੀ ਇਹੁ ਹੈ: -

ਬ੍ਰਹਮੇ[੪] ਅਤੇ ਮੁਹੰਮਦ[੫] ਕੀ ਕਾਣ ਨ ਕਰੈ, ਆਪਣੇ ਗੁਰਾਂ ਕੇ ਬਚਨ ਮੰਨੇ। ਅੱਗੇ ਜੋ ਸਹਾਇਤਾ ਕਰਨੀ ਹੈ, ਸੋ ਆਪਣੇ ਗੁਰਾਂ ਕਰਨੀ ਹੈ। ਸਾਖ[੬] ਗੁਰਾਂ ਦੀ ਹੈ ਗ੍ਰੰਥ[੭] ਬੀਚ, "*ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥ ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥*"[੮]

---

[੧] ਭਾਵ, ਸ੍ਰੀ ਗੁਰੂ ਗੋਬਿੰਦ ਸਿੰਘ ਜੀ।

[੨] ਅਰਬੀ ਭਾਸ਼ਾ ਦੇ ਲਫ਼ਜ਼ 'ਖ਼ਾਲਿਸਹ' ਦਾ ਅਰਥ ਹੈ, 'ਉਹ ਜ਼ਮੀਨ, ਜੋ ਕਿਸੇ ਜਾਗੀਰਦਾਰ ਦੇ ਅਧੀਨ ਨਾ ਹੋ ਕੇ, ਸਿੱਧਾ ਬਾਦਸ਼ਾਹ ਦੀ ਹੀ ਮਲਕੀਅਤ ਹੋਵੇ'। ਸਿੱਖ ਪਰੰਪਰਾ ਵਿੱਚ ਪਹਿਲਾਂ 'ਮਸੰਦ ਪ੍ਰਥਾ' ਪ੍ਰਚੱਲਿਤ ਸੀ, ਜਿਸ ਅਨੁਸਾਰ ਵੱਖ-ਵੱਖ ਇਲਾਕਿਆਂ ਲਈ ਮਸੰਦ ਨਿਯੁਕਤ ਕੀਤੇ ਹੋਏ ਸਨ। ਇਨ੍ਹਾਂ ਮਸੰਦਾਂ ਦੁਆਰਾ ਹੀ ਸੰਗਤ ਗੁਰੂ ਨਾਲ ਜੁੜੀ ਹੋਈ ਸੀ। ਇਹ ਮਸੰਦ ਹੀ ਸੰਗਤ ਤੋਂ ਦਸਵੰਧ ਆਦਿ ਇਕੱਠਾ ਕਰਕੇ ਗੁਰੂ ਸਾਹਿਬਾਨ ਤਕ ਪਹੁੰਚਾਉਂਦੇ ਸਨ। ਇਸ ਤਰ੍ਹਾਂ, 'ਮਸੰਦ' ਗੁਰੂ ਅਤੇ ਆਮ ਸਿੱਖਾਂ ਵਿੱਚ ਇਕ ਕਿਸਮ ਦੇ ਵਿਚੋਲੇ ਦਾ ਕੰਮ ਕਰਦਾ ਸੀ। ਮਸੰਦ ਪ੍ਰਥਾ ਵਿੱਚ ਭ੍ਰਿਸ਼ਟ ਲੋਕਾਂ ਦੇ ਸ਼ਾਮਿਲ ਹੋਣ ਕਾਰਣ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪ੍ਰਥਾ ਨੂੰ ਖ਼ਤਮ ਕਰ ਦਿੱਤਾ। ਹੁਣ ਕੋਈ ਵਿਚੋਲਾ ਨਹੀਂ ਸੀ ਤੇ ਸੰਗਤ ਸਿੱਧਾ ਹੀ ਗੁਰੂ ਜੀ ਅਧੀਨ ਸੀ। ਇਹ ਸੰਗਤ 'ਗੁਰੂ ਕਾ ਖ਼ਾਲਸਾ' ਕਹੀ ਗਈ। ਭਾਵ, ਗੁਰੂ-ਪਾਤਸ਼ਾਹ ਅਤੇ ਸੰਗਤ-ਪਰਜਾ ਦਰਮਿਆਨ ਕੋਈ ਜਾਗੀਰਦਾਰ ਨਹੀਂ ਸੀ।

[੩] ਖਰੜਾ।

[੪] ਭਾਰਤੀ ਪੌਰਾਣਿਕ ਕਥਾਵਾਂ ਵਿੱਚ ਵਰਣਿਤ ਇੱਕ ਦੇਵਤਾ। ਪੌਰਾਣਿਕ ਕਥਾਵਾਂ ਅਨੁਸਾਰ ਬ੍ਰਹਮਾ ਨੇ ਹੀ ਇਸ ਸ੍ਰਿਸ਼ਟੀ ਦੀ ਸਾਜਨਾ ਕੀਤੀ ਸੀ। ਗੁਰਬਾਣੀ ਵਿੱਚ ਇਸ ਦੇਵਤਾ ਦਾ ਅਨੇਕ ਵਾਰ ਜ਼ਿਕਰ ਆਇਆ ਹੈ, ਜਿਵੇਂ, "*ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥ ਅੰਤਰਿ ਤਾਮਸੁ ਆਪੁ ਨ ਪਛਾਣੈ ॥*" (ਗਉੜੀ ਮਹਲਾ ੩, ਪੰਨਾ ੨੩੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

[੫] ਇਸਲਾਮ ਮਜ਼ਹਬ ਦਾ ਬਾਨੀ ਇੱਕ ਪੈਗੰਬਰ।

[੬] ਸ਼ਾਕਸ਼ਜ, ਗਵਾਹੀ।

[੭] ਭਾਵ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

[੮] ਸਲੋਕ ਮਹਲਾ ੧, ਵਾਰ ਆਸਾ, ਪੰਨਾ ੪੬੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਤਾਂ ਤੇ ਲੋਕ[੯] ਅਰੁ ਪਰਲੋਕ[੧੦] ਬੀਚ ਆਪਨੇ ਸਤਿਗੁਰਾਂ ਹੀ ਸਹਾਇਤਾ ਕਰਨੀ ਹੈ । ਸੋ, ਗੁਰੂ ਕੇ ਸਿਖਾਂ ਨੂੰ ਰਹਿਤ ਰਖਣੀ ਪ੍ਰਵਾਨ ਹੈ । ਜੋ ਸਿਖ ਸੰਗਤਿ ਹਜ਼ੂਰੀ[੧੧] ਦੀਦਾਰ[੧੨] ਵਾਸਤੇ ਆਵਨ[੧੩] ਅਤੇ ਇਨ੍ਹਾਂ ਸਿਖਾਂ ਮੁਕਤਿਆਂ ਪਾਸ ਦੀਦਾਰ ਜਾਵਨ[੧੪], ਤਾਂ ਸਿਖ ਮੁਕਤੇ, ਸਿਖਾਂ ਨੂੰ ਸਿਖੀ ਕਾ ਉਪਦੇਸ਼ ਕਰਨ[੧੫] । ਜੋ ਸਿਖ ਵਾਸੀਆਂ ਵਾਲੇ ਆਵਨ ਇਹੁ ਰਹਿਤ ਮੰਨਕੇ ਚਲੇ ਜਾਵਨ । ਅਤੇ ਕਿਸੇ ਸਿਖ ਮਨ ਵਿਚ ਵਿਕਲਪ ਕੀਤਾ, ਇਸ ਗੱਲ ਦੀ ਵੀਚਾਰ ਬਹੁਤ ਸਿਖਾਂ ਵਿਚ ਟੁਰੀ । ਜੋ ਮੁਕਤੇ ਸਿੰਘ ਏਹੁ ਉਪਦੇਸ਼ ਕਰਦੇ ਹੈਨਿ । ਜੋ ਸਿਖ ਨਾਲਿ ਨਾਤਾ[੧੬] ਕਰੈ । ਨਾ ਦੇਖੈ ਖਤ੍ਰੀ, ਨਾ ਦੇਖੈ ਸੂਦ ਕਿ ਵੈਸ਼ ਹੈ[੧੭] । ਸਿਖ ਗੁਰੂ ਕਾ ਦੇਖੈ, ਜਾਤਿ ਬਰਨੁ[੧੮] ਨ ਦੇਖੈ । ਅਤੇ ਜੰਞੂ[੧੯] ਟਿਕਾ[੨੦] ਧੋਤੀ[੨੧] ਕ੍ਰਿਆ-ਕਰਮ ਕੋਈ ਨ ਕਰੈ । ਸ਼ਬਦ ਪੜ੍ਹੇ, ਕਾਰਜ ਵਿਆਹ ਨੂੰ ਬ੍ਰਾਹਮਣ ਨਾ ਸੱਦੇ, ਅਨੰਦ ਪੜ੍ਹ ਲਏ[੨੨] । ਤੁਰਕ ਦੀ ਸੰਗਤ ਭੇਟਾ ਨਾ ਕਰੈ । ਏਹੁ ਚਰਚਾ ਬਹੁਤ ਹੋਈ । ਮੁਸੱਦੀਆਂ ਸਿਖਾਂ ਨੂੰ ਸਿਖਾਂ ਆਖਿਆ, ਜੋ ਮੁਕਤੇ ਸਿਖ ਏਹੁ ਉਪਦੇਸ਼ ਕਰਦੇ ਹੈਨਿ । ਬਚਨ ਗੁਰੂ ਕੇ ਨਾਲਿ ਆਖਦੇ ਹੈਨਿ । ਤਾਂ ਮੁਸੱਦੀ ਸਿਖ ਜੋ ਭਲੇ ਹੈਸਨ, ਸੋ ਮੁਕਤਿਆਂ ਸਿੰਘਾਂ ਪਾਸ ਆਏ, ਅਰੁ ਕਹਿਆ, 'ਤੁਮ ਕਿਸ ਬਾਤ ਦਾ ਉਪਦੇਸ਼ ਕਰਤੇ ਹੋ?' ਤਾਂ ਮੁਕਤਿਆਂ ਸਿਖਾਂ ਆਖਿਆ, 'ਸਿਖਾਂ ਦੀ ਗਤੀ ਸਤਿਗੁਰੂ ਪਾਸਹੁੰ । ਪੰਥ ਗੁਰੂ ਨੇ ਸੰਸਾਰ ਨਾਲੋਂ ਜੁਦਾ ਕੀਤਾ ਹੈ। ਰਹਿਤ ਭੀ ਗੁਰੂ ਜੀ ਕੀ ਜੁਦਾ ਹੈ ।' ਮੁਸੱਦੀਆਂ ਸਿਖਾਂ ਆਖਿਆ, 'ਤੁਸੀਂ ਹੱਛੀ ਆਖਦੇ ਹੋ ।

---

[੯] ਇਹ ਜੀਵਨ/ਸੰਸਾਰ ।

[੧੦] ਮਰਨ ਤੋਂ ਬਾਅਦ ਦਾ ਜੀਵਨ/ਸੰਸਾਰ ।

[੧੧] ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰ ਵਿੱਚ, ਗੁਰੂ ਜੀ ਦੇ ਦਰਬਾਰ ਵਿੱਚ ।

[੧੨] ਦਰਸ਼ਨ, ਦੇਖਣਾ ।

[੧੩] ਆਉਂਦੇ ਸਨ ।

[੧੪] (ਜਦੋਂ) ਜਾਂਦੇ ਸਨ ।

[੧੫] ਕਰਦੇ ਸਨ ।

[੧੬] ਰਿਸ਼ਤਾ. ਵਿਆਹ ਦਾ ਸੰਬੰਧ ਜੋੜਨਾ ।

[੧੭] ਭਾਰਤੀ ਸਮਾਜ ਵਿੱਚ ਪ੍ਰਚੱਲਿਤ ਵਰਣ-ਵਿਵਸਥਾ ਅਨੁਸਾਰ ਇਹ ਚਾਰ ਵਰਣ ਹਨ: - ਬ੍ਰਾਹਮਣ, ਖਤਰੀ, ਵੈਸ਼ ਅਤੇ ਸ਼ੂਦਰ । ਵਰਣ-ਵਿਵਸਥਾ ਅਨੁਸਾਰ ਵਿਅਕਤੀ ਨੂੰ ਕੇਵਲ ਆਪਣੇ ਵਰਣ ਦੀ ਇਸਤਰੀ ਨਾਲ ਹੀ ਵਿਆਹ ਕਰਨਾ ਚਾਹੀਦਾ ਹੈ । ਸਿੱਖ ਨੂੰ ਵਿਆਹ ਸੰਬੰਧ ਕਾਇਮ ਕਰਨ ਵੇਲੇ ਵਰਣ/ਜਾਤ ਆਦਿ ਦੀ ਵੀਚਾਰ ਨਹੀਂ ਕਰਨੀ ਚਾਹੀਦੀ ।

[੧੮] ਵਰਣ ।

[੧੯] ਭਾਰਤੀ ਸਨਾਤਨ ਮਤਿ ਅਨੁਸਾਰ, ਬ੍ਰਾਹਮਣਾਂ, ਖਤਰੀਆਂ ਅਤੇ ਵੈਸ਼ਾਂ ਦੀ ਗੁਰ-ਦੀਖਿਆ ਪੱਧਤੀ, ਜਿਸ ਵਿੱਚ ਸੂਤ ਦਾ ਬਣਿਆ ਜੰਞੂ ਗਲ਼ ਵਿੱਚ ਪਾਇਆ ਜਾਂਦਾ ਹੈ। ਇਹ ਜੰਞੂ ਸਾਰੀ ਉਮਰ ਧਾਰਨ ਕੀਤਾ ਜਾਂਦਾ ਹੈ ।

[੨੦] ਤਿਲਕ । ਮੱਥੇ ਅਤੇ ਜਿਸਮ ਦੇ ਹੋਰਨਾਂ ਹਿੱਸਿਆਂ ਤੇ ਲਗਾਇਆ ਗਿਆ ਇੱਕ ਚਿੰਨ੍ਹ । ਭਾਰਤੀ ਰਾਜਿਆਂ ਦੇ ਗੱਦੀ-ਨਸ਼ੀਨ ਹੋਣ ਵੇਲੇ ਤਿਲਕ ਲਗਾਉਣ ਦੀ ਰਸਮ ਕੀਤੀ ਜਾਂਦੀ ਰਹੀ ਹੈ । ਇੱਥੋਂ ਤਕ ਕਿ ਕਈ ਮੁਗ਼ਲ ਬਾਦਸ਼ਾਹਾਂ ਨੇ ਵੀ ਰਾਜ-ਗੱਦੀ ਤੇ ਬੈਠਣ ਲੱਗਿਆਂ ਤਿਲਕ ਲਗਵਾਇਆ । ਸਿੱਖ ਪਰੰਪਰਾ ਵਿੱਚ ਗੁਰੂ ਸਾਹਿਬਾਨ ਦੇ ਗੁਰ-ਗੱਦੀ ਉੱਤੇ ਬਿਰਾਜਮਾਨ ਹੋਣ ਵੇਲੇ ਤਿਲਕ ਲਗਾਇਆ ਜਾਂਦਾ ਰਿਹਾ ਹੈ, ਜਿਸ ਨੂੰ 'ਗੁਰਿਆਈ ਤਿਲਕ' ਕਿਹਾ ਜਾਂਦਾ ਸੀ ।

[੨੧] ਇੱਕ ਭਾਰਤੀ ਪਹਿਰਾਵਾ । ਇਹ ਇੱਕ ਅਣ-ਸੀਤਾ ਕਪੜਾ ਹੁੰਦਾ ਹੈ, ਜੋ ਕਮਰ ਤੋਂ ਹੇਠਲੇ ਹਿੱਸੇ ਨੂੰ ਢੱਕਣ ਲਈ ਵਰਤਿਆ ਜਾਂਦਾ ਹੈ । ਖ਼ਾਲਸਾ ਧੋਤੀ ਨਹੀਂ ਬੰਨ੍ਹਦਾ, ਬਲਕਿ ਕੱਛਹਿਰਾ ਧਾਰਨ ਕਰਦਾ ਹੈ ।

[੨੨] ਭਾਵ, ਵੈਦਿਕ ਰੀਤੀ ਅਨੁਸਾਰ ਵਿਆਹ ਦੀ ਰਸਮ ਨਾ ਕਰੇ, ਬਲਕਿ 'ਅਨੰਦ ਕਾਰਜ' ਦੀ ਰੀਤੀ ਦੀ ਪਾਲਣਾ ਕਰੇ ।

ਪਰ ਗੁਰਾਂ ਕੇ ਬਚਨਾਂ ਨਾਲ ਆਖਹੁ, ਤਾਂ ਸਭ ਮੰਨਣਗੇ। ਬਿਨਾਂ ਖਾਵੰਦ[੨੩] ਬਚਨ ਸਿਖ ਨਹੀਂ ਮੰਨਦੇ। ਤੁਸੀਂ ਹਜ਼ੂਰਿ ਅਰਦਾਸ ਕਰੋ, ਜੋ ਸਿਖ ਸਰਬ ਮੰਨ ਲੈਸਨਿ।' ਤਾਂ ਸਿਖਾਂ ਮੁਕਤਿਆਂ ਇਕ ਕਾਗਦ[੨੪] ਲਿਖ ਦਿਤਾ ਰਹਿਤ ਦਾ। ਮੁਸੱਦੀਆਂ ਕਹਿਆਂ, 'ਹਜ਼ੂਰਿ ਰੋਬਰੋ[੨੫] ਖਾਵੰਦ ਨੂੰ ਪੜ੍ਹਾਂਇ ਸੁਣਾਵਾਂਗੇ। ਅਗੈ ਜੋ ਹੁਕਮੁ ਕਰਹਿੰਗੇ, ਸੋ ਪਰਵਾਨ।' ਤਾਂ ਮੁਕਤਿਆਂ ਆਖਿਆ, 'ਸਮਾਂ ਦੇਖ ਕੈ ਸੁਨਾਵਣਾ।' ਮੁਸੱਦੀਆਂ ਕਹਿਆ, 'ਸਮਾਂ ਦੇਖ ਕੈ ਸੁਣਾਵਾਂਗੇ। ਪਰ ਖਾਵੰਦ ਸਭਨਾਂ ਘਟਾਂ[੨੬] ਕਾ ਮਾਲਕ ਹੈ, ਜੇ ਖਾਵੰਦ ਉਪਰਿ ਦਸਖ਼ਤ ਕੀਤੇ ਤਾਂ ਪਰਵਾਣ ਹੋਸੀ।'

ਸੋ ਮੁਸੱਦੀ ਸਿਖ ਲੈ ਆਏ। ਸਮਾਂ ਖ਼ੁਸ਼ੀ ਦਾ ਦੇਖ ਕੇ ਅਰਦਾਸ ਕੀਤੀ ਅਤੇ ਕਾਗਦ ਪੜ੍ਹਿ ਸੁਣਾਇਆ ਤਾਂ ਬਚਨ ਹੋਇਆ, "ਅਸਾਂ ਪੰਥ ਧਰਮ ਦੇ ਵਾਸਤੇ ਕੀਤਾ ਹੈ, ਭਰਿਸ਼ਟ ਤਾਂ ਨਹੀਂ ਕਰਨਾ"। ਗ੍ਰੰਥ ਜੀ ਕਾ ਬਚਨ ਹੈ, "*ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥*"[੨੭]

ਬਚਨ ਹੋਇਆ, "ਚਾਰੇ ਬਰਨ ਏਕੋ ਭਾਈ। ਗੁਰੂ ਕਾ ਨਾਤਾ ਚਹੁੰ ਬਰਨਾਂ ਨੂੰ ਸਾਂਝਾ ਇਕੋ ਜੇਹਾ ਹੈ। ਇਸ ਵਿਚ ਵਿਕਲਪ ਨਾਹੀ ਕੋਇ"।

ਬਚਨ ਹੋਇਆ, "ਮੁਕਤੇ ਮੇਰੇ ਪ੍ਰਾਨ, ਇਹ ਕਰਨ ਸੋ ਪਰਵਾਨ"।

ਬਚਨ ਹੋਇਆ ਮੁਕਤਿਆਂ ਸਿੰਘਾਂ ਨੂੰ, ਰਹਿਤ ਦਾ, "ਭਾਈ, ਗ੍ਰੰਥ ਸਾਹਿਬ ਦੀ ਸਾਖ ਨਾਲਿ ਰਹਿਤ ਸਿੱਖੀ ਦੀ ਬਣਾਵੋ"। ਤਾਂ ਮੁਕਤਿਆਂ ਕਹਿਆ, "ਜੀ, ਜੰਤ ਹਾਂ ਅਸੀਂ, ਤੂੰ ਹੈ ਖਾਵੰਦ, ਤੇਰੇ ਰਿਦੇ ਕੀ ਕਿਆ ਜਾਣਦੇ ਹਾਂ ?"

ਬਚਨ ਹੋਇਆ 'ਤੁਸਾਡੀਆਂ ਰਸਨਾ ਉਪਰਿ ਹਉਂ[੨੮] ਹਾਂ। ਬੁੱਧਿ ਨਾਲ ਅਤੇ ਗ੍ਰੰਥ ਜੀ ਕੀ ਸਾਖ ਨਾਲ ਸ਼ਬਦ ਲਿਖੋ।'

ਤਾਂ ਮੁਕਤਿਆਂ ਭੈਮਾਨ ਹੋਇਕੈ ਸਿਖੀ ਦੀਆਂ ਰਹਿਤਾਂ ਗ੍ਰੰਥ ਜੀ ਦੀ ਸਾਖ ਨਾਲ ਲਿਖੀਆਂ। ਸੱਤਵੇਂ ਦਿਨ ਤਿਆਰ ਕਰਕੇ ਗੁਰੂ ਦੇ ਹਜ਼ੂਰਿ ਲੈ ਆਏ। ਬਚਨ ਹੋਇਆ, "ਪੜ੍ਹਿ ਸੁਨਾਓ"। ਤਾਂ ਸਿੰਘਾਂ ਪੜ੍ਹਿ ਸੁਣਾਇਆ।

---

[੨੩] ਪਤੀ, ਮਾਲਕ, ਇੱਥੇ ਭਾਵ ਹੈ, 'ਗੁਰੂ', ਜੋ ਸਿੱਖਾਂ ਦਾ ਮਾਲਕ ਹੈ।

[੨੪] ਕਾਗ਼ਜ਼।

[੨੫] ਰੂ-ਬ-ਰੂ. ਹਾਜ਼ਰੀ ਵਿੱਚ।

[੨੬] ਦਿਲਾਂ।

[੨੭] ਧਨਾਸਰੀ ਮਹਲਾ ੧, ਪੰਨਾ ੬੬੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

[੨੮] ਮੈਂ।

ਤਾਂ ਬਚਨ ਹੋਇਆ, "ਹੱਛਾ ਲਿਖਿਆ ਜੇ"। ਕੁਛੁ ਥੋੜਾ ਹੀ ਪੜ੍ਹਿਆ ਸੀ, ਜੋ ਸੁਣਕੇ ਸਹੀ ਪਾਇ ਦਿਤੀ[੨੯]। ਤਾਂ ਸਿੰਘਾਂ ਹੱਥ ਜੋੜ ਕੇ ਮੱਥਾ ਟੇਕਿਆ। ਸੰਮਤੁ ਸਤਾਰਾਂ ਸੌ ਸਤਵੰਜਾ, ਜੇਠ ਦਿਨ ਸੱਤਵੀਂ। ਬਚਨ ਹੋਇਆ ਜੇ ਕੋ ਨਕਲ ਉਤਾਰੇਗਾ, ਸੋ ਸਹੀ ਪਵਾਇ ਲੈਣੀ। ਏਹੁ ਰਹਿਤਨਾਮਾ ਹਜ਼ੂਰੀ ਹੈ ਜੋ ਕੋਇ ਸਿਖ ਹੋਵੇਗਾ, ਸੋ ਹੋਰੁ ਮਨੋਂ ਉਕਤਿ ਨਾਲ ਨਾ ਰਲਾਵੇਗਾ। ਮ੍ਰਿਜਾਦਾ[੩੦] ਨਾਲਿ ਤੁਰੇਗਾ, ਗੁਰਮੁਖਾਂ ਸਿਖਾਂ ਬਿਚਾਰ ਨਾਲ ਲਿਖਿਆ ਹੈ। ਅੜੀ ਨਹੀਂ ਕਰਨੀ।

(ਚਲਦਾ)

---

[੨੯] ਦਸਤਖ਼ਤ ਕਰ ਦਿੱਤੇ।

[੩੦] ਮਰਯਾਦਾ/ਮਰਿਆਦਾ।

# ਰਹਿਤਨਾਮਾ ਭਾਈ ਚਉਪਾ ਸਿੰਘ ਜੀ (ਮੂਲ ਪਾਠ) (ਭਾਗ ਦੂਜਾ)

(ਪੈਰ-ਟਿਪਣੀਆਂ : - ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ')

## ਅਥ ਰਹਿਤ

ਗੁਰ ਪ੍ਰਮਾਣ, "*ਰਹਤ ਰਹਤ ਰਹਿ ਜਾਹਿ ਬਿਕਾਰ*"[1] । ਜਿਸ ਰਹਿਤ ਕੀਤਿਆਂ ਬਿਕਾਰ ਨਾ ਹੋਵਨਿ, ਤਿਸਕਾ ਨਾਮ ਰਹਿਤ ਹੈ । ਸਾਖ ਗਰੰਥ ਜੀ ਕੀ, "*ਐਸੀ ਰਹਤ ਰਹਉ ਹਰਿ ਪਾਸਾ ॥*"[2]

ਗੁਰੂ ਕਾ ਸਿਖ ਹੋਵੈ, ਸੋ ਐਸੀ ਰਹਿਤ ਦੀ ਖੋਜਣਾ ਕਰੈ, ਜੇਹੜੀ ਰਹਿਤ ਸਾਹਿਬ ਖ਼ੁਸ਼ੀ ਆਵੈ । ਸਾਖ, "*ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥*"[3] ਕਹਿੰਦੀ ਬਹੁਤ ਹੈ, ਰਹਿਤ ਗੁਰੂ ਕੀ ਕਿਸੇ ਵਿਰਲੇ ਨੂੰ ਪ੍ਰਾਪਤ ਹੋਂਦੀ ਹੈ । ਪਰ ਗੁਰੂ ਕਾ ਸਿਖ ਰਹਿਤ ਕੀ ਖੋਜਣਾ ਕਰੈ । ਤਬ ਗੁਰੂ ਕਾ ਸਿਖ ਹੋਇ ਹੈ ।

ਜੋ ਗੁਰੂ ਕਾ ਸਿਖ ਹੋਇ ਕੇਸਧਾਰੀ ਅਥਵਾ ਸਹਜਧਾਰੀ[4], ਸੋ ਪ੍ਰਾਤ ਸਮੇਂ ਇਸਨਾਨ ਅਥਵਾ ਪੰਜ ਇਸਨਾਨ[5] ਕਰੈ । ਪੰਜ ਵੇਰੀ 'ਜਪੁਜੀ'[6] ਪੜੈ । ਗੁਰੂ ਰਾਮਦਾਸ ਸਾਹਿਬ ਜੀ ਕਾ ਬਚਨੁ ਹੈ । ਪੰਜ ਵੇਰੀ 'ਜਪੁਜੀ' ਕੇ ਪੜ੍ਹਨੇ ਕਰਿ ਬੁੱਧਿ ਉਜੱਲ ਹੋਂਦੀ ਹੈ । ਉਪਰੰਤ ਹੋਰ ਬਾਣੀ ਕੰਠ[7] ਹੋਇ, ਸੋ ਪੜ੍ਹੈ । ਪਾਠ ਕਰਕੇ ਹਥ ਜੋੜ ਕਰਿ ਅਰਦਾਸਿ ਕਰੈ ।

---

[1] ਗਉੜੀ, ਬਾਵਨ ਅੱਖਰੀ, ਮਹਲਾ ੫, ਪੰਨਾ ੨੫੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ । ਪ੍ਰੋ. ਪਿਆਰਾ ਸਿੰਘ 'ਪਦਮ' ਵੱਲੋਂ ਸੰਪਾਦਤ ਪੁਸਤਕ 'ਰਹਿਤਨਾਮੇ' ਵਿੱਚ ਅਸ਼ੁੱਧ ਪਾਠ "ਰਹਤ ਰਹਿਤ ਰਹਿ ਜਾਇ ਬਿਕਾਰਾ" ਦਰਜ ਹੈ ।

[2] ਗਉੜੀ, ਕਬੀਰ ਜੀ, ਪੰਨਾ ੩੨੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ । ਪ੍ਰੋ. ਪਿਆਰਾ ਸਿੰਘ 'ਪਦਮ' ਵੱਲੋਂ ਸੰਪਾਦਤ ਪੁਸਤਕ 'ਰਹਿਤਨਾਮੇ' ਵਿੱਚ ਅਸ਼ੁੱਧ ਪਾਠ "ਐਸੀ ਰਹਿਤ ਰਹਉ ਗੁਰ ਪਾਸਾ" ਦਰਜ ਹੈ ।

[3] ਭੱਟ ਭਿੱਖਾ ਜੀ, ਪੰਨਾ ੧੩੯੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ।

[4] ਦੇਖੋ ਇਸੇ ਪੁਸਤਕ ਵਿੱਚਲਾ ਲੇਖ 'ਸਹਿਜਧਾਰੀ' ।

[5] ਦੋ ਹੱਥ, ਦੋ ਪੈਰ ਅਤੇ ਚਿਹਰੇ ਨੂੰ ਧੋਣ ਨੂੰ 'ਪੰਜ ਇਸ਼ਨਾਨਾ' ਕਿਹਾ ਜਾਂਦਾ ਹੈ । ਸਿੱਖ ਨੂੰ ਹੁਕਮ ਹੈ ਕਿ ਉਹ ਪੂਰਾ ਇਸਨਾਨ ਕਰੇ, "*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*" (ਮਹਲਾ ੪, ਸਲੋਕ, ਗਉੜੀ ਕੀ ਵਾਰ, ਪੰਨਾ ੩੦੫) । ਸਰੀਰ ਤੰਦਰੁਸਤ ਨਾ ਹੋਣ ਦੀ ਸਥਿਤੀ ਵਿੱਚ ਪੰਜ ਇਸਨਾਨਾ ਕਰ ਲੈਣ ਵਿੱਚ ਵੀ ਕੋਈ ਹਰਜ਼ ਨਹੀਂ ਹੈ ।

[6] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਪਹਿਲੀ ਬਾਣੀ । ਇਹ ਸਿੱਖਾਂ ਦੇ 'ਨਿਤਨੇਮ' ਦਾ ਹਿੱਸਾ ਹੈ ਅਤੇ 'ਅੰਮ੍ਰਿਤ ਸੰਚਾਰ' ਸਮੇਂ ਵੀ ਇਸ ਬਾਣੀ ਦਾ ਪਾਠ ਕੀਤਾ ਜਾਂਦਾ ਹੈ । ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ ।

[7] ਜ਼ਬਾਨੀ ਯਾਦ ।

ਫੇਰ ਧਰਮਸਾਲ[੮] - ਜਿਥੇ ਕਥਾ[੯] ਸਬਦ, ਗ੍ਰੰਥ ਜੀ ਪੜ੍ਹੀਐ, ਤਹਾਂ - ਜਥਾ ਸਕਤਿ[੧੦] ਹਾਥਿ[੧੧] ਵਿਖੇ ਕੁਛ ਲੈ ਕਰਿ ਜਾਏ ਫੁਲ, ਫਲ, ਪੈਸਾ, ਕਉਡੀ, ਦਾਣੇ, ਮੱਥਾ ਟੇਕੇ । ਫਿਰ ਧਰਮ ਦੀ ਕਿਰਤ ਕਰੇ, ਜੇਹੀ ਵਾਹਗੁਰੂ ਦੇਵੇ ।

ਜਦ ਪ੍ਰਸਾਦਿ[੧੨] ਖਾਵਣੈ ਆਵੈ ਤਾਂ ਜਥਾ ਸ਼ਕਤਿ ਪ੍ਰਸਾਦਿ ਏਕ ਗਰਾਸ ਅਰਪਨ ਕਰੇ, ਚਉਂਕੇ[੧੩] ਵਿਖੇ ਸਿਖ ਨੂੰ ਨਾਲ ਲੈ ਬੈਠੇ ਅਰਥ ਗੁਰੂ ਕੇ ।[੧੪] ਸਾਖ ਗ੍ਰੰਥ ਸਾਹਿਬ ਕੀ ਹੈ, "*ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥*"[੧੫]

ਜੋ ਗੁਰਾਂ ਕਾ ਸਿਖ ਹੋਇ ਫੇਰ ਰਹਿਰਾਸ ਸਮੇਂ 'ਸੋ ਦਰੁ'[੧੬] ਪੜ੍ਹੈ, ਧਰਮਸਾਲ ਵਿਖੇ ਜਾ ਕਰਿ । ਅਰੁ ਜੇਕਰਿ ਧਰਮਸਾਲ ਪਹੁੰਚ ਨਾ ਹੋਇ ਤਾਂ ਆਪਣੇ ਘਰਿ ਬੈਠਉ ਵਿਚਾਰ ਕਰੈ । ਰਾਤੀਂ ਪ੍ਰਸਾਦਿ ਛਕੈ, ਧਰਮਸਾਲ ਵਿਖੇ ਜਾਇ ਬੈਠ ਕਥਾ ਕੀਰਤਨੁ - ਗੋਬਿੰਦ[੧੭] ਕਾ ਜਸੁ ਸੁਣੈ । ਪ੍ਰਮਾਣ, "*ਪਹਿਲੈ ਪਹਿਰੈ ਫੁਲੜਾ ਫਲੁ ਭੀ ਪਛਾ ਰਾਤਿ ॥ ਜੋ ਜਾਗੰਨਿ ਲਹੰਨਿ ਸੇ ਸਾਈ ਕੰਨੋ ਦਾਤਿ ॥*"[੧੮]

ਜੇਕਰ ਸਿਖ ਕਬੀਲਦਾਰ[੧੯] ਹੋਇ ਤਾਂ ਇਸਤ੍ਰੀ ਸਾਥ ਪਹਿਲੇ ਪਹਿਰ ਤੇ ਪਿਛਲਾ ਪਹਿਰ (ਰਾਤਿ ਦੇ) ਸੰਗ ਨ ਕਰੈ । ਵਿਚਲੇ ਦੋ ਪਹਿਰ ਬਿਲਾਸ ਦੇ ਹੈਨਿ, ਪਿਛਲੀ ਰਾਤਿ ਉਠ ਕੇ ਬੀੜੀ ਕਰੈ, ਇਸਨਾਨ ਕਰੇ ਅਥਵਾ ਪੰਜ ਇਸਨਾਨ ਕਰੈ । ਅਰੁ ਜੋ ਨਾਰੀ ਸਾਥ ਸੰਗ ਕਰੈ ਤਾਂ ਠੰਢੇ ਪਾਣੀ ਸਾਥ ਇਸ਼ਨਾਨ ਕਰੇ ਜ਼ਰੂਰ ।

---

[੮] ਧਰਮ ਦੀ ਜਗ੍ਹਾ। ਸਿੱਖਾਂ ਦੇ ਧਰਮ-ਅਸਥਾਨ ਨੂੰ ਪਹਿਲਾਂ 'ਧਰਮਸਾਲ' ਆਖਿਆ ਜਾਂਦਾ ਸੀ । ਅੱਜ-ਕਲ੍ਹ ਇਸ ਨੂੰ ਆਮ ਤੌਰ 'ਤੇ 'ਗੁਰਦੁਆਰਾ' ਕਿਹਾ ਜਾਂਦਾ ਹੈ ।

[੯] ਸਿੱਖ ਪਰੰਪਰਾ ਵਿੱਚ ਗੁਰਬਾਣੀ ਅਤੇ ਇਤਿਹਾਸ ਦੀ ਵਿਆਖਿਆ ਨੂੰ 'ਕਥਾ' ਕਿਹਾ ਜਾਂਦਾ ਹੈ । ਸਿੱਖ ਮਤਿ ਵਿੱਚ ਕਥਾ ਦੀ ਬੜੀ ਪੁਰਾਣੀ ਪਰੰਪਰਾ ਹੈ ।

[੧੦] ਸਮੱਰਥਾ ਅਨੁਸਾਰ ।

[੧੧] ਹੱਥ ।

[੧੨] ਪ੍ਰਸਾਦਾ, ਰੋਟੀ। ਭਾਵ, ਭੋਜਨ ।

[੧੩] ਰਸੋਈ, ਭਾਵ ਭੋਜਨ ਕਰਨ ਵੇਲੇ ।

[੧੪] ਸਿੱਖ ਨੂੰ ਨਾਲ ਲੈ ਕੇ ਰਸੋਈ ਵਿੱਚ ਬੈਠਣ ਤੋਂ ਭਾਵ ਹੈ ਕਿ ਵੰਡ ਕੇ ਛਕੇ ।

[੧੫] ਸਲੋਕ ਮਹਲਾ ੧, ਵਾਰ ਸਾਰੰਗ, ਪੰਨਾ ੧੨੪੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੧੬] ਸਿੱਖਾਂ ਦੇ ਨਿਤਨੇਮ ਵਿੱਚ ਸ਼ਾਮ ਨੂੰ ਪੜ੍ਹੀ ਜਾਣ ਵਾਲੀ ਬਾਣੀ ।

[੧੭] ਵਾਹਿਗੁਰੂ ।

[੧੮] ਸਲੋਕ ਫ਼ਰੀਦ, ਪੰਨਾ ੧੩੮੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੧੯] ਪਰਿਵਾਰ ਵਾਲਾ, ਗ੍ਰਿਹਸਥੀ । ਇੱਥੇ ਭਾਵ ਹੈ ਸ਼ਾਦੀ-ਸ਼ੁਦਾ/ਵਿਆਹਿਆ ਹੋਇਆ ।

ਬਾਣੀ ਗੁਰੂ ਜੀ ਕੀ ਨਿਤਾਪ੍ਰਤਿ[੨੦] ਪੜ੍ਹੈ ।

ਜੋ ਗੁਰੂ ਕਾ ਸਿਖ ਹੋਵੈ ਪੰਜਾਂ ਨਾਲਿ ਨਾਤਾ ਨ ਕਰੈ[੨੧] । ਵਰਤਣ[੨੨] ਭੀ ਨਾ ਕਰੈ - ਪਹਿਲੇ ਮੀਣੇ, ਦੂਜੇ ਰਾਮਰਾਈਏ, ਤੀਜੇ ਕੁੜੀਮਾਰ, ਚਉਥੇ ਭੱਦਣੀ[੨੩], ਪੰਜਵੇਂ ਮਸੰਦ ।[੨੪] ਭਾਵੇਂ ਗੁਰੂ ਕੇ ਸਨਬੰਧੀ ਹੈਨਿ, ਤਾਂ ਭੀ ਇਹ ਨਿੰਦਾ ਕਰਕੇ ਦੁਸ਼ਟ ਹੋਏ ਹੈਨਿ । ਜੈਸੇ ਦਰਖ਼ਤ ਵਿਚਹੁੰ ਫਲ ਪਤ੍ਰ ਟਾਸ ਨਿਕਸਦੇ[੨੫] ਹੈਨਿ ਅਤੇ ਕੰਡੇ ਭੀ ਵਿਚਹੁੰ ਹੀ ਨਿਕਸਦੇ ਹੈਨਿ । ਸੋ ਏਹੁ ਕੰਡੇ ਹੈਨਿ ।

ਗੁਰੂ ਕਾ ਸਿਖ ਸ਼ਰਾਬ ਨ ਪੀਵੈ । ਸਾਖ ਗ੍ਰੰਥ ਸਾਹਿਬ ਜੀ ਦੀ, "*ਝੂਠਾ ਮਦੁ ਮੂਲਿ ਨਾ ਪੀਚਈ ਜੇ ਕਾ ਪਾਰਿ ਵਸਾਇ ॥*" [੨੬]

ਅਤੇ ਪੰਜਾਂ ਨਾਲਿ ਮੇਲ ਕਰੇ - ਕੱਛ[੨੭], ਕ੍ਰਿਪਾਨ, ਕੇਸ, ਬਾਣੀ, ਸਾਧਸੰਗਤਿ । ਗੁਰੂ ਕਾ ਸਿਖ ਵਸ ਲਗਦੇ[੨੮] ਬਿਖਿਆ[੨੯] ਕਾ ਵਣਜ[੩੦] ਭੀ ਨਾ ਕਰੇ ।

---

[੨੦] ਰੋਜ਼, ਰੋਜ਼ਾਨਾ ।

[੨੧] ਵਿਆਹ ਦੇ ਸੰਬੰਧ ਕਾਇਮ ਨਾ ਕਰੇ ।

[੨੨] ਸਮਾਜਿਕ ਵਰਤੋਂ-ਵਿਹਾਰ ।

[੨੩] ਭੱਦਣ/ਹਜਾਮਤ ਕਰਾਉਣ ਵਾਲਾ ।

[੨੪] ਦੇਖੋ ਇਸੇ ਪੁਸਤਕ ਵਿੱਚਲਾ ਲੇਖ 'ਪੰਜ ਮੇਲ' । "*ਮੀਣਾ ਔਰ ਮਸੰਦੀਆ, ਮੋਨਾ ਕੁੜੀ ਜੋ ਮਾਰ । ਹੋਇ ਸਿਖ ਵਰਤਨ ਕਰਹਿ, ਅੰਤ ਕਰੇਗਾ ਖੁਆਰ ।*" ਅਤੇ "*ਕੁੜੀਮਾਰ ਮਸੰਦ ਜੋ, ਮੀਣੇ ਕਾ ਪ੍ਰਸਾਦਿ । ਲਏ ਜੁ ਇਨ ਕੇ ਹਾਥ ਕਾ, ਜਨਮ ਗਵਾਵਹਿ ਬਾਦ ।*" ('ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ') ।

[੨੫] ਨਿਕਲਦੇ, ਭਾਵ 'ਪੈਦਾ ਹੁੰਦੇ' ।

[੨੬] ਸਲੋਕ ਮਹਲਾ ੩, ਬਿਹਾਗੜੇ ਕੀ ਵਾਰ, ਪੰਨਾ ੫੫੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ । ਪ੍ਰੋ. ਪਿਆਰਾ ਸਿੰਘ 'ਪਦਮ' ਵੱਲੋਂ ਸੰਪਾਦਤ ਪੁਸਤਕ 'ਰਹਿਤਨਾਮੇ' ਵਿੱਚ ਅਸ਼ੁੱਧ ਪਾਠ "ਐਸਾ ਮਦ ਮੂਲ ਨਾ ਪੀਜਈ ਜੇਕਾ ਪਾਰ ਵਸਾਇ" ਦਰਜ ਹੈ । ਭਾਈ ਕਾਨ੍ਹ ਸਿੰਘ ਨਾਭਾ ਦੁਆਰਾ ਸੰਪਾਦਿਤ 'ਗੁਰੁਮਤ ਮਾਰਤੰਡ' ਵਿੱਚ ਇਸ ਰਹਿਤਨਾਮੇ ਦਾ ਪਾਠਾਂਤਰ ਇਸ ਪ੍ਰਕਾਰ ਦਿੱਤਾ ਹੈ, "*ਗੁਰੂ ਕਾ ਸਿੱਖ ਸ਼ਰਾਬ ਕਬੀ ਨ ਪੀਵੇ, ਸਾਖ 'ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ'*" । (ਸਲੋਕ ਮਹਲਾ ੩, ਬਿਹਾਗੜੇ ਕੀ ਵਾਰ, ਪੰਨਾ ੫੫੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) । ਦੋਵੇਂ ਪੰਕਤੀਆਂ ਇੱਕ ਹੀ ਸਲੋਕ ਵਿੱਚੋਂ ਹਨ ।

[੨੭] ਕੱਛਹਿਰਾ । ਇਹ ਲੱਕ ਤੋਂ ਹੇਠਲੇ ਹਿੱਸੇ ਨੂੰ ਢਕਣ ਲਈ ਇੱਕ ਵਿਸ਼ੇਸ ਕਿਸਮ ਦਾ ਪਹਿਰਾਵਾ ਹੈ, ਜੋ ਮੋਹਰੀਦਾਰ ਤੇ ਰੇਬਦਾਰ ਹੁੰਦਾ ਹੈ । ਭਾਂਵੇਂ ਕੱਛਹਿਰੇ ਦੀ ਲੰਬਾਈ ਨਿਸ਼ਚਿਤ ਨਹੀਂ ਹੈ, ਪਰ ਇਹ ਗੋਡੇ ਤੋਂ ਨੀਂਵਾ ਨਹੀਂ ਹੁੰਦਾ । ਆਪਣੀ ਪੁਸਤਕ 'ਗੁਰੁਮਤ ਮਾਰਤੰਡ' ਦੇ ਇੱਕ 'ਫੁਟ ਨੋਟ' ਵਿੱਚ 'ਸਰਦਾਰ ਬਹਾਦੁਰ' ਕਾਨ੍ਹ ਸਿੰਘ ਨਾਭਾ ਲਿੱਖਦੇ ਹਨ, "ਦੱਖਣੀ ਸਿੱਖਾਂ ਦੀਆਂ ਕੱਛਾਂ ਦਸ-ਦਸ ਗਜ਼ ਲੰਮੀਆਂ ਵੇਖੀਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਧੋਣ ਵੇਲੇ ਹਰ ਰੋਜ਼ ਨਾਲ੍ਹਾ ਕੱਢਿਆ ਜਾਂਦਾ ਹੈ" । ਨਿਹੰਗ ਸਿੰਘ ਤੇ ਹੋਰ ਵੱਖ-ਵੱਖ ਸੰਪਰਦਾਵਾਂ ਨਾਲ ਸੰਬੰਧਿਤ ਸਿੱਖ ਆਮ ਤੌਰ 'ਤੇ ਦੋ ਤੋਂ ਤਿੰਨ ਮੀਟਰ ਕਪੜੇ ਤੋਂ ਤਿਆਰ ਕੱਛਹਿਰਾ ਪਹਿਨਦੇ ਹਨ । ਆਮ ਸਿੱਖ ਇਸ ਤੋਂ ਛੋਟਾ ਕਛਹਿਰਾ ਪਹਿਨਦੇ ਹਨ, ਜੋ ਕਈ ਵਾਰੀ ਤਾਂ ਇਕ ਮੀਟਰ ਕਪੜੇ ਤੋਂ ਵੀ ਤਿਆਰ ਹੋ ਜਾਂਦਾ ਹੈ । ਸ਼ੁਰੂ ਵਿੱਚ ਕੱਛਹਿਰਾ ਤੇੜ ਢਕਣ ਦਾ ਸੰਪੂਰਨ ਪਹਿਰਾਵਾ ਸੀ, ਭਾਵ ਕੱਛਹਿਰੇ ਦੇ ਉਪੱਰ ਕੋਈ ਹੋਰ ਪਹਿਰਾਵਾ ਨਹੀਂ ਸੀ ਪਾਇਆ

ਗੁਰੂ ਕਾ ਸਿਖ ਬਿਖਿਆ ਨਾ ਪੀਵੈ । ਭਾਵੈਂ ਸਹਜਧਾਰੀ ਹੋਵੈ, ਤਾਂ ਭੀ ਨਾ ਵਰਤੇ । ਨਾ ਨਸਵਾਰ[੩੧] ਲੇਵੈ ।

ਗੁਰੂ ਕਾ ਸਿਖ ਪ੍ਰਸਾਦਿ ਛਕਨੇ ਬੈਠੇ, ਹਥ ਪੈਰ ਧੋਇ ਲਏ । ਚੁਪ ਕਰਕੇ ਲੰਗਰ ਵਿਚ ਜਾਏ ਅਦਬ ਨਾਲਿ। ਪ੍ਰਸਾਦਿ ਪਾਂਵਦਾ[੩੨] ਗੱਲਾਂ ਨਾ ਕਰੈ । ਕਿਸੈ ਆਏ ਨੂੰ ਪ੍ਰਸਾਦਿ ਛਕਦਾ ਉਠੈ ਨਾਹੀ । 'ਸਤਿਨਾਮ ਵਾਹਿਗੁਰੂ' ਆਖ ਕੇ ਪ੍ਰਸਾਦਿ ਪਾਏ, ਪ੍ਰਸਾਦਿ ਪ੍ਰਾਨਾਂ ਕਾ ਦਾਤਾ ਹੈ । ਪ੍ਰਸਾਦਿ ਗੁਰਾਂ ਕੇ ਸਮ ਤੁਲ ਜਾਣੈ । ਸਾਖ ਗ੍ਰੰਥ ਜੀ ਕੀ, "*ਆਸਣੁ ਲੋਇ ਲੋਇ ਭੰਡਾਰੁ ॥ ਜੋ ਕਿਛੁ ਪਾਇਆ ਸੁ ਏਕਾ ਵਾਰ ॥ ਕਰਿ ਕਰਿ ਵੇਖੈ ਸਿਰਜਣਹਾਰੁ ॥ ਨਾਨਕ ਸਚੇ ਕੀ ਸਾਚੀ ਕਾਰ ॥*"[੩੩]

ਗੁਰੂ ਕਾ ਸਿਖ ਹੋਇਕੈ ਤੁਰਕਣੀ[੩੪] ਨਾਲ ਸੰਗ ਨਾ ਕਰੈ, ਤੁਰਕ ਨਾਲਿ ਦੋਸਤੀ ਭੀ ਨਾ ਕਰੈ ਅਤੇ ਵਿਸਾਹੁ ਭੀ ਨਾ ਕਰੈ । ਤੁਰਕ ਦੇ ਹਥਹੁੰ ਪਾਣੀ ਨ ਪੀਵੈ । ਤੁਰਕ ਨਾਲ ਰਲਿ ਨਾ ਸਵੈ । ਤੁਰਕ ਦੀ ਸੁਗੰਦ[੩੫] ਦਾ ਇਤਬਾਰ ਨ ਕਰੈ । ਤੁਰਕ ਦੀ ਜ਼ਬਾਨੀ ਗਿਆਨ-ਚਰਚਾ ਸੁਣ ਕੇ ਮੋਹਿਤ ਨ ਹੋਇ । ਇਕ-ਸਫਾ ਬੈਠਿਆਂ ਤੁਰਕ ਦੇ ਪ੍ਰਸਾਦਿ ਨ ਖਾਏ । ਜੇਹਾ ਨਾਲ ਰਲਿ ਖਾਧਾ, ਤੇਹਾ ਇਕ-ਸਫਾ ਬੈਠੇ । ਤੁਰਕ ਨੂੰ ਧਰਮ-ਕਰਮ, ਗਊ-ਦੋਖੀ[੩੬] ਜਾਣੇ । ਗੁਰੂ ਕਾ ਬਚਨੁ ਹੈ, "*ਸਕਲ ਮਲੇਛ ਕਰਹੁ ਰਣਿ ਘਾਤਾ ॥*"[੩੭]

---

ਜਾਂਦਾ, ਜਿਵੇਂ ਕਿ ਅੱਜ-ਕਲ੍ਹ ਵੀ ਕਈ ਸਿੱਖ ਸੰਪਰਦਾਵਾਂ ਨਾਲ ਸੰਬੰਧਿਤ ਸਿੰਘ ਕੱਛਹਿਰੇ ਦੇ ਉੱਪਰ ਕੋਈ ਹੋਰ ਕਪੜਾ ਨਹੀਂ ਪਾਉਂਦੇ । ਸਮੇਂ ਦੇ ਬਦਲਾਉ ਨਾਲ ਹੁਣ ਪਜਾਮਾ, ਪੈਂਟ ਆਦਿ ਦਾ ਰਿਵਾਜ਼ ਸ਼ੁਰੂ ਹੋਣ ਕਾਰਣ ਛੋਟਾ ਕੱਛਹਿਰਾ ਵਧੇਰੇ ਵਰਤੋਂ ਵਿੱਚ ਆ ਗਿਆ ਹੈ । ਕੇਸ, ਕ੍ਰਿਪਾਨ ਅਤੇ ਕੱਛਹਿਰੇ ਨੂੰ ਪੁਰਾਤਨ ਸਿੱਖ ਪਰੰਪਰਾ ਵਿੱਚ 'ਤ੍ਰੈ-ਮੁਦ੍ਰਾ' ਆਖਿਆ ਗਿਆ ਹੈ । 'ਤ੍ਰੈ-ਮੁਦ੍ਰਾ' ਵਿੱਚ ਜੇ ਕੜੇ ਅਤੇ ਕੰਘੇ ਨੂੰ ਸ਼ਾਮਿਲ ਕਰ ਲਿਆ ਜਾਏ, ਤਾਂ ਇਸ ਨੂੰ 'ਪੰਜ ਕਕਾਰ' ਆਖਿਆ ਜਾਂਦਾ ਹੈ ।

[੨੮] ਵੱਸ ਚਲਦੇ, ਵਾਹ ਲੱਗਦੇ, ਜਿੱਥੋਂ ਤਕ ਹੋ ਸਕੇ ।

[੨੯] ਤਮਾਕੂ ।

[੩੦] ਵਾਪਾਰ, ਖ਼ਰੀਦੋ-ਫ਼ਰੋਖ਼ਤ ।

[੩੧] ਇੱਕ ਪ੍ਰਕਾਰ ਦਾ ਨਸ਼ਾ, ਜੋ ਨੱਕ ਰਾਹੀਂ ਸੁੰਘ ਕੇ ਲਿਆ ਜਾਂਦਾ ਹੈ । "*ਸੂਹਾ ਪਹਿਨ ਲਏ ਨਸਵਾਰ । ਗੋਬਿੰਦ ਸਿੰਘ, ਜਮ ਕਰੈ ਖੁਆਰ ।*" (ਤਨਖਾਹਨਾਮਾ ਭਾਈ ਨੰਦ ਲਾਲ) ।

[੩੨] ਲੰਗਰ ਛੱਕਦਾ ਹੋਇਆ, ਭੋਜਨ ਕਰਦਾ ਹੋਇਆ ।

[੩੩] ਜਪੁ, ਪੰਨਾ ੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੩੪] ਤੁਰਕ ਦੀ ਇਸਤਰੀ, ਭਾਵ ਮੁਸਲਮਾਨ ਔਰਤ । ਭਾਂਵੇਂ ਲਫ਼ਜ਼ 'ਤੁਰਕ' ਇੱਕ ਕੌਮ ਵੱਲ ਸੰਕੇਤ ਕਰਦਾ ਹੈ, ਪਰ ਸਿੱਖ ਸਾਹਿਤ ਵਿੱਚ 'ਤੁਰਕ' ਦਾ ਅਰਥ 'ਮੁਸਲਮਾਨ' ਹੁੰਦਾ ਹੈ ।

[੩੫] ਸਹੁੰ, ਕਸਮ, ਸ਼ਪਥ ।

[੩੬] ਗਊ ਦਾ ਦੋਸ਼ੀ, ਭਾਵ ਗਾਂ ਦੀ ਹੱਤਿਆ ਕਰਨ ਵਾਲਾ ।

[੩੭] ਬੇਨਤੀ ਚੌਪਈ, ਪਾਖਿਆਨ ਚਰਿਤ੍ਰ, ਪੰਨਾ ੧੩੮੭, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।

ਜੋ ਗੁਰੂ ਕਾ ਸਿਖ ਹੋਇ, ਸੋ ਪਰ-ਇਸਤ੍ਰੀ ਦੇਖੇ ਨਾਹੀ[੩੮] । ਪਰ ਇਸਤ੍ਰੀਆਂ ਦੀ ਸੰਗਤ ਨਾ ਬੈਠੇ । ਬਿਆਹੁ[੩੯] ਕਰੈ ਆਪਣੇ ਬਰਨ ਆਸ਼੍ਰਮ ਕੁਲ ਦੀ ਇਸਤ੍ਰੀ ਨਾਲ ਬਰਤਨ ਕਰੇ[੪੦] । ਜਿਸ ਵਿਚ ਸਿਖ ਨੂੰ ਦਾਗ਼ ਲਗੇ[੪੧], ਸੋ ਕਰਮ ਨਾ ਕਰੇ । ਗੁਰੂ ਕਾ ਸਿਖ ਗੁਰੂ ਕਾ ਬਚਨ ਮੰਨੇ ।

ਜੋ ਗੁਰੂ ਕਾ ਸਿਖ ਹੋਇ, ਸੋ ਕੰਨਿਆ ਨ ਮਾਰੇ[੪੨] । ਅਤੇ ਨੜੀਮਾਰ[੪੩], ਕੁੜੀਮਾਰ ਨਾਲ ਨਾ ਵਰਤੇ । ਕੰਨਿਆ ਦੇ ਨਾ ਪੈਸੇ ਖਾਏ । ਸਾਖ ਗ੍ਰੰਥ ਸਾਹਿਬ ਦੀ, "*ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ, ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ ॥*"[੪੪] ਏਹ ਬਚਨ ਪੁਰੋਹਿਤਾਂ ਨੂੰ ਹੋਇਆ ਹੈ ।[੪੫]

ਗੁਰੂ ਕਾ ਸਿਖ ਕੰਨਿਆ ਆਪਣੀ, ਨੜੀਮਾਰਾਂ ਨੂੰ ਨਾ ਦੇਇ ਤੇ ਉਨ੍ਹਾਂ ਤੇ ਲੈਇ ਲਏ । ਗੁਰੂ ਕਿਆਂ ਬਚਨਾਂ ਅਨੁਸਾਰ ਪਾਹੁਲ[੪੬] ਚਰਨਾਂ ਦੀ ਪ੍ਰਮਾਣ[੪੭] ਹੈ । ਗੁਰੂ ਗ੍ਰੰਥ ਜੀ ਦੀ ਮੰਜੀ ਦਾ । ਚਰਨਾਮ੍ਰਿਤ ਵਿਚ ਪਤਾਸੇ ਪਾਏ ।

---

[੩੮] ਭਾਵ, ਪਰਾਈ ਔਰਤ ਨੂੰ ਬੁਰੀ ਨਜ਼ਰ ਨਾਲ ਨਾ ਦੇਖੇ, ਉਸ ਪ੍ਰਤੀ ਮੰਦੀ-ਭਾਵਨਾ ਨਾ ਰੱਖੇ ।

[੩੯] ਵਿਆਹ, ਸ਼ਾਦੀ ।

[੪੦] ਆਪਣੇ ਵਰਣ ਵਿੱਚ ਹੀ ਵਿਆਹ ਕਰਨ ਦੀ ਕੋਈ ਪਾਬੰਦੀ ਗੁਰਮਤਿ ਵਿੱਚ ਨਹੀਂ ਹੈ ।

[੪੧] ਕਲੰਕ ਲੱਗੇ, ਭਾਵ ਬਦਨਾਮੀ ਹੋਵੇ ।

[੪੨] ਧੀ ਦਾ ਕਤਲ ਨਾ ਕਰੇ ।

[੪੩] ਹੁੱਕਾ ਪੀਣ ਵਾਲਾ । ਹੁੱਕੇ ਦੀ ਨਲਕੀ ਨੂੰ ਨੜੀ ਆਖਦੇ ਹਨ । ਜੋ ਇਸ ਨਲਕੀ ਨੂੰ ਵਜਾਉਂਦਾ ਹੈ, ਭਾਵ ਹੁੱਕਾ ਪੀਂਦਾ ਹੈ, ਉਹ ਨੜੀਮਾਰ ਹੈ ।

[੪੪] ਆਸਾ, ਮਹਲਾ ੩, ਪਟੀ, ਪੰਨਾ ੪੩੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੪੫] ਪ੍ਰਾਚੀਨ ਭਾਰਤ ਵਿੱਚ ਬ੍ਰਾਹਮਣਾਂ ਅਤੇ ਖਤਰੀਆਂ ਦੇ ਵਿਆਹਾਂ ਵਿੱਚ ਧਾਰਮਿਕ ਰਸਮਾਂ ਲੜਕੇ ਵਾਲਿਆਂ ਦਾ ਪੁਰੋਹਿਤ ਹੀ ਨਿਭਾਉਂਦਾ ਸੀ । ਉਦਾਹਰਣ ਵਜੋਂ, 'ਰਾਮਾਇਣ' ਵਿੱਚ ਰਾਮ, ਲਕਸ਼ਮਣ, ਭਰਤ, ਸ਼ਤਰੂਘਨ ਦੇ ਵਿਆਹਾਂ ਦੀ ਰਸਮ ਉਨ੍ਹਾਂ (ਅਯੋਧਿਆ) ਦੇ ਹੀ ਰਾਜ-ਪੁਰੋਹਿਤ ਵਸ਼ਿਸ਼ਠ ਜੀ ਨੇ ਨਿਭਾਈਆਂ ਸਨ । ਪੁਰਾਤਨ ਪਰੰਪਰਾਵਾਂ ਨੂੰ ਨਿਭਾਉਂਦੇ ਚਲੇ ਆ ਰਹੇ ਕਈ ਬ੍ਰਾਹਮਣ ਅਤੇ ਖਤਰੀ ਪਰਿਵਾਰਾਂ ਵਿੱਚ ਅੱਜ ਵੀ ਲੜਕੇ ਵਾਲੇ ਹੀ ਵਿਆਹ ਦੀਆਂ ਰਸਮਾਂ ਨਿਭਾਉਣ ਲਈ ਪੁਰੋਹਿਤ ਬਾਰਾਤ ਦੇ ਨਾਲ ਹੀ ਲੈ ਕੇ ਜਾਂਦੇ ਹਨ । ਜੇ ਲੜਕੀ ਵਾਲੇ ਵੀ ਪੁਰੋਹਿਤ ਦਾ ਇੰਤਜ਼ਾਮ ਕਰਨ, ਤਾਂ ਪੁਰੋਹਿਤ ਨੂੰ ਦੱਖਣਾ ਆਦਿ ਲੜਕੇ ਵਾਲੇ ਹੀ ਦਿੰਦੇ ਹਨ । (ਕਈ ਗੁਰਸਿੱਖ ਪਰਿਵਾਰਾਂ ਵਿੱਚ ਇਹ ਪਰੰਪਰਾ ਹੈ ਕਿ ਬਾਰਾਤ ਦੇ ਨਾਲ ਗ੍ਰੰਥੀ ਸਿੰਘ ਜ਼ਰੂਰ ਜਾਂਦਾ ਹੈ, ਜੋ ਅਨੰਦ ਕਾਰਜ ਦੀ ਰਸਮ ਨਿਭਾਉਂਦਾ ਹੈ । ਜੇ ਲੜਕੀ ਵਾਲੇ ਰਾਗੀ ਸਿੰਘਾਂ ਅਤੇ ਗ੍ਰੰਥੀ ਸਿੰਘ ਦਾ ਇੰਤਜ਼ਾਮ ਕਰਨ, ਤਾਂ ਵੀ ਉਨ੍ਹਾਂ ਨੂੰ ਮਾਇਆ ਆਦਿਕ ਲੜਕੇ ਵਾਲੇ ਹੀ ਭੇਟ ਕਰਦੇ ਹਨ) । ਪੁਰੋਹਿਤ ਆਪਣੇ ਜਜਮਾਨ ਦੇ ਪਰਿਵਾਰ ਦਾ ਇੱਕ ਹਿੱਸਾ ਹੀ ਮੰਨਿਆ ਜਾਂਦਾ ਰਿਹਾ ਹੈ । ਸੁਭਾਵਿਕ ਹੀ ਹੈ ਕਿ ਪੁਰੋਹਿਤ ਆਪਣੇ ਜਜਮਾਨ ਦੀ ਬੇਟੀ ਦੇ ਵਿਆਹ ਦੇ ਸਮੇਂ ਕੋਈ ਭੇਟਾ ਨਹੀਂ ਲੈ ਸਕਦਾ, ਕਿਉਂਕਿ ਜਜਮਾਨ ਦੀ ਧੀ ਉਸ ਦੀ ਆਪਣੀ ਧੀ ਸਮਾਨ ਹੀ ਹੁੰਦੀ ਹੈ । ਸਮੇਂ ਦੇ ਬਦਲਾਉ ਨਾਲ ਕਈ ਪੁਰੋਹਿਤ ਆਪਣੇ ਇਸ ਧਾਰਮਿਕ ਫ਼ਰਜ਼ ਨੂੰ ਭੁੱਲ ਗਏ ਤੇ ਆਪਣੇ ਹੀ ਜਜਮਾਨ ਦੀ ਬੇਟੀ ਦੇ ਵਿਆਹ ਵਿੱਚ ਨਿਭਾਈਆਂ ਧਾਰਮਿਕ ਰਸਮਾਂ ਲਈ ਵੀ ਦੱਖਣਾ ਕਬੂਲ ਕਰਨ ਲੱਗੇ, ਜੋ ਕਿ ਬਿਲਕੁੱਲ ਅਨੈਤਿਕ ਹੈ । ਇਸੇ ਲਈ ਹੀ ਗੁਰੂ ਨਾਨਕ ਦੇਵ ਜੀ ਨੇ ਆਖਿਆ, "*ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ, ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ ॥*"

[੪੬] ਪਾਦ-ਜਲ; ਉਹ ਪਾਣੀ, ਜਿਸ ਨਾਲ ਪੈਰ ਧੋਤੇ ਗਏ ਹਨ ।

ਜਪੁਜੀ ਦੀਆਂ ਪੰਜ ਪਉੜੀਆਂ ਪੜ੍ਹ ਕੇ ਅਥਵਾ ਅਨੰਦ ਦੀਆਂ ਪੰਜ ਪਉੜੀਆਂ ਪੜ੍ਹ ਕੇ ਪਿਆਵੈ ।[੪੮] ਤਨਖਾਹ ਲੈਣੀ ।[੪੯]

ਗੁਰੂ ਕਾ ਸਿਖ ਸਾਕ ਸਿਖ ਨਾਲ ਕਰੈ । ਦੇਣ ਲੈਣ[੫੦] ਦਾ ਲਾਲਚ ਨਾ ਕਰੈ, ਹਾਣੁ ਦੇਖੇ[੫੧], ਹੱਡ ਸੁੱਚਾ[੫੨] ਦੇਖੇ, ਮੱਥਾ ਮਿਲਦਾ ਦੇਖ ਲਏ[੫੩] । "*ਮੂਲੁ ਜਾਣਿ ਗਲਾ ਕਰੇ ਹਾਣਿ ਲਾਏ ਹਾਣੁ ॥*"[੫੪] ਗੁਰੂ ਕਾ ਸਿਖ ਗਰੀਬ ਸਿਖ ਨਾਲ ਨਾਤਾ ਕਰੈ ਗੁਰੂ ਗੰਢ ਪਾਉਂਦਾ ਹੈ ।

ਗੁਰੂ ਕਾ ਸਿਖ ਕੇਸ ਦਾੜ੍ਹੀ ਛੰਨੀਆਂ ਨਾਈਆਂ ਦਾ ਪਾਣੀ ਸਿਰ ਨ ਪਵਾਏ ।

ਗੁਰੂ ਕਾ ਸਿਖ ਜੰਞੂ ਟਿੱਕੇ ਕੀ ਕਾਣ ਨ ਕਰੈ, ਕੇਸਧਾਰੀ ਨੂੰ ਜੰਞੂ ਟਿੱਕਾ ਕੇਸ ਹੈਨਿ, ਸਹਜਧਾਰੀ ਨੂੰ ਪਰਵਾਨ ਹੈ, ਅਗੈ ਆਪਣੀ ਭਾਵਨੀ[੫੫] । ਗੁਰੂ ਕੇ ਸਿਖ, ਸਿਖ ਨੂੰ ਜੇਕਰ ਢੰਗ-ਸੁਆਰਥ ਦਾ ਕਾਰਜ ਬਣੇ ਸੇਵਕ ਨਾਲ ਲੈਣ ਦਾ ਤਾਂ ਜੰਞੂ ਧਰ ਲਏ । ਕਾਰਜ ਕਰਕੇ ਆਪਣੀ ਭਾਵਨੀ ਨਾਲ ਉਤਾਰ ਛੋਡੇ ।[੫੬]

---

[੪੭] ਪ੍ਰਮਾਣਿਕ ।

[੪੮] 'ਪਾਹੁਲ ਚਰਨਾਂ ਦੀ ਪ੍ਰਮਾਣ ਹੈ' ਤੋਂ ਇਹ ਭਾਵ ਨਹੀਂ ਕਿ ਇਹ ਗੁਰ-ਦੀਖਿਆ ਵਜੋਂ ਪ੍ਰਮਾਣਿਕ ਹੈ । ਜਿਵੇਂ ਗੁਰਸਿੱਖ ਪਰਿਵਾਰਾਂ ਵਿੱਚ ਨਵ-ਜੰਮੇ ਬੱਚੇ ਨੂੰ ਸ੍ਰੀ ਜਪੁ ਜੀ ਸਾਹਿਬ ਪੜ੍ਹਦਿਆਂ ਕ੍ਰਿਪਾਨ ਨਾਲ ਪਤਾਸੇ ਘੋਲ ਕੇ ਤਿਆਰ ਕੀਤੇ ਜਲ ਦੀ ਗੁੜ੍ਹਤੀ ਦਿੱਤੀ ਜਾਂਦੀ ਹੈ, ਪਰ ਇਹ ਜਲ ਗੁਰ-ਦੀਖਿਆ (ਖੰਡੇ ਦਾ ਅੰਮ੍ਰਿਤ) ਦੀ ਜਗ੍ਹਾ ਨਹੀਂ ਲੈ ਸਕਦਾ; ਉਵੇਂ ਹੀ ਪੁਰਾਤਨ ਸਮੇਂ ਵਿੱਚ ਸਹਿਜਧਾਰੀਆਂ ਨੂੰ ਪਾਹੁਲ ਦਿੱਤੀ ਜਾਂਦੀ ਰਹੀ ਹੈ । ਸਹਿਜਧਾਰੀ ਉਹ ਹੈ, ਜੋ ਸਹਿਜੇ-ਸਹਿਜੇ ਸਿੱਖੀ ਦੇ ਮਾਰਗ ਵੱਲ ਆ ਰਿਹਾ ਹੈ । ਸਿੱਖ ਮਤਿ ਵਿੱਚ ਵਿਧੀ-ਵਤ ਪ੍ਰਵੇਸ਼ ਕਰਨ ਲਈ ਖੰਡੇ ਦਾ ਅੰਮ੍ਰਿਤ ਛੱਕਣਾ ਪੈਂਦਾ ਹੈ ।

[੪੯] ਤਨਖਾਹ ਉਹ ਧਰਮ-ਦੰਡ ਹੈ, ਜੋ ਕਿਸੇ ਸਿੱਖ ਨੂੰ ਉਸ ਵੱਲੋਂ ਕੀਤੀ ਕਿਸੀ ਕੁ-ਰਹਿਤ ਲਈ ਲਗਾਇਆ ਜਾਂਦਾ ਹੈ । ਸਹਿਜਧਾਰੀ ਵੀ ਜੇ ਉਸ ਲਈ ਨਿਯਤ ਰਹਿਤ ਦੀ ਉਲੰਘਣਾ ਕਰਦਾ ਹੈ, ਤਾਂ ਇਸ ਧਰਮ-ਦੰਡ ਦਾ ਭਾਗੀ ਹੈ ।

[੫੦] ਦਹੇਜ, ਵਰੀ ਤੇ ਰਿਸ਼ਤੇਦਾਰਾਂ ਆਦਿ ਨੂੰ ਦਿੱਤੇ ਜਾਣ ਵਾਲੇ ਤੋਹਫ਼ਿਆਂ ਵੱਲ ਇਸ਼ਾਰਾ ਹੈ ।

[੫੧] ਭਾਵ, ਰਿਸ਼ਤਾ ਕਰਨ ਲੱਗਿਆਂ ਇਹ ਦੇਖੇ, ਇਹ ਯਕੀਨੀ ਬਣਾਏ ਕਿ ਲੜਕਾ ਅਤੇ ਲੜਕੀ ਹਮ-ਉਮਰ ਹਨ ।

[੫੨] ਵਿਕਾਰਾਂ ਤੋਂ ਬਚੇ ਸਰੀਰ ਵਾਲਾ, ਭਾਵ ਚਰਿੱਤਰਵਾਨ ।

[੫੩] ਭਾਵ, ਗੁਣ ਅਤੇ ਸੁਭਾਵ ਆਦਿ, ਜੋ ਚਿਹਰੇ ਤੋਂ ਵੀ ਪ੍ਰਗਟ ਹੋ ਜਾਂਦੇ ਹਨ, ਮਿਲਦੇ ਹੋਣ ।

[੫੪] ਸਲੋਕ ਮਹਲਾ ੨, ਵਾਰ ਮਾਝ ਕੀ, ਪੰਨਾ ੧੪੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੫੫] ਭਾਵ, ਸਹਿਜਧਾਰੀ ਜੰਞੂ ਤੇ ਟਿੱਕਾ ਵਰਤ ਸਕਦਾ ਹੈ, ਜੇ ਅਜਿਹਾ ਕਰਨਾ ਉਸ ਨੂੰ ਚੰਗਾ ਲੱਗਦਾ ਹੈ । ਇੱਥੋਂ ਇਹ ਸਪੱਸ਼ਟ ਹੁੰਦਾ ਹੈ ਕਿ ਜੰਞੂ ਤੇ ਟਿੱਕਾ ਧਾਰਨ ਕਰਨਾ ਸਿੱਖ ਮਤਿ ਦੀ ਕੋਈ ਜ਼ਰੂਰੀ ਰਹਿਤ ਨਹੀਂ ਹੈ, ਬਲਕਿ ਜੇ ਕੋਈ ਅਜਿਹਾ ਕਰਦਾ ਹੈ, ਤਾਂ ਇਹ ਉਸ ਦੀ ਮਨ ਦੀ ਮਤਿ ਹੈ, ਜੋ ਉਸ ਨੂੰ ਚੰਗੀ ਲੱਗਦੀ ਹੈ । ਗੁਰਬਾਣੀ ਜੰਞੂ (ਜਨੇਊ ਜਾਂ ਤਗ) ਬਾਰੇ ਇਸ ਤਰ੍ਹਾਂ ਉਪਦੇਸ਼ ਦਿੰਦੀ ਹੈ, "*ਸਲੋਕੁ ਮ ੧ ॥ ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥ ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥ ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥ ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥ ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥ ੧ ॥ ਮ ੧ ॥ ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ ॥ ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ*

ਗੁਰੂ ਕਾ ਸਿਖ, ਸਿਖ ਦੀ ਟਹਲ, ਸੇਵਾ ਅਰਥ ਕਰ ਦੇਵੇ, ਅਟਕਾਇ ਨਾਹੀ । ਗੁਰੂ ਕਾ ਸਿਖ ਗਰੀਬ ਦੀ ਰਸਨਾ, ਗੁਰੂ ਕੀ ਗੋਲਕ ਜਾਣੇ ।

ਜੋ ਬ੍ਰਾਹਮਣ ਗੁਰੂ ਕਾ ਹੋਵੈ, ਤਾਂ ਉਸ ਦੀ ਸੇਵਾ-ਟਹਿਲ ਕਰਣੀ । ਦੂਣਾ ਨਫ਼ਾ । ਜੋ ਜਗਤ ਦਾ ਗੁਰੂ ਹੋਇਕੈ, ਗੁਰੂ ਸਰਨਿ ਆਵੈ ਤਾਂ ਦੂਣਾ ਮਰਾਤਬਾ ।[੫੭]

ਜੇ ਗੁਰੂ ਕੇ ਸਿਖ ਨੂੰ ਕੋਈ ਅਰਥ-ਸੰਕਟ ਬਣ ਜਾਏ ਤਾਂ ਪਿਛਲੀ ਰਾਤੀਂ[੫੮] ਜਪੁਜੀ ਦਾ ਭੋਗ ਪੰਜ ਵਾਰੀ ਪਾਏ । ਧਿਆਨ ਸਤਿਗੁਰਾਂ ਦਾ ਕਰੇ । ਸਿਖਾਂ ਪਾਸਹੁੰ ਹੱਥ ਜੁੜਾਏ। ਜਥਾ ਸ਼ਕਤਿ ਸੇਵਾ-ਟਹਲ ਕਰੈ । ਵਾਹਗੁਰੂ ਆਸਾਨ ਕਰੈ । ਸਾਖ ਗ੍ਰੰਥ ਸਾਹਿਬ ਜੀ ਦੀ, "*ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ ॥*"[੫੯] ਜੇ ਸਤਿਗੁਰੂ ਪ੍ਰਸੰਨ ਹੋਇ ਤਾਂ ਦੁਖ ਕਿਉਂ ਰਹਿਣਾ ਹੈ ?

---

*ਜੀਅ ਨਾਲਿ ॥ ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ ॥ ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ ॥ ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ ॥ ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ ॥ ੨ ॥ ਮ ੧ ॥ ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ ॥ ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ ॥ ੩ ॥ ਮ ੧ ॥ ਤਗੁ ਨ ਇੰਦ੍ਰੀ ਤਗੁ ਨ ਨਾਰੀ ॥ ਭਲਕੇ ਥੁਕ ਪਵੈ ਨਿਤ ਦਾੜੀ ॥ ਤਗੁ ਨ ਪੈਰੀ ਤਗੁ ਨ ਹਥੀ ॥ ਤਗੁ ਨ ਜਿਹਵਾ ਤਗੁ ਨ ਅਖੀ ॥ ਵੇਤਗਾ ਆਪੇ ਵਤੈ ॥ ਵਟਿ ਧਾਗੇ ਅਵਰਾ ਘਤੈ ॥ ਲੈ ਭਾੜਿ ਕਰੇ ਵੀਆਹੁ ॥ ਕਢਿ ਕਾਗਲੁ ਦਸੇ ਰਾਹੁ ॥ ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥ ਮਨਿ ਅੰਧਾ ਨਾਉ ਸੁਜਾਣੁ ॥ ੪ ॥*' (ਵਾਰ ਆਸਾ, ਪੰਨਾ ੪੭੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ।

[੫੬] ਪਿੱਛਲੀਆਂ ਤੁੱਕਾਂ ਤੋਂ ਸਪੱਸ਼ਟ ਹੈ ਕਿ ਇਹ ਰਹਿਤ ਕੇਵਲ ਸਹਿਜਧਾਰੀ ਲਈ ਹੈ, ਕਿਉਂਕਿ ਪਹਿਲਾਂ ਆਖ ਦਿੱਤਾ ਹੈ, "*ਗੁਰੂ ਕਾ ਸਿਖ ਜੰਞੂ ਟਿੱਕੇ ਕੀ ਕਾਣ ਨ ਕਰੈ*" । ਜੇ ਕੋਈ ਸੁਆਰਥ ਕਾਰਣ ਕੁੱਝ ਦੇਰ ਲਈ ਜੰਞੂ ਧਾਰਣ ਕਰਦਾ ਹੈ, ਤਾਂ ਅਜਿਹਾ ਕਰ ਕੇ ਉਹ ਆਪਣੀ ਕਮਜ਼ੋਰੀ ਨੂੰ ਹੀ ਜ਼ਾਹਰ ਕਰ ਰਿਹਾ ਹੋਵੇਗਾ । ਜੇ ਕੋਈ ਗੁਰੂ ਨੂੰ ਹੀ ਸਮਰਪਿਤ ਹੈ, ਤਾਂ ਉਹ ਅੰਮ੍ਰਿਤਧਾਰੀ ਹੋ ਕੇ ਜੰਞੂ ਤੇ ਟਿੱਕੇ ਦਾ ਹਮੇਸ਼ਾ ਲਈ ਤਿਆਗ ਕਰ ਦਏਗਾ । '*ਢੰਗ-ਸੁਆਰਥ*' ਲਈ ਜੰਞੂ ਧਾਰਣ ਕਰਨ ਵਾਲਾ ਕੇਵਲ ਇਹ ਹੀ ਸਿੱਧ ਕਰੇਗਾ ਕਿ ਉਹ ਗੁਰੂ ਨੂੰ ਪੂਰੀ ਤਰ੍ਹਾਂ ਸਮਰਪਿਤ ਨਹੀਂ ਹੈ । ਜੋ ਵੀ ਹੋਵੇ, ਇਹ ਤਾਂ ਬਿਲਕੁਲ ਸਪੱਸ਼ਟ ਹੈ ਕਿ ਗੁਰੂ ਦਾ ਸਿੱਖ ਜੰਞੂ ਅਤੇ ਟਿੱਕਾ ਧਾਰਣ ਨਹੀਂ ਕਰਦਾ ।

[੫੭] ਹਿੰਦੂ ਸਮਾਜ ਵਿੱਚ ਬ੍ਰਾਹਮਣ ਨੂੰ ਇੱਕ ਕਿਸਮ ਦਾ ਵਿਸ਼ੇਸ਼ ਦਰਜਾ ਪ੍ਰਾਪਤ ਹੈ । ਜਦੋਂ ਕੋਈ ਬ੍ਰਾਹਮਣ ਗੁਰਸਿੱਖੀ ਧਾਰਣ ਕਰਦਾ ਹੈ, ਤਾਂ ਉਹ ਆਪਣੇ ਇਸ ਵਿਸ਼ੇਸ਼ ਦਰਜੇ ਦਾ ਤਿਆਗ ਕਰਦਾ ਹੈ । ਗੁਰਸਿੱਖੀ ਧਾਰਣ ਕਰਨ ਵਿੱਚ ਉਸ ਨੂੰ ਕੋਈ ਰਾਜਨੀਤਿਕ ਜਾਂ ਸਮਾਜਿਕ ਨਫ਼ਾ ਹੋਣ ਵਾਲਾ ਨਹੀਂ ਹੈ । ਜੇ ਹਿੰਦੂ ਸਮਾਜ ਵਿੱਚ ਪ੍ਰਾਪਤ ਵਿਸ਼ੇਸ਼ ਦਰਜੇ ਦਾ ਤਿਆਗ ਕਰ ਕੇ ਉਹ ਗੁਰਸਿੱਖੀ ਧਾਰਣ ਕਰ ਰਿਹਾ ਹੈ, ਤਾਂ ਅਜਿਹਾ ਕਰਨ ਦਾ ਉਸ ਦਾ ਇੱਕੋ-ਇੱਕ ਉਦੇਸ਼ ਅਧਿਆਤਮਿਕ ਲਾਭ ਪ੍ਰਾਪਤ ਕਰਨਾ ਹੀ ਹੋਣਾ ਚਾਹੀਦਾ ਹੈ । ਨਾ ਉਹ ਕੋਈ ਦੂਣਾ ਨਫ਼ਾ ਪ੍ਰਾਪਤ ਕਰ ਰਿਹਾ ਹੈ, ਨਾ ਉਸ ਦੀ ਸੇਵਾ ਕਰਨ ਨਾਲ ਕੋਈ ਦੂਣਾ ਨਫ਼ਾ ਪ੍ਰਾਪਤ ਹੋਣ ਵਾਲਾ ਹੈ । ਗੁਰਸਿੱਖ ਦੀ ਸੇਵਾ ਕੀਤੀ ਜਾਣੀ ਚਾਹੀਦੀ ਹੈ, ਭਾਂਵੇਂ ਉਹ ਕਿਸੀ ਵੀ ਜਾਤ ਵਿੱਚੋਂ ਸਿੰਘ ਸੱਜਿਆ ਹੋਏ ।

[੫੮] ਰਾਤ ਦੇ ਪਿੱਛਲੇ ਹਿੱਸੇ ਵਿੱਚ, ਪਹਿਰ ਰਾਤ ਰਹਿੰਦੀ, ਅੰਮ੍ਰਿਤ ਵੇਲੇ ।

[੫੯] ਗਉੜੀ ਗੁਆਰੇਰੀ, ਮਹਲਾ ੪, ਪੰਨਾ ੧੬੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਗੁਰੂ ਕਾ ਸਿਖ ਗੁਰੂ ਕੇ ਸਿਖਾਂ ਨੂੰ ਪਛਾਣੈ । ਸੁਥਾਨ[੬੦] ਦਾ ਬੀਜਿਆ ਸਫਲ ਹੋਂਦਾ ਹੈ । ਗੁਰੂ ਕਾ ਸਿਖ ਵਿਚਾਰ ਵਿਚ ਬੀਜੇ । ਸਾਖ, "*ਕਲਰਿ ਖੇਤੀ ਬੀਜੀਐ, ਕਿਉ ਲਾਹਾ ਪਾਵੈ ॥*"[੬੧] ਸਾਖ, "*ਅਭਿਆਗਤ ਏਹਿ ਨ ਆਖੀਅਨਿ ਜਿਨ ਕੇ ਚਿਤ ਮਹਿ ਭਰਮੁ ॥ ਤਿਸ ਦੈ ਦਿਤੈ ਨਾਨਕਾ ਤੇਹੋ ਜੇਹਾ ਧਰਮੁ ॥*"[੬੨] "*ਖੇਤੁ ਪਛਾਣੈ ਬੀਜੈ ਦਾਨੁ ॥ ਸੋ ਖਤ੍ਰੀ ਦਰਗਹ ਪਰਵਾਣੁ ॥*"[੬੩]

ਖਤ੍ਰੀ[੬੪] ਕਿਸ ਕਾ ਨਾਮੁ ਹੈ । ਸੋ ਸੁਣੋ: ਖਤੇ ਪਾਪਾਂ ਕਾ ਨਾਮ ਹੈ । ਪਾਪਾਂ ਦਾ ਜੋ ਵੈਰੀ ਹੋਇ, ਸੋ 'ਖਤਰੀ' ਹੈ । ਗੁਰੂ ਕਾ ਸਿਖ ਲੈਣ ਵਾਲਾ, ਸੋ ਅਰਥੀ[੬੫] । ਸੋ ਭੀ ਅਰਥੀ ਧਾਨੁ ਕੁਧਾਨੁ ਕਉ ਦੇਖੈ ।[੬੬] ਜੈਸਾ ਧਾਨੁ ਖਾਈਏ, ਤੈਸੀ ਬੁਧਿ ਹੋਇਗੀ । ਸਾਖ, "*ਮਾਣਸ ਖਾਣੇ ਕਰਹਿ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ ॥*"[੬੭]

ਗੁਰੂ ਕਾ ਸਿਖ ਇਨ੍ਹਾਂ ਅੱਠਾਂ ਦੀ ਸੰਗਤਿ ਨਾ ਕਰੇ । ਇਨ੍ਹਾਂ ਦਾ ਉਪਦੇਸੁ ਨਾ ਲਏ - ਤੁਰਕ[੬੮] ੧ । ਜੋਗੀ[੬੯] ੨ । ਪੱਗ-ਲੱਥਾ[੭੦] ੩ । ਸਿਰ-ਖੁੱਥਾ[੭੧] ੪ । ਲਿਟੀਆ[੭੨] ੫ । ਧੂੜੀਆ[੭੩] ੬ । ਟੁਪੀਆ[੭੪] ੭ । ਬ੍ਰਾਹਮਣ[੭੫] ੮ । ਏਹੁ ਆਪਣਾ ਧਰਮੁ ਦਸਣਗੇ, ਅਗਲੇ ਦਾ ਖੋਹਣਗੇ ।

---

[੬੦] ਚੰਗੀ ਜਗ੍ਹਾ ।

[੬੧] ਆਸਾ, ਮਹਲਾ ੧, ਪੰਨਾ ੪੧੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੬੨] ਸਲੋਕ ਮਹਲਾ ੩, ਰਾਮਕਲੀ ਕੀ ਵਾਰ, ਪੰਨਾ ੯੪੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ । ਪੂਰਾ ਸਲੋਕ ਇਸ ਪ੍ਰਕਾਰ ਹੈ, "*ਸਲੋਕ ਮ ੩ ॥ ਅਭਿਆਗਤ ਏਹਿ ਨ ਆਖੀਅਨਿ ਜਿਨ ਕੇ ਚਿਤ ਮਹਿ ਭਰਮੁ ॥ ਤਿਸ ਦੈ ਦਿਤੈ ਨਾਨਕਾ ਤੇਹੋ ਜੇਹਾ ਧਰਮੁ ॥ ਅਭੈ ਨਿਰੰਜਨੁ ਪਰਮ ਪਦੁ ਤਾ ਕਾ ਭੂਖਾ ਹੋਇ ॥ ਤਿਸ ਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ ॥ ੧ ॥*" ਪੰਨਾ ੧੪੧੩ ਉੱਤੇ ਇਹ ਚਾਰ ਪੰਕਤੀਆਂ ਦਾ ਸਲੋਕ ਮਾਮੂਲੀ ਪਾਠ ਭੇਦ ਨਾਲ, ਪਰ ਦੋ ਸਲੋਕਾਂ ਦੇ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦੁਬਾਰਾ ਅੰਕਿਤ ਕੀਤਾ ਗਿਆ ਹੈ, "*ਅਭਿਆਗਤ ਏਹ ਨ ਆਖੀਅਹਿ ਜਿਨ ਕੈ ਮਨ ਮਹਿ ਭਰਮੁ॥ ਤਿਨ ਕੇ ਦਿਤੇ ਨਾਨਕਾ ਤੇਹੋ ਜੇਹਾ ਧਰਮ ॥੧॥ ਅਭੈ ਨਿਰੰਜਨ ਪਰਮ ਪਦੁ ਤਾ ਕਾ ਭੀਖਕੁ ਹੋਇ ॥ ਤਿਸ ਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ ॥ ੨ ॥*" ।

[੬੩] ਸਲੋਕ ਵਾਰਾਂ ਤੇ ਵਧੀਕ, ਮਹਲਾ ੧, ਪੰਨਾ ੧੪੧੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੬੪] ਉੱਚੀ ਸਮਝੀ ਜਾਂਦੀ ਇੱਕ ਜਾਤ । ਗੁਰਬਾਣੀ ਦਾ ਫ਼ੁਰਮਾਨ ਹੈ, "*ਖਤ੍ਰੀ ਸੋ ਜੁ ਕਰਮਾ ਕਾ ਸੂਰੁ ॥ ਪੁੰਨ ਦਾਨ ਕਾ ਕਰੈ ਸਰੀਰੁ ॥ ਖੇਤੁ ਪਛਾਣੈ ਬੀਜੈ ਦਾਨੁ ॥ ਸੋ ਖਤ੍ਰੀ ਦਰਗਹ ਪਰਵਾਣੁ ॥ ਲਬੁ ਲੋਭੁ ਜੇ ਕੂੜੁ ਕਮਾਵੈ ॥ ਅਪਣਾ ਕੀਤਾ ਆਪੇ ਪਾਵੈ ॥ ੧੭ ॥*" (ਸਲੋਕ ਵਾਰਾਂ ਤੇ ਵਧੀਕ, ਮਹਲਾ ੧, ਪੰਨਾ ੧੪੧੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ।

[੬੫] ਇੱਛਾ ਰੱਖਣ ਵਾਲਾ, ਲੋੜਵੰਦ ।

[੬੬] ਭਾਵ, ਲੋੜਵੰਦ ਨੂੰ ਵੀ ਕਿਸੇ ਤੋਂ ਧਨ ਆਦਿ ਦੀ ਮਦਦ ਲੈਣ ਵੇਲੇ ਇਹ ਦੇਖਣਾ ਚਾਹੀਦਾ ਹੈ ਕਿ ਉਹ ਧਰਮ ਦੀ ਕਮਾਈ ਵਿੱਚੋਂ ਹੀ ਮਦਦ ਲੈ ਰਿਹਾ ਹੈ, ਕਿਸੇ ਪਾਪ ਦੀ ਕਮਾਈ ਵਿੱਚੋਂ ਨਹੀਂ । ਦਾਨ/ਮਦਦ ਵਜੋਂ ਮਿਲਿਆ ਜ਼ਹਿਰ ਖਾਣ ਨਾਲ ਵੀ ਮੌਤ ਹੀ ਹੁੰਦੀ ਹੈ ।

[੬੭] ਮਹਲਾ ੧, ਵਾਰ ਆਸਾ, ਪੰਨਾ ੪੭੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੬੮] ਗੁਰਬਾਣੀ ਅਤੇ ਹੋਰ ਸਿੱਖ ਸਾਹਿਤ ਵਿੱਚ ਲਫ਼ਜ਼ 'ਤੁਰਕ' ਮੁਸਲਮਾਨ ਲਈ ਵਰਤਿਆ ਗਿਆ ਮਿਲਦਾ ਹੈ । ਇੱਥੇ ਭਾਵ ਹੈ ਕਿ ਮੁਸਲਮਾਨਾਂ ਦੇ ਧਾਰਮਿਕ ਆਗੂ ਦੇ ਮਜ਼ਹਬੀ-ਉਪਦੇਸ਼ ਨੂੰ ਨਾ ਮੰਨੇ, ਭਾਵ ਇਸਲਾਮ ਵਿੱਚ ਵਿਸ਼ਵਾਸ ਨਾ ਰੱਖੇ ।

ਗੁਰੂ ਕਾ ਸਿਖ 'ਪੁਜਾਰੀ'[੭੬] ਹੋਵੈ, ਗੁਰੂ ਕੀ ਅੰਸੁ ਨ ਖਾਵੈ ਅਰੁ ਨਾ ਚੁਰਾਵੈ। ਇਨ ਕੇ ਖਾਏ ਤੇ ਬੁਧਿ ਨਸ਼ਟ ਹੋਂਦੀ ਹੈ। ਮਾਨੀ[੭੭] ਕਸਬੀ[੭੮] ਆਦਿ ਭੀ ਨਾ ਹੋਵੈ। ਕਾਮੀ, ਕ੍ਰੋਧੀ, ਨਿੰਦਕ, ਅਹੰਕਾਰੀ ਭੀ ਨਾ ਹੋਵੈ। ਸਾਖ

---

[੬੯] ਗੁਰੂ-ਕਾਲ ਵਿੱਚ ਗੋਰਖਪੰਥੀ ਯੋਗੀਆਂ ਦੀ ਚੜ੍ਹਤ ਰਹੀ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਅਤੇ ਹੋਰ ਗੁਰੂ ਸਾਹਿਬਾਨ ਦੀ ਯੋਗੀਆਂ ਨਾਲ ਕਈ ਵਾਰ ਚਰਚਾ ਹੋਈ ਸੀ। ਕਈ ਮੁੱਦਿਆਂ ਉੱਤੇ ਗੁਰਮਤਿ ਅਤੇ ਗੋਰਖਪੰਥੀ ਯੋਗੀਆਂ ਦੇ ਗੰਭੀਰ ਮਤਭੇਦ ਹਨ। ਗੁਰਸਿੱਖ ਗੁਰੂ ਦੀ ਸਿੱਖਿਆ ਉੱਤੇ ਅਮਲ ਕਰਦਾ ਹੈ ਤੇ ਕਿਸੇ ਜੋਗੀ ਤੋਂ ਉਪਦੇਸ਼ ਨਹੀਂ ਲੈਂਦਾ, ਕਿਉਂਕਿ ਯੋਗ-ਮਤਿ ਦੇ ਕਈ ਉਪਦੇਸ਼ ਗੁਰੂ ਦੀ ਸਿੱਖਿਆ ਦੇ ਉਲਟ ਹਨ।

[੭੦] ਨੰਗੇ ਸਿਰ ਵਾਲਾ।

[੭੧] ਗੁਰਬਾਣੀ ਵਿੱਚ ਜੈਨ ਸਰੇਵੜਿਆਂ ਨੂੰ 'ਸਿਰ-ਖੁੱਥੇ' ਕਿਹਾ ਗਿਆ ਹੈ, ਕਿਉਂਕਿ ਇਹ ਆਪਣੇ ਸਿਰ ਦੇ ਕੇਸ ਹੱਥਾਂ ਨਾਲ ਪੁੱਟ ਦਿੰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੪੯-੧੫੦ ਉੱਤੇ ਅਜਿਹੇ ਜੈਨ-ਸਰੇਵੜਿਆਂ ਦਾ ਵਰਣਨ ਇਸ ਪ੍ਰਕਾਰ ਮਿਲਦਾ ਹੈ, "*ਸਲੋਕੁ ਮ. ੧ ॥ ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ ॥ ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ ॥ ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ ॥ ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ ॥ ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ ॥ ਅਠਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ ਅੰਨੁ ਨ ਖਾਹੀ ॥ ਸਦਾ ਕੁਚੀਲ ਰਹਹਿ ਦਿਨੁ ਰਾਤੀ ਮਥੈ ਟਿਕੇ ਨਾਹੀ ॥ ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ ॥ ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ ॥ ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁੰਲਾ ॥ ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ ॥ ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ ॥ ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ ॥ ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ ॥ ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ ॥ ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ॥ ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ ॥ ਨਾਨਕ ਸਿਰਖੁਥੇ ਸੈਤਾਨੀ ਏਨਾ ਗਲ ਨ ਭਾਣੀ ॥ ਵੁਠੈ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ ॥ ਵੁਠੈ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ ॥ ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾ ਧਨ ਦਹੀ ਵਿਲੋਵੈ ॥ ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ ॥ ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ ॥ ਨਾਨਕ ਜੇ ਸਿਰਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ ॥ ੧ ॥*" ਰਾਗ ਪ੍ਰਭਾਤੀ ਵਿੱਚ ਵੀ ਗੁਰੂ ਨਾਨਕ ਦੇਵ ਜੀ ਨੇ 'ਸਿਰਖੂਥੇ' ਲਫ਼ਜ਼ ਵਰਤਿਆ ਹੈ, "*ਬਾਰਹ ਮਹਿ ਰਾਵਲ ਖਪਿ ਜਾਵਹਿ ਚਹੁ ਛਿਅ ਮਹਿ ਸੰਨਿਆਸੀ ॥ ਜੋਗੀ ਕਾਪੜੀਆ ਸਿਰਖੂਥੇ ਬਿਨੁ ਸਬਦੈ ਗਲਿ ਫਾਸੀ ॥*" (ਪੰਨਾ ੧੩੩੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

[੭੨] ਕੇਸਾਂ ਦੀਆਂ ਲਿਟਾਂ ਬਣਾਉਣ ਵਾਲਾ, ਜਟਾਧਾਰੀ।

[੭੩] ਆਪਣੇ ਸਰੀਰ ਉੱਤੇ ਧੂੜ ਤੇ ਭਸਮ ਆਦਿ ਮਲਣ ਵਾਲਾ।

[੭੪] ਸਿਰ ਉੱਤੇ ਟੋਪੀ ਧਾਰਣ ਕਰਨ ਵਾਲਾ। "*ਟੋਪੀ ਦੇਖਿ ਨਿਵਾਵਹਿ ਸੀਸ। ਸੋ ਸਿਖ ਨਰਕੀ ਬਿਸਵੈ ਬੀਸ।*" ('ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ')। ਸਿੱਖ ਖ਼ੁਦ ਵੀ ਟੋਪੀ ਧਾਰਣ ਨਹੀਂ ਕਰਦਾ, "*ਹੋਇ ਸਿਖ ਸਿਰ ਟੋਪੀ ਧਰੈ। ਸਾਤ ਜਨਮ ਕੁਸ਼ਟੀ ਹੋਇ ਮਰੈ।*" ('ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ')।

[੭੫] ਬ੍ਰਾਹਮਣ ਮਤਿ ਦਾ ਧਾਰਨੀ। ਵੇਦਾਂ ਦਾ ਹਿੱਸਾ ਸਮਝੇ ਜਾਂਦੇ ਗ੍ਰੰਥ, ਜਿਨ੍ਹਾਂ ਨੂੰ 'ਬ੍ਰਾਹਮਣ' ਆਖਿਆ ਜਾਂਦਾ ਹੈ, ਦੇ ਕਰਮ-ਕਾਂਡ ਨੂੰ ਮੰਨਣ ਵਾਲਾ। "*ਛੇ ਦਰਸਨ ਕੀ ਜੋ ਮਤ ਧਾਰੈ। ਕੁਲ ਸੰਬੂਹ ਲੈ ਨਰਕ ਸਿਧਾਰੈ।*" ('ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ')।

[੭੬] ਗ੍ਰੰਥੀ।

[੭੭] ਅਭਿਮਾਨੀ, ਹੰਕਾਰੀ।

[੭੮] ਐਬੀ, ਵਿਕਾਰੀ।

ਗ੍ਰੰਥ ਸਾਹਿਬ ਦੀ, "*ਅਵਖਧ ਸਭੇ ਕੀਤਿਅਨੁ ਨਿੰਦਕ ਕਾ ਦਾਰੂ ਨਾਹਿ ॥*"[੭੯] ਹੋਰ ਸਾਖ, "*ਮਨ ਮੇਰੇ ਭੂਲੇ ਕਪਟੁ ਨ ਕੀਜੈ ॥ ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥*"[੮੦] ਦਾਨ ਕੀ ਅੰਸੁ ਅਧਿਕਾਰੀ ਨੂੰ ਜੋਗ ਹੈ ।

ਗੁਰੂ ਕਾ ਸਿਖ ਆਪ ਕਉ 'ਭਾਈ', 'ਮਹੰਤ' ਨਾ ਅਖਾਏ । ਸਾਖ, "*ਆਪਸ ਕਉ ਜੋ ਭਲਾ ਕਹਾਵੈ ॥ ਤਿਸਹਿ ਭਲਾਈ ਨਿਕਟਿ ਨ ਆਵੈ ॥*"[੮੧] ਕਪਟੀ ਨਾ ਹੋਵੈ । ਇਸ ਮਾਨ-ਵਡਿਆਈ ਨੇ ਮਸੰਦਾਂ ਦਾ ਨਾਸ ਕੀਤਾ ਹੈ ।

ਗੁਰੂ ਕਾ ਸਿਖ, ਜੇ ਕਿਸੇ ਸਿਖ ਦੇ ਕੰਮ ਵਿਚ ਹੋਵੈ, ਅਥਵਾ ਧਰਮਸਾਲਾ ਵਿਚ ਹੋਵੈ, ਸੋ ਗੁਰੂ ਕੇ ਸਿਖ ਦੀ ਅੰਸੁ[੮੨] ਸੁਥਾਨ ਲਾਏ[੮੩] । ਬਿਕਾਰਾਂ ਵਿਚ ਨਾ ਲਗਾਏ । ਸਾਖ ਗ੍ਰੰਥ ਸਾਹਿਬ ਦੀ, "*ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥*"[੮੪]

ਗੁਰੂ ਕੇ ਸਿਖ ਜਿਥੇ ਪੰਜ ਸੱਤ ਰਲਿ ਬੈਠਣ, ਉਥੈ ਗੁਰੂ ਕੀ ਚਰਚਾ ਵਾਰਤਾ ਕਰਨ । ਸਾਖ, "*ਜਹ ਸਾਧ ਸੰਤਨ ਹੋਵਹਿ ਇਕਤ੍ਰ ॥ ਤਹ ਹਰਿ ਜਸੁ ਗਾਵਹਿ ਨਾਦ ਕਵਿਤ ॥*" [੮੫]

ਗੁਰੂ ਕਾ ਸਿਖ ਕੇਸਧਾਰੀ ਅਥਵਾ ਸਹਜਧਾਰੀ ਆਪਣਾ ਗੁਰੂ ਛਡ ਕੇ, ਹੋਰ ਭਾਵੇਂ ਕੇਹਾ ਹੋਇ, ਗੁਰੂ ਨਾ ਧਾਰੈ । ਕਿਸੇ ਦੇ ਕਹੇ ਕਹਾਏ ਚੰਗੇ-ਮੰਦੇ ਭੂਲੈ ਨਾਹੀਂ । ਸਾਖ ਗ੍ਰੰਥ ਜੀ ਦੀ, "*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥*"[੮੬]

ਗੁਰੂ ਕਾ ਸਿਖ ਕਿਸੇ ਸਿਖ ਨੂੰ ਕਲਪਾਏ ਨਾਹੀਂ । ਸਿਖ ਦੀ ਮਾਰ ਗੁਰੂ ਨਾਲਹੁੰ ਡਾਢੀ ਹੈ । ਸਾਖ, "*ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥ ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥*"[੮੭]

---

[੭੯] ਸਲੋਕ, ਮਹਲਾ ੫, ਗਉੜੀ ਕੀ ਵਾਰ, ਪੰਨਾ ੩੧੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੮੦] ਸੋਰਠਿ, ਕਬੀਰ, ਪੰਨਾ ੬੫੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੮੧] ਗਉੜੀ, ਸੁਖਮਨੀ, ਮਹਲਾ ੫, ਪੰਨਾ ੨੭੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੮੨] ਹਿਸਾ, ਭਾਗ, ਇੱਥੇ ਅਰਥ ਹੈ ਆਪਣੀ ਕਮਾਈ ਵਿੱਚੋਂ ਧਰਮ-ਕਾਰਜਾਂ ਲਈ ਕੱਢਿਆ ਹਿੱਸਾ ।

[੮੩] ਚੰਗੀ ਥਾਂ ਖ਼ਰਚੇ, ਭਾਵ ਕਿਸੇ ਸਿੱਖ ਵੱਲੋਂ ਦਿੱਤੇ ਗਏ ਧਨ ਦੀ ਸੁਯੋਗ ਵਰਤੋਂ ਕਰੇ । ਸਿੱਖ-ਸੰਗਤਾਂ ਦੇ ਧਨ ਦੀ ਵਰਤੋਂ ਕਰਨ ਵਾਲੇ ਗੁਰਦੁਆਰਾ-ਪ੍ਰਬੰਧਕਾਂ, ਸਿੱਖ ਸੰਸਥਾਂਵਾਂ ਦੇ ਪ੍ਰਬੰਧਕਾਂ, ਡੇਰੇਦਾਰਾਂ, ਮਹੰਤਾਂ ਆਦਿ ਨੂੰ ਇਹ ਉਪਦੇਸ਼ ਗ੍ਰਹਿਣ ਕਰਨਾ ਚਾਹੀਦਾ ਹੈ । ਸਿੱਖ-ਸੰਗਤ ਦੇ ਧਨ ਦੀ ਦੁਰ-ਵਰਤੋਂ ਕਰਨ ਵਾਲੇ ਭ੍ਰਿਸ਼ਟ ਮਸੰਦਾਂ ਦੇ ਵਾਰਿਸ ਹੀ ਸਮਝੇ ਜਾਣੇ ਚਾਹੀਦੇ ਹਨ । ਆਮ ਸਿੱਖਾਂ ਨੂੰ ਵੀ ਚਾਹੀਦਾ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਉਨ੍ਹਾਂ ਵੱਲੋਂ ਦਿੱਤੇ ਗਏ ਧਨ ਦੀ ਸੁਯੋਗ ਵਰਤੋਂ ਹੋਏ ।

[੮੪] ਸਲੋਕ ਮਹਲਾ ੧, ਵਾਰ ਆਸਾ, ਪੰਨਾ ੪੭੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੮੫] ਧਨਾਸਰੀ ਮਹਲਾ ੫, ਪੰਨਾ ੬੭੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੮੬] ਬਾਰਹ ਮਾਹਾ, ਮਾਂਝ, ਮਹਲਾ ੫, ਪੰਨਾ ੧੩੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੮੭] ਸਾਰੰਗ, ਭਗਤ ਨਾਮਦੇਵ ਜੀ, ਪੰਨਾ ੧੨੫੨-੫੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਗੁਰੂ ਕਾ ਸਿਖ ਜੋ ਗੁਰਾਂ ਕੇ ਅਸਥਾਨ ਪਰ ਬੈਠਾ ਹੋਇਗਾ[੮੮], ਤਾਂ ਐਸਾ ਸੁਭਾਵ ਰਖੇ, ਜੋ ਸਦਾ ਦਿਆਲ ਕਿਰਪਾਲ ਦਇਆ ਸੰਜੁਗਤ ਹੋਇ। ਕ੍ਰਿਪਨ[੮੯] ਨਾ ਹੋਇ। ਸੰਗ੍ਰਹਿ ਨਾ ਕਰਦਾ ਜਾਏ[੯੦]।

ਗੁਰੂ ਕਾ ਸਿਖ ਸਿਰੀ ਸਾਹਿਬ[੯੧] ਦਾ ਅਦਬ ਕਰੇ, ਪੂਜਾ ਕਰੈ[੯੨]। ਆਪਿ ਸਾਹਿਬ ਪੂਜਾ ਕੀਤੀ ਹੈ। ਗੁਰੂ ਕਾ ਸਿਖ ਕਰਦ[੯੩] ਭੇਟ ਕੀਏ ਬਿਨਾਂ ਪ੍ਰਸਾਦਿ ਨ ਛਕੇ।

ਗੁਰੂ ਕਾ ਸਿਖ ਦਾਨ-ਪੁੰਨ, ਪ੍ਰਸਾਦਿ ਪੁਰਬ, ਜੋਰ ਜੋ ਕਿਛੁ ਕਰੇ, ਗੁਰੂ ਕੇ ਅਰਥ[੯੪]। ਸੋ ਮਾਨੀ[੯੫] ਹੋਇਕੇ ਮੂੰਹੋ ਨ ਆਖੇ। ਹੌਲਾ ਹੋਛਾ ਨਾ ਹੋਇ।[੯੬] ਸਾਖ, "*ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ ॥*"[੯੭]

---

[੮੮] ਭਾਵ ਗੁਰਦੁਆਰੇ ਦਾ ਪ੍ਰਬੰਧ ਕਰਨ ਵਾਲਾ।

[੮੯] ਕੰਜੂਸ। ਲਫ਼ਜ਼ 'ਕਿਰਪਨ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅਨੇਕ ਵਾਰ ਵਰਤਿਆ ਗਿਆ ਹੈ, ਉਦਾਹਰਣ ਵਜੋਂ, "*ਕਾਮਿ ਕਰੋਧਿ ਮੋਹਿ ਵਸਿ ਕੀਆ ਕਿਰਪਨ ਲੋਭਿ ਪਿਆਰੁ ॥*" (ਸਿਰੀਰਾਗੁ ਮਹਲਾ ੫, ਪੰਨਾ ੭੦), "ਗੋਬਿਦ ਭਜਨ ਬਿਨੁ ਬ੍ਰਿਥੇ ਸਭ ਕਾਮ ॥ ਜਿਉ ਕਿਰਪਨ ਕੇ ਨਿਰਾਰਥ ਦਾਮ ॥" (ਗਉੜੀ ਸੁਖਮਨੀ, ਮਹਲਾ ੫, ਪੰਨਾ ੨੬੯), "*ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥*" (ਸਲੋਕੁ ਮਹਲਾ ੧, ਰਾਮਕਲੀ ਕੀ ਵਾਰ, ਪੰਨਾ ੯੫੪), "*ਕਿਰਪਨ ਕਉ ਅਤਿ ਧਨ ਪਿਆਰੁ ॥*" (ਬਸੰਤੁ ਮਹਲਾ ੫, ਪੰਨਾ ੧੧੮੦)।

[੯੦] ਭਾਵ ਇਕੱਠੇ ਹੋਏ ਧਨ ਨੂੰ ਲੋੜਵੰਦਾਂ ਵਿੱਚ ਵੰਡੇ ਜਾਂ ਗੁਰਮਤਿ ਦੇ ਪ੍ਰਚਾਰ ਲਈ ਖ਼ਰਚ ਕਰੇ, ਕੇਵਲ ਜਮ੍ਹਾਂ ਹੀ ਨਾ ਕਰਦਾ ਜਾਏ। ਗੁਰਬਾਣੀ ਹੁਕਮ ਕਰਦੀ ਹੈ ਕਿ ਮਿਹਨਤ ਦੀ ਕਮਾਈ ਹੋਰਨਾਂ ਵਿੱਚ ਵੀ ਵੰਡੀ ਜਾਣੀ ਚਾਹੀਦੀ ਹੈ, "*ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥*" (ਸਲੋਕੁ ਮ: ੧, ਪੰਨਾ ੧੨੪੫, ਸਾਰੰਗ ਕੀ ਵਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)। ਇਹ ਹੀ ਸਿੱਖੀ ਦਾ 'ਸਮਾਜਵਾਦ' ਹੈ। ਸਿੱਖ ਇੱਕ ਸਭਿਅਕ ਸਮਾਜ ਦਾ ਹਿੱਸਾ ਹੋਣ ਕਰਕੇ ਸਮਾਜ ਦੇ ਲੋੜਵੰਦ ਤਬਕਿਆਂ ਦਾ ਪੂਰਾ-ਪੂਰਾ ਖ਼ਿਆਲ ਰੱਖਦਾ ਹੈ। ਆਪਣੀ ਮਿਹਨਤ ਦੀ ਕਮਾਈ ਨੂੰ ਲੋੜਵੰਦਾਂ ਵਿੱਚ ਵੰਡ ਕੇ ਉਹ ਆਪਣੀ ਸਮਾਜਿਕ ਜ਼ਿੰਮੇਵਾਰੀ ਨੂੰ ਬਾਖ਼ੂਬੀ ਨਿਭਾਉਂਦਾ ਹੈ। ਵੰਡ ਕੇ ਛੱਕਣ ਦੇ ਹੁਕਮ ਦੀ ਪਾਲਣਾ ਕਰਦਿਆਂ ਇੱਕ ਸਿੱਖ ਆਪਣੀ ਕਮਾਈ ਦਾ ਦਸਵਾਂ ਹਿੱਸਾ ਗੁਰੂ ਅੱਗੇ ਅਰਪਣ ਕਰਦਾ ਹੈ। ਇਸ ਹਿੱਸੇ ਨੂੰ 'ਦਸਵੰਧ' ਆਖਿਆ ਜਾਂਦਾ ਹੈ। ਸਿੱਖਾਂ ਵੱਲੋਂ ਇਕਠੇ ਹੋਏ ਦਸਵੰਧ ਨੂੰ ਗੁਰਮਤਿ ਅਨੁਸਾਰ ਖ਼ਰਚਣਾ ਚਾਹੀਦਾ ਹੈ। ਸਿੱਖ ਨੂੰ ਆਪਣਾ ਦਸਵੰਧ ਅਜੋਕੇ ਮਸੰਦਾਂ ਨੂੰ ਅਰਪਣ ਨਹੀਂ ਕਰਨਾ ਚਾਹੀਦਾ, ਜੋ ਸੰਗਤ ਦੇ ਧਨ ਦੀ ਦੁਰ-ਵਰਤੋਂ ਕਰਕੇ ਸਿੱਖੀ ਨੂੰ ਬਦਨਾਮ ਕਰਦੇ ਹਨ। ਅਪਰਾਧੀ ਨੂੰ ਧਨ ਦੇਣਾ ਵੀ ਇੱਕ ਅਪਰਾਧ ਹੀ ਹੈ। ਦਸਵੰਧ ਦੇਣ ਲੱਗਿਆਂ ਇਸ ਗੱਲ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਦਿੱਤਾ ਗਿਆ ਧਨ ਗੁਰਮਤਿ ਅਨੁਸਾਰ ਹੀ ਖ਼ਰਚਿਆ ਜਾਏ।

[੯੧] ਕਿਰਪਾਨ, ਤਲਵਾਰ।

[੯੨] ਹਥਿਆਰਾਂ ਦਾ ਅਦਬ ਕਰਨ ਨਾਲ ਸਾਨੂੰ ਇਹ ਪ੍ਰੇਰਣਾ ਮਿਲਦੀ ਹੈ ਕਿ ਸ਼ਸਤਰਾਂ ਦੀ ਵਰਤੋਂ ਕੇਵਲ ਸ਼ੁਭ ਕੰਮਾਂ ਲਈ ਹੀ ਕਰਨੀ ਚਾਹੀਦੀ ਹੈ, ਨਾ ਕਿ ਕਿਸੇ ਮਜ਼ਲੂਮ ਨੂੰ ਸਤਾਉਣ ਲਈ।

[੯੩] ਕਾਰਦ, ਕਿਰਪਾਨ।

[੯੪] ਗੁਰੂ ਨਮਿੱਤ, ਗੁਰੂ ਲਈ।

[੯੫] ਅਭਿਮਾਨੀ, ਹੰਕਾਰੀ।

[੯੬] ਭਾਵ ਦਾਨ ਆਦਿ ਕਰਨ ਲੱਗਿਆਂ ਕੇਵਲ ਇਹ ਹੀ ਭਾਵਨਾ ਮਨ ਵਿੱਚ ਰੱਖੇ ਕਿ ਮੈਂ ਇਹ ਸਭ ਆਪਣੇ ਗੁਰੂ ਦੇ ਹੁਕਮ ਦੀ ਪਾਲਣਾ ਕਰਨ ਲਈ ਹੀ ਕਰ ਰਿਹਾ ਹਾਂ। ਕਿਸੇ ਦੀ ਮਦਦ ਕਰਨ ਲੱਗਿਆਂ ਇਹ ਨਹੀਂ ਸੋਚਣਾ ਚਾਹੀਦਾ ਕਿ ਮੈਂ ਇਸ ਦੀ ਮਦਦ

ਗੁਰੂ ਕਾ ਸਿਖ ਜਗਿਆਸੀ[੯੮] ਹੋਇ । ਸੋ ਨਿਰਵੈਰ, ਨਿਹਕਾਮ[੯੯], ਨਿਰਮਾਨ[੧੦੦], ਨਿਰਲੋਭ, ਹਿੰਸਾ ਤੇ ਰਹਿਤ, ਦੁਨੀਆਂ ਦੇ ਪਦਾਰਥਾਂ ਨਾਲ ਹੇਤ[੧੦੧] ਨਾ ਕਰੇ । ਗੁੱਸਾ ਮੂਲ ਨ ਕਰੈ । ਪ੍ਰਮਾਣ, "*ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆਂ ਅਗਿ ॥ ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ ॥*"[੧੦੨]

ਗੁਰੂ ਕਾ ਸਿਖ ਸਹਜਧਾਰੀ, ਭੱਦਣ[੧੦੩] ਨਾ ਕਰਾਏ । ਜੋ ਕੋਈ ਸਿਖ ਸਬੰਧੀ ਚਲਿ ਜਾਏ[੧੦੪], ਸ਼ਬਦ ਕੀਰਤਨ ਕਰਾਏ । ਜਥਾ ਸ਼ਕਤਿ ਪ੍ਰਸਾਦ ਲੈ ਜਾਏ । ਇਸ਼ਨਾਨ ਕਰਕੇ ਪ੍ਰਸਾਦ ਵਰਤਾਏ, ਸੋਗ ਭੰਨਿ ਆਵਣਾ[੧੦੫], ਕ੍ਰਿਆ-ਕਰਮ ਆਪਣੀ ਭਾਵਨਾ । ਹਰਿ ਸਰ ਫੁਲ ਪਾਏ[੧੦੬] । ਕਥਾ ਕੀਰਤਨ ਹੋਂਦੇ ਰਹਿਣ । ਗ੍ਰੰਥ ਜੀ ਕਾ ਭੋਗ ਪਵਾਏ । ਦਿਨਾਂ ਦਸਾਂ ਯਾਰਾਂ ਵਿਖੇ, ੧੬ ਤਥਾ ੧੭ ਦਿਨਾਂ ਵਿਖੇ ਪਾਠ ਕਰਾਏ । ਹੋਰ ਜਗਤ-ਚਾਲ ਪੁੰਨ ਦਾਨ ਕਰਾਏ, ਪ੍ਰਾਣੀ ਦੇ ਵਾਸਤੇ, ਪਿਛੇ ਜੋੜ-ਪੁਰਬ ਕਰੇ ਜਥਾ ਸ਼ਕਤਿ ਸਿਖਾਂ ਦੇ ਹੱਥ ਧੁਆਏ, ਪ੍ਰਸਾਦਿ ਕਰਵਾਏ ।

---

ਕਰ ਰਿਹਾਂ, ਬਲਕਿ ਇਹ ਭਾਵ ਰੱਖੇ ਕਿ ਮੈਂ ਕੇਵਲ ਆਪਣੇ ਗੁਰੂ ਦਾ ਹੁਕਮ ਮੰਨ ਰਿਹਾ ਹਾਂ । ਆਪਣੇ ਵੱਲੋਂ ਕੀਤੇ ਦਾਨ ਆਦਿ ਨੂੰ ਗਿਣਨਾ ਹੋਛੀ ਹਰਕਤ ਹੈ । ਅਜਿਹਾ ਕਰਨਾ ਆਪਣੇ ਹੰਕਾਰ ਦਾ ਪ੍ਰਗਟਾਵਾ ਕਰਨਾ ਹੈ, ਜਿਸ ਦੀ ਨਿਖੇਧੀ ਗੁਰਬਾਣੀ ਇਵੇਂ ਕਰਦੀ ਹੈ, "*ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥ ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥*" (ਸਲੋਕ ਮਹਲਾ ੯, ਪੰਨਾ ੧੪੨੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) । ਕੁੰਚਰ ਹਾਥੀ ਨੂੰ ਕਹਿੰਦੇ ਹਨ । ਹਾਥੀ ਪਾਣੀ ਵਿੱਚ ਖ਼ੂਬ ਨਹਾਉਂਦਾ ਹੈ, ਪਰ ਅਖ਼ੀਰ ਵਿੱਚ ਉਹ ਆਪਣੇ ਸਰੀਰ ਉੱਤੇ ਮਿੱਟੀ ਖੇਹ ਪਾਉਂਦਾ ਹੈ । ਇੱਥੋਂ ਹੀ 'ਕੁੰਚਰ ਇਸ਼ਨਾਨ' ਦੀ ਕਹਾਵਤ ਬਣੀ ਹੈ । ਦਾਨ ਅਤੇ ਹੋਰ ਧਾਰਮਿਕ ਕੰਮ ਕਰਕੇ ਉਨ੍ਹਾਂ ਨੂੰ ਗਿਣਨ ਵਾਲਾ ਵੀ 'ਕੁੰਚਰ ਇਸ਼ਨਾਨ' ਹੀ ਕਰਦਾ ਹੈ । ਧਾਰਮਿਕ ਅਸਥਾਨਾਂ ਵਿੱਚ ਲੱਗੀਆਂ ਦਾਨੀਆਂ ਦੇ ਨਾਮ ਵਾਲੀਆਂ ਸੂਚੀਆਂ 'ਕੁੰਚਰ ਇਸ਼ਨਾਨ' ਦੀਆਂ ਵਧੀਆ ਉਦਾਹਰਣਾਂ ਹਨ ।

[੯੭] ਵਾਰ ਆਸਾ, ਮਹਲਾ ੧, ਪੰਨਾ ੪੬੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੯੮] ਜਿਗਿਆਸੂ, ਜਾਣਨ ਦੀ ਇੱਛਾ ਰੱਖਣ ਵਾਲਾ ।

[੯੯] ਕਾਮਨਾ-ਰਹਿਤ, ਇੱਛਾ-ਰਹਿਤ ।

[੧੦੦] ਨਿਮਰ, ਹੰਕਾਰ-ਰਹਿਤ ।

[੧੦੧] ਮੋਹ, ਪਿਆਰ ।

[੧੦੨] ਸਲੋਕ, ਮਹਲਾ ੧, ਵਾਰ ਮਾਝ ਕੀ, ਪੰਨਾ ੧੪੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੧੦੩] ਮੁੰਡਨ ।

[੧੦੪] ਅਕਾਲ ਚਲਾਣਾ ਕਰ ਜਾਏ, ਮਰ ਜਾਏ ।

[੧੦੫] ਸੋਗ ਦੂਰ ਕਰਨਾ, ਭਾਵ ਸੋਗ ਨਹੀਂ ਕਰਨਾ ।

[੧੦੬] ਗੰਗਾ ਨੂੰ ਹਰਿਸਰ ਆਖਿਆ ਗਿਆ ਹੈ । ਰਾਮਕਲੀ ਰਾਗ ਵਿੱਚ ਸੁੰਦਰ ਜੀ ਰਚਿਤ 'ਸਦੁ' ਵਿੱਚ ਅੰਕਿਤ ਹੈ, "*ਪਿੰਡੁ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ ॥*" (ਪੰਨਾ ੯੨੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) । ਮ੍ਰਿਤਕ ਸਰੀਰ ਨੂੰ ਜਲਾਉਣ ਉਪਰੰਤ ਬਾਕੀ ਬਚੀਆਂ ਅੱਧ-ਜਲੀਆਂ ਹੱਡੀਆਂ ਨੂੰ ਆਮ ਬੋਲਚਾਲ ਵਿੱਚ 'ਫੁੱਲ' ਕਿਹਾ ਜਾਂਦਾ ਹੈ । ਆਮ ਤੌਰ 'ਤੇ ਇਹ ਫੁੱਲ ਕਿਸੇ ਵਗਦੇ ਪਾਣੀ, ਜਿਵੇਂ ਦਰਿਆ ਆਦਿ, ਵਿੱਚ ਵਹਾ ਦਿੱਤੇ ਜਾਂਦੇ ਹਨ । ਕਈ ਸਿੱਖ ਗੁਰਦੁਆਰਾ ਪਤਾਲਪੁਰੀ ਸਾਹਿਬ, ਕੀਰਤਪੁਰ ਸਾਹਿਬ ਨੇੜੇ ਵਹਿੰਦੇ ਸਤਿਲੁਜ ਦਰਿਆ ਦੇ ਪਾਣੀ ਵਿੱਚ ਫੁੱਲ ਪ੍ਰਵਾਹਿਤ ਕਰਦੇ ਹਨ । ਕਈ ਹਰਿਦੁਆਰ ਸ਼ਹਿਰ ਵਿੱਚ ਗੰਗਾ ਦਰਿਆ ਵਿੱਚ ਵੀ ਫੁੱਲ ਪ੍ਰਵਾਹਿਤ ਕਰਦੇ ਹਨ । ਗੁਰਮਤਿ ਅਨੁਸਾਰ ਗੰਗਾ ਵਿੱਚ ਫੁੱਲ ਪਾਉਣ ਦਾ ਕੋਈ ਵਿਸ਼ੇਸ਼ ਮਹੱਤਵ ਨਹੀਂ ਹੈ ।

ਜੋ ਪ੍ਰਾਣੀ ਦਾ ਵਾਸਾ ਸਤਿ ਸੰਗਤਿ ਵਿਖੇ ਹੋਇ ਜੋ ਗੁਰੂ ਕਾ ਸਿਖ ਪਿਛੈ ਸਰਾਧ ਖਿਆਹ ਕਰੈ ।[੧੦੭] ਸੋ ਪ੍ਰਾਨੀ ਸਿਖ ਹੋਇ ਤਾਂ ਸਿਖ ਨੂੰ ਪੂਜੈ, ਦਾਨ ਅਧਿਕਾਰੀ[੧੦੮] ਨੂੰ ਦੇਵੈ । ਸਿਖ ਦੇ ਨਾਮ ਦੀ ਪਰਸਾਦੀ[੧੦੯] ਧਰਮਸਾਲਾ ਅਥਵਾ ਅਧਿਕਾਰੀ ਨੂੰ ਦੇਵੈ ।

ਗੁਰੂ ਕਾ ਸਿਖ ਕਿਰਤ ਦੇ ਨਫ਼ੇ ਵਿਚਹੁੰ ਦਸਵੰਧ[੧੧੦] ਗੁਰੂ ਕਾ ਦੇਵੈ । ਗੁਰੂ ਕੇ ਅਰਥ ਲਗਾਏ । ਪਰਸਾਦਿ ਛਕਾਏ[੧੧੧] । ਹਜ਼ੂਰ ਸਿਰੀ ਵਾਹਗੁਰੂ ਪੂਰਨ ਪੁਰਖ ਜੀ[੧੧੨] ਦੇ ਅੱਗੇ ਇਕ ਸਿਖ ਨੇ ਬੇਨਤੀ ਕਰੀ 'ਜੀ ਸਚੇ ਪਾਤਸ਼ਾਹ, ਮੇਰੇ ਬੇਟੀ ਕਾ ਸੁਆਰਥ ਹੈ ਜੀ[੧੧੩] । ਮੇਰੇ ਹੱਥ ਪੱਲੇ ਸੋ ਤੁਹਾਨੂੰ ਮਲੂਮ ਹੈ ।'

ਬਚਨੁ ਹੋਆ, 'ਸਾਕ ਕਿਸ ਨਾਲ ਕੀਤਾ ਹਈ ?' 'ਜੀ, ਸਿਖ ਨਾਲ ।' ਤਾਂ ਬਚਨ ਹੋਆ, 'ਧਰਮਚੰਦ ਖ਼ਜ਼ਾਨਚੀ, ਵਿਚ ਬੈਠ ਕੇ ਸਿਖ ਦਾ ਕਾਰਜ ਉਜਲਾ ਕਰ ਦੇਣਾ ।' ਤਾਂ ਧਰਮਚੰਦ ਵੀ ਆਪ ਬੈਠ ਕੇ ਜੋ ਲਗਾ ਸੋ ਸਿਰਕਾਰੋਂ[੧੧੪] ਲਾਇਕੈ ਕਾਰਜ ਕਰ ਦਿਤਾ । ਉਸ ਸਿਖ ਆਪਣਾ ਪਰਸਾਦੀ ਦਾ ਲੋਭ ਭੀ ਨਾ ਕੀਤਾ[੧੧੫] । ਗੁਰੂ ਕਾ ਸਿਖ ਗੁਰੂ ਕੀ ਅੰਸੁ[੧੧੬] ਤੇ ਡਰਿਆ ।[੧੧੭]

ਗੁਰੂ ਕਾ ਸਿਖ ਜੂਠਾ ਕਰਕੇ ਕਿਸੇ ਨੂੰ ਭੋਜਨ ਨਾ ਦੇਵੈ ।

---

[੧੦੭] ਗੁਰਬਾਣੀ ਸ਼੍ਰਾਧ ਆਦਿ ਦਾ ਪ੍ਰਤੱਖ ਰੂਪ ਵਿੱਚ ਖੰਡਨ ਕਰਦੀ ਹੈ, "*ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ ॥ ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ॥ ੧ ॥ ਮੋ ਕਉ ਕੁਸਲੁ ਬਤਾਵਹੁ ਕੋਈ ॥ ਕੁਸਲੁ ਕੁਸਲੁ ਕਰਤੇ ਜਗੁ ਬਿਨਸੈ ਕੁਸਲੁ ਭੀ ਕੈਸੇ ਹੋਈ ॥ ੧ ॥ ਰਹਾਉ ॥ ਮਾਟੀ ਕੇ ਕਰਿ ਦੇਵੀ ਦੇਵਾ ਤਿਸੁ ਆਗੈ ਜੀਉ ਦੇਹੀ ॥ ਐਸੇ ਪਿਤਰ ਤੁਮਾਰੇ ਕਹੀਅਹਿ ਆਪਨ ਕਹਿਆ ਨ ਲੇਹੀ ॥ ੨ ॥*" (ਰਾਗ ਗਉੜੀ ਬੈਰਾਗਣਿ ਕਬੀਰ ਜੀ, ਪੰਨਾ ੩੩੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ।

[੧੦੮] ਯੋਗ ਵਿਅਕਤੀ ।

[੧੦੯] ਪਰਸ਼ਾਦਾ, ਰੋਟੀ, ਭੋਜਨ ।

[੧੧੦] ਆਪਣੀ ਕਿਰਤ-ਕਮਾਈ ਦਾ ਦਸਵਾਂ ਹਿੱਸਾ ਦਸਵੰਧ ਕਿਹਾ ਜਾਂਦਾ ਹੈ ।

[੧੧੧] ਪ੍ਰਸ਼ਾਦਾ ਛਕਾਏ, ਭੋਜਨ ਕਰਾਏ ।

[੧੧੨] ਭਾਵ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ।

[੧੧੩] ਭਾਵ, ਅਨੰਦ-ਕਾਰਜ/ਵਿਆਹ ਹੈ ।

[੧੧੪] ਸੱਚੀ ਸਰਕਾਰ ਦੇ ਧਨ ਨਾਲ, ਭਾਵ ਗੁਰੂ ਜੀ ਦੇ ਖ਼ਜ਼ਾਨੇ ਵਿੱਚੋਂ ।

[੧੧੫] ਭਾਵ ਗੁਰੂ ਜੀ ਦੇ ਖ਼ਜ਼ਾਨੇ ਵਿੱਚੋਂ ਸਿਰਫ਼ ਆਪਣੀ ਧੀ ਦੇ ਵਿਆਹ ਲਈ ਧਨ ਕਬੂਲ ਕੀਤਾ । ਆਪਣੀ ਹੋਰ ਨਿਜੀ ਲੋੜ, ਇੱਥੋਂ ਤਕ ਕਿ ਭੋਜਨ ਲਈ ਵੀ, ਗੁਰੂ ਦੇ ਖ਼ਜ਼ਾਨੇ ਦੀ ਵਰਤੋਂ ਨਹੀਂ ਕੀਤੀ ।

[੧੧੬] ਗੁਰੂ ਦਾ ਧਨ/ਦੌਲਤ ।

[੧੧੭] ਗੁਰਦੁਆਰੇ ਦੇ ਧਨ ਨੂੰ ਨਿਜੀ ਲੋੜਾਂ ਲਈ ਵਰਤਣ ਵਾਲੇ ਇਸ ਤੋਂ ਪ੍ਰੇਰਣਾ ਲੈਣ ।

ਗੁਰੂ ਕਾ ਸਿਖ ਸਹਜਧਾਰੀ ਰੋਮ ਕੈਂਚੀ ਨਾਲ ਉਤਰਾਵੈ । ਚਿਹਰਾ ਜ਼ਰੂਰ ਸਾਬਤ ਰਖੇ । ਦੀਦਾਰ ਚਿਹਰੇ ਦਾ ਹੈ । [੧੧੮]

ਗੁਰੂ ਕਾ ਸਿਖ ਵਣਜ ਵਪਾਰ ਅਥਵਾ ਕਿਸੇ ਹੋਰ ਸਬੱਬ ਸਿਖ ਨਾਲ ਉਚਾ ਨੀਵਾਂ ਬੋਲੇ, ਤਾਂ ਬਖ਼ਸ਼ਾਇ ਲਏ । ਰਾਤਿ ਵਿਚ ਨਾ ਪਾਏ ।[੧੧੯]

ਗੁਰੂ ਕਾ ਸਿਖ ਗੁਰੂ ਕੀ ਮੰਨਤ ਰਖੇ ਨਾਹੀ[੧੨੦], ਹੋਂਦੇ ਬਲ[੧੨੧] ਦੇ ਛੋਡੇ ।

ਗੁਰੂ ਕਾ ਸਿਖ, ਸਿਖ ਦੀ ਨਿੰਦਾ ਚੁਗਲੀ, ਦਗ਼ਾ ਬਖ਼ੀਲੀ ਨਾ ਕਰੇ । ਕਿਸੇ ਦੀ ਕਿਰਤ ਲਗੀ ਦੇਖ ਕੇ, ਅਥਵਾ ਮਾਇਆ, ਪਰਵਾਰ ਸੁਖ ਦੇਖ ਕੇ, ਦੁਖੀ ਨਾ ਹੋਇ । ਈਰਖਾ ਨਾ ਕਰੇ । ਸਾਖ ਗ੍ਰੰਥ ਸਾਹਿਬ ਦੀ, "*ਅਹਿਰਖਵਾਦੁ ਨ ਕੀਜੈ ਰੇ ਮਨ ॥ ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ ॥*"[੧੨੨] ਹੋਰ ਸਾਖ ਗ੍ਰੰਥ, "*ਨਿੰਦਕ ਕੀ ਗਤਿ ਕਤਹੂੰ ਨਾਹੀ ॥*"[੧੨੩]

ਗੁਰੂ ਕਾ ਸਿਖ ਪੜਦਾ ਕਿਸੇ ਦਾ ਨ ਉਘਾੜੈ, ਘਾਤੀ ਨ ਹੋਇ ।

ਗੁਰੂ ਕੇ ਸਿਖ ਦੇ ਘਰ ਲੜਕਾ ਜਨਮੈ, ਤਾਂ ਗੁੜ੍ਹਤੀ ਵਿਚ ਪੰਜਾਂ ਸਿਖਾਂ ਦੇ ਚਰਨ ਧੋਇ ਕਰਿ ਪਾਹੁਲ ਪਾਏ ।[੧੨੪] ਸਿਖ ਗੁਰੂ ਕਾ ਕਰਕੇ ਦੀਦਾਰ ਲਏ। ਜੇਕਰ ਕੇਸਧਾਰੀ ਕਰਨਾ ਹੋਇ, ਜਨਮ ਦੇ ਨਾਲ ਰਖੇ ।[੧੨੫] ਨਾਉਂ ਗ੍ਰੰਥ ਸਾਹਿਬ ਜੀ ਦੀ ਅਵਾਜ਼ ਲੈਕਰਿ ਰਖਾਏ । ਰੀਤਾਂ ਕਰੈ[੧੨੬], ਦਹੀਂ ਪਾਇ ਨ੍ਹਵਾਲੇ ।

---

[੧੧੮] ਦੇਖੋ ਇਸੇ ਪੁਸਤਕ ਵਿੱਚਲਾ ਲੇਖ 'ਸਹਿਜਧਾਰੀ' ।

[੧੧੯] ਭਾਵ, 'ਕੱਲ੍ਹ ਮਾਫ਼ੀ ਮੰਗ ਲਵਾਂਗਾ' ਅਜਿਹਾ ਸੋਚ ਕੇ ਦੇਰੀ ਨਾ ਕਰੇ ।

[੧੨੦] "*ਕਾਰ ਭੇਟ ਸੁੱਖ ਮੰਨਤ ਚੁਰਾਵੈ । ਐਸਾ ਸਿਖ ਗੁਰੂ ਨਹਿ ਭਾਵੈ ।*" ਅਤੇ "*ਕਾਰ ਭੇਟ ਸੁਖ ਮੰਨਤ ਕਰ, ਜੋ ਸਿਖ ਚਿਤ ਭ੍ਰਮਾਇ । ਸੋ ਸਾਕਤ ਪਾਪੀ ਸਦਾ, ਬਿਕਟ ਰੂਪ ਹੋਇ ਜਾਇ ।*" ('ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ') ।

[੧੨੧] ਭਾਵ, ਮੰਨਤ ਪੂਰੀ ਕਰਨ ਦੀ ਸਮਰੱਥਾ ਹੋਵੇ, ਤਾਂ ।

[੧੨੨] ਆਸਾ, ਕਬੀਰ, ਪੰਨਾ ੪੭੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੧੨੩] ਭੈਰਉ, ਮਹਲਾ ੫, ਪੰਨਾ ੧੧੪੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੧੨੪] ਗੁੜ੍ਹਤੀ ਦੀ ਪ੍ਰਚੱਲਿਤ ਰੀਤੀ ਇਸ ਪ੍ਰਕਾਰ ਹੈ: - ਇੱਕ ਸਿੰਘ ਸਰਬਲੋਹ ਦੇ ਬਾਟੇ ਵਿੱਚ ਕੁੱਝ ਪਾਣੀ ਅਤੇ ਪਤਾਸੇ ਪਾ ਕੇ ਉਸ ਵਿੱਚ ਕਿਰਪਾਨ ਫੇਰਦਾ ਹੋਇਆ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਦਾ ਹੈ । ਪਾਠ ਤੋਂ ਬਾਅਦ ਉਹ ਸਿੰਘ ਕਿਰਪਾਨ ਦੀ ਨੋਕ ਨਾਲ ਬਾਟੇ ਵਿੱਚਲੇ ਜਲ, ਜਿਸ ਨੂੰ ਆਮ ਬੋਲਚਾਲ ਵਿੱਚ 'ਕਿਰਪਾਨ ਦਾ ਅੰਮ੍ਰਿਤ' ਕਹਿ ਲਿਆ ਜਾਂਦਾ ਹੈ, ਦੀਆਂ ਕੁੱਝ ਬੂੰਦਾਂ ਨਵ-ਜੰਮੇ ਬੱਚੇ ਦੇ ਮੂੰਹ ਵਿੱਚ ਟਪਕਾ ਦਿੰਦਾ ਹੈ । (ਇਹ ਗੁਰ-ਦੀਖਿਆ ਨਹੀਂ ਹੈ । ਗੁਰ-ਦੀਖਿਆ ਲਈ ਉਸ ਨੂੰ, ਜਦੋਂ ਉਹ ਆਪਣੇ-ਆਪ ਨੂੰ ਸੰਭਾਲਣ ਜੋਗਾ ਹੋ ਜਾਵੇ, ਪੰਜ ਪਿਆਰਿਆਂ ਅੱਗੇ ਪੇਸ਼ ਹੋ ਕੇ 'ਖੰਡੇ ਬਾਟੇ ਦਾ ਅੰਮ੍ਰਿਤ' ਛੱਕਣਾ ਪਏਗਾ) ।

ਗੁਰੂ ਕਾ ਸਿਖ ਹੱਥੋ-ਪਾਈ, ਲੜਾਈ ਕਿਸੇ ਨਾਲਿ ਨਾ ਕਰੈ। ਆਪਣਿਆਂ ਕੇਸਾਂ ਦੀ ਅਬਰੋਇ[੧੨੭] ਵਲ ਦੇਖੇ।

ਗੁਰੂ ਕਾ ਸਿਖ ਚੰਗੀ ਚੋਖੀ ਵਸਤੁ ਇਕੱਲਾ ਨਾ ਖਾਏ, ਸਿੱਖਾਂ ਨਾਲ ਵੰਡ ਕਰਿ ਖਾਏ।

ਗੁਰੂ ਕਾ ਸਿਖ ਪੋਥੀ ਲਿਖ, ਪੜ੍ਹਕੇ ਵੇਚੇ ਨਾਹੀਂ। ਭੇਟ-ਮੋਖ। ਵੇਚੀ ਵਸਤੁ ਨਾਲ ਸਾਕ ਕੁਛ ਨਹੀਂ ਰਹਿੰਦਾ। ਸਾਖ ਗ੍ਰੰਥ ਸਾਹਿਬ ਦੀ, "*ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ ॥ ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ ॥*"[੧੨੮]

ਗੁਰੂ ਕਾ ਸਿਖ ਆਪਣੇ ਧਰਮ ਵਿਚ ਕਾਇਮ ਰਹੈ। ਪਰਾਇਆ ਧਰਮ ਨਾ ਕਰੈ। ਸਾਖ ਗ੍ਰੰਥ ਸਾਹਿਬ ਦੀ, "*ਗੁਰੁ ਬਿਨੁ ਅਉਰ ਨ ਜਾਣਹੁ ਕੋਈ ॥*"

ਗੁਰੂ ਕਾ ਸਿਖ ਪਰਉਪਕਾਰ ਨੂੰ ਢਿੱਲ ਨ ਕਰੈ[੧੨੯]। ਜੇਕਰ ਆਪਣੀ ਵਾਸੀ ਵਿਚ ਕਿਸੇ ਦਾ ਢੰਗ ਸੁਆਰਥੁ ਪਵੈ ਪਰਨੇ ਤਥਾ ਮਰਨੇ ਦਾ, ਤਾਂ ਤੰਬੋਲ ਪਗੜੀ ਪਹਿਲੈ ਗੁਰੂ ਕੇ ਵਲੋਂ ਸਿਖ ਨੂੰ ਸਿਖ ਕਰਿ ਦੇਵਨਾ।

ਗੁਰੂ ਕਾ ਸਿਖ ਲਿਖਾਰੀ ਹੋਵੇ, ਤਾਂ ਪੋਥੀ, ਗ੍ਰੰਥ ਸਾਹਿਬ ਜੀ ਲਿਖਕੇ ਸਿਖ ਨੂੰ ਦੇਵੇ। ਪ੍ਰੇਮ ਭੇਟ ਲਏ[੧੩੦]। ਸਾਖ ਗ੍ਰੰਥ ਸਾਹਿਬ ਜੀ ਦੀ, "*ਹਰਿਜਸੁ ਲਿਖਹਿ ਬੇਅੰਤ ਸੋਹਹਿ ਸੇ ਹਥਾ ॥*"[੧੩੧]

(ਚਲਦਾ)

---

[੧੨੫] ਕੇਸਧਾਰੀ ਆਪਣੇ ਬੱਚੇ ਨੂੰ ਕੇਸਧਾਰੀ ਹੀ ਰੱਖਦਾ ਹੈ। ਕੇਸਧਾਰੀ ਸਿੱਖ ਪਰਿਵਾਰ ਵਿੱਚ ਪੈਦਾ ਹੋ ਕੇ ਕੇਸ ਕਟਾਉਣ ਵਾਲੇ ਨੂੰ 'ਪਤਿਤ' ਆਖਿਆ ਜਾਂਦਾ ਹੈ। ਸਹਜਧਾਰੀ ਜੇ ਇਹ ਇੱਛਾ ਕਰੇ ਕਿ ਉਸ ਦਾ ਬੱਚਾ ਮੁੱਢ ਤੋਂ ਹੀ ਕੇਸਧਾਰੀ ਹੋਵੇ, ਤਾਂ ਉਹ ਆਪਣੇ ਬੱਚੇ ਦੇ ਕੇਸ ਉਸ ਦੇ ਜਨਮ ਤੋਂ ਹੀ ਰੱਖੇ, ਭਾਵ ਮੁੰਡਨ ਨਾ ਕਰਵਾਏ।

[੧੨੬] ਗੁਰਮਤਿ ਅਨੁਸਾਰੀ ਰੀਤਾਂ ਹੀ ਪ੍ਰਵਾਨ ਹਨ।

[੧੨੭] ਆਬਰੂ, ਇੱਜ਼ਤ।

[੧੨੮] ਸਲੋਕ ਮਹਲਾ ੧, ਸਾਰੰਗ ਕੀ ਵਾਰ, ਪੰਨਾ ੧੨੪੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

[੧੨੯] "*ਦੇਹਿ ਸ਼ਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ ॥*" (ਚੰਡੀ ਚਰਿਤ੍ਰ ਉਕਤਿ ਬਿਲਾਸ, ਪੰਨਾ ੯੯, ਸ੍ਰੀ ਦਸਮ ਗ੍ਰੰਥ ਸਾਹਿਬ ਜੀ)।

[੧੩੦] ਭਾਵ, ਜੇ ਕੋਈ ਪ੍ਰੇਮ ਨਾਲ ਕੁੱਝ ਦਏ, ਤਾਂ ਕਬੂਲ ਕਰੇ। ਆਪ ਕੁੱਝ ਨਾ ਮੰਗੇ।

[੧੩੧] ਪਉੜੀ ੧੪, ਵਾਰ ਜੈਤਸਰੀ, ਮਹਲਾ ੫, ਪੰਨਾ ੭੦੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

# ਰਹਿਤਨਾਮਾ ਭਾਈ ਚਉਪਾ ਸਿੰਘ ਜੀ (ਮੂਲ ਪਾਠ) (ਭਾਗ ਤੀਜਾ)

(ਪੈਰ-ਟਿਪਣੀਆਂ : - ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ')

ਗੁਰੂ ਕਾ ਸਿਖ ਜੋ ਧਰਮਸਾਲੀ[੧] ਹੋਵੇ, ਸੋ ਕੈਸਾ ਹੋਵੈ? ਗ੍ਰਿਹਸਤੀ ਨਾ ਹੋਵੈ[੨], ਨਿਰਲੋਭੀ ਹੋਇ, ਨਿਰਅਭਿਮਾਨੀ ਹੋਵੈ, ਜਤੀ ਸਤੀ ਹੋਵੇ, ਪਰਸੁਆਰਥੀ, ਧਰਿਜੀ, ਉਦਾਰ, ਦਯਾਵਾਨ, ਪਤਵਾਨ, ਤਪੀਆ, ਅਨਿੰਦ, ਰਹਿਤਵਾਨ, ਮਤਸਰ[੩] ਬਿਨਾਂ, ਪੜਦੇ ਕੱਜ, ਸੁਚੇਤ, ਦੇਹੀ ਪਵਿਤ੍ਰ, ਟਹਿਲ ਕਰਿ, ਵੰਡ ਖਾਇ, ਪਰਦੇਸੀ ਸਿਖ ਦੀ ਚੀਜ਼ ਵਸਤ ਦੀ ਸੁਚੇਤੀ, ਜਿਸ ਵਿਚ ਇਤਨੈ ਗੁਣ ਹੋਵਣ, ਦਰਦਵੰਦ ਹੋਵੈ, ਸੋ ਧਰਮਸਾਲੀਆ ਹੋਵੈ। ਸਾਖ ਗ੍ਰੰਥ ਸਾਹਿਬ ਦੀ, "*ਮੋਹਿ ਨਿਰਗੁਣ ਦਿਚੈ ਥਾਉ ਸੰਤ ਧਰਮਸਾਲੀਐ ॥*"[੪] ਗੁਰੂ ਕੇ ਸਿਖ ਵਾਸੀ ਵਾਲੇ[੫] ਐਸੇ ਸਿਖ ਧਰਮਸਾਲੀਏ ਦੀ ਗ਼ੌਰ ਕਰਨ, ਢੰਗ ਸੁਆਰਥ ਵਿਚ ਪਲ ਪਲ ਅਰਦਾਸ ਗੁਰੂ ਕੀ ਕਰਨੀ ਅਤੇ ਧਰਮਸਾਲੀਏ ਦੀ ਸਮਾਲ ਕੀਤੀ ਜਾਣੀ[੬]। ਧਰਮਸਾਲਾ ਵਿਚ ਜ਼ਨਾਨਾ ਘਰ ਨ ਹੋਵੈ। ਗੁਰੂ ਕੇ ਘਰਿ ਗੁਰੂ ਕੇ

ਸਿਖ ਗ਼ਰੀਬ, ਅਰਥੀ, ਭਜਨਵਾਨ ਰਹਿਣ, ਵਿਕਾਰੀ ਨਾਹੀ ਚਾਹੀਐ[੭]। ਸਾਖ ਗ੍ਰੰਥ ਸਾਹਿਬ ਜੀ ਦੀ, "*ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥*"[੮]

---

[੧] ਪੁਰਾਣੇ ਸਮੇਂ ਵਿੱਚ ਸਿੱਖ ਧਰਮ ਅਸਥਾਨਾਂ ਨੂੰ ਧਰਮਸਾਲ ਕਿਹਾ ਜਾਂਦਾ ਸੀ। ਜੋ ਧਰਮਸਾਲ ਦੀ ਦੇਖ-ਭਾਲ ਅਤੇ ਹੋਰ ਪ੍ਰਬੰਧ ਕਰਦਾ ਸੀ, ਧਰਮਸਾਲੀਆ ਆਖਿਆ ਜਾਂਦਾ ਸੀ। ਹੁਣ ਧਰਮਸਾਲ ਲਈ ਲਫ਼ਜ਼ 'ਗੁਰਦੁਆਰਾ' ਦੀ ਵਰਤੋਂ ਕੀਤੀ ਜਾਂਦੀ ਹੈ। ਧਰਮਸਾਲੀ ਨੂੰ 'ਗ੍ਰੰਥੀ' ਕਿਹਾ ਜਾਂਦਾ ਹੈ।

[੨] ਗੁਰੂ ਕਾਲ ਵਿੱਚ ਅਨੇਕ ਧਰਮਸਾਲੀ/ਪੁਜਾਰੀ/ਗ੍ਰੰਥੀ ਗ੍ਰਿਹਸਥੀ ਹੋਏ ਹਨ। ਉਦਾਹਰਣ ਵਜੋਂ, ਭਾਈ ਬੁੱਢਾ ਜੀ ਗ੍ਰਿਹਸਥੀ ਸਨ। ਗੁਰਮਤਿ ਗ੍ਰਿਹਸਥ ਜੀਵਨ ਦੀ ਹਾਮੀ ਹੈ। ਦੇਖੋ ਇਸੇ ਪੁਸਤਕ ਵਿੱਚਲਾ ਲੇਖ 'ਨਾਰੀ'।

[੩] ਈਰਖਾ। "*ਕਾਮ ਕ੍ਰੋਧ ਲੋਭ ਮਦ ਮਤਸਰ ਇਹ ਅਰਪਿ ਸਗਲ ਦਾਨੁ ਕੀਨਾ ॥ ਮੰਤ੍ਰ ਦ੍ਰਿੜਾਇ ਹਰਿ ਅਉਖਧੁ ਗੁਰਿ ਦੀਓ ਤਉ ਮਿਲਿਓ ਸਗਲ ਪ੍ਰਬੀਨਾ ॥*" (ਸਾਰਗ, ਮਹਲਾ ੫, ਪੰਨਾ ੧੨੧੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

[੪] ਪਉੜੀ ੩, ਵਾਰ ਗੂਜਰੀ, ਮਹਲਾ ੫, ਪੰਨਾ ੫੧੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

[੫] ਨਿਵਾਸੀ, ਵੱਸਣ ਵਾਲੇ, ਭਾਵ ਸਥਾਨਕ ਸੰਗਤ।

[੬] ਭਾਵ, ਧਰਮਸਾਲੀ/ਗ੍ਰੰਥੀ ਆਦਿ ਦੀਆਂ ਨਿਜੀ ਜ਼ਰੂਰਤਾਂ ਦਾ ਖ਼ਿਆਲ ਰੱਖਿਆ ਜਾਏ। ਉਸ ਦੀਆਂ ਜ਼ਰੂਰਤਾਂ ਪੂਰੀਆਂ ਕੀਤੀਆਂ ਜਾਣ।

[੭] ਭਾਈ ਬੁੱਢਾ ਜੀ, ਇੱਕ ਗ੍ਰਿਹਸਥੀ, ਗੁਰੂ ਘਰ ਦੇ ਗ੍ਰੰਥੀ ਸਨ। ਇਸ ਲਈ, ਅਜਿਹਾ ਕੋਈ ਅਸੂਲ ਨਹੀਂ ਹੈ ਕਿ ਧਰਮਸਾਲੀ/ਗ੍ਰੰਥੀ ਗ੍ਰਿਹਸਥੀ ਨਾ ਹੋਵੇ। ਵਿਕਾਰੀ ਉਹ ਹੈ, ਜੋ ਪਰ-ਇਸਤਰੀ ਦਾ ਸੰਗ ਕਰਦਾ ਹੈ। ਗ੍ਰਿਹਸਥੀ ਵਿਅਕਤੀ ਹੋਣ ਦਾ ਭਾਵ ਵਿਕਾਰੀ ਹੋਣਾ ਨਹੀਂ ਹੈ। (ਨੌਂ ਗੁਰੂ ਸਾਹਿਬਾਨ ਗ੍ਰਿਹਸਥੀ ਸਨ)। ਇਸੇ ਤਰ੍ਹਾਂ, ਇਹ ਵੀ ਕੋਈ ਜ਼ਰੂਰੀ ਨਹੀਂ ਕਿ ਜੋ ਗ੍ਰਿਹਸਥੀ ਨਹੀਂ, ਉਹ ਵਿਕਾਰੀ ਵੀ ਨਹੀਂ ਹੋਏਗਾ।

ਗੁਰੂ ਕਾ ਸਿਖ, ਸਿਖਾਂ ਪੁਤ੍ਰਾਂ ਨੂੰ ਪੋਥੀ ਗ੍ਰੰਥ ਸਾਹਿਬ ਜੀ ਦੀ ਸਬਦ ਬਾਣੀ ਕੀਰਤਨ ਸਿਖਾਏ । ਪੀਰ ਮਸੰਦ ਨਾ ਬਣਾਏ । ਗੁਰੂ ਕਾ ਨਾਤਾ ਜਾਣੈ, ਬੁਰਾ ਨ ਤੱਕੇ । ਗੁਰੂ ਕਾ ਸਿਖ, (ਸਿਖ ਦੀ) ਟਹਿਲ ਸੇਵਾ ਅਦਬ, ਭਾਉ ਕਰੇ, ਪਿਤਾ ਸਮਾਨ ਜਾਣੇ । ਜੇ ਸਿਖ ਪੁੱਤ ਨੂੰ ਮੰਦੀ ਨਦਰ ਕਰਿ ਦੇਖੇ, ਸੋ ਗੋ-ਹੰਤਾ ਹੈ, ਸਿਖ ਨਹੀਂ । ਗੁਰੂ ਕਾ ਸਿਖ ਹੋਇਕੈ, ਸਿਖ ਦੇ ਬਾਲ ਬੱਚੇ ਧਨ ਨੂੰ ਦੇਖ ਕੇ ਬੁਰੀ ਨਜ਼ਰ ਨ ਤੱਕੇ ।

ਗੁਰੂ ਕਾ ਸਿਖ ਜੇ ਅਰਥੀ (ਹੋਵੈ), ਜੋ ਸਿਖ ਦੇ ਘਰੋਂ ਪ੍ਰਸ਼ਾਦਿ ਸਰੇ, ਸੋ ਅੰਮ੍ਰਿਤ ਸਮਾਨ ਜਾਣੈ । ਗੁਰੂ ਕਾ ਸਿਖ ਨਵਾਂ ਭੋਜਨ, ਫੁਲ, ਫਲ, ਅਨਾਜ ਆਦਿ ਲੈ ਕਰ ਪਹਿਲੇ ਸਿਖ ਦੀ ਰਸਨੀਂ ਚੜ੍ਹਾਇ ਲਏ, ਤਾਂ ਪਿਛੋਂ ਆਪ ਖਾਏ ।

ਗੁਰੂ ਕਾ ਸਿਖ ਹੋਇਕੈ, ਸਿਖ ਉਪਰਿ ਸੱਟ ਨ ਕਰੈ । ਸਿਖ ਦੇ ਹਤ ਕੀਏ[੯] ਨਰਕ ਪ੍ਰਾਪਤਿ ਹੋਂਦਾ ਹੈ । ਜੋ ਕੁਲ-ਹੱਤਿਆ, ਸੋ ਭਾਰੀ ਹੈ । ਕੈਰਵ[੧੦] ਗਲੇ, ਇਸੇ ਹਤਿਆ ਕਰਿ । ਇਕ ਗੋਤ੍ਰ ਕੁਲ ਹੈ, ਇਕ ਗੁਰੂ ਕੁਲ ਹੈ ।[੧੧]

ਗੁਰੂ ਕੇ ਸਿਖ ਮੁਸੱਦੀ- ਜੋ ਸਰਕਾਰ ਤੁਰਕਾਂ ਦੀ ਵਿਚ ਹੋਵਨ, ਤਿਨ੍ਹਾਂ ਨੂੰ ਸਭੋ ਕੁਰਹਿਤਾਂ ਮਾਫ਼, ਇਕ ਇਨ੍ਹਾਂ ਤ੍ਰਿਹੁੰ ਬਿਨਾ- ਇਕ ਕੰਨਿਆ ਹਤ, ਦੂਜਾ ਭੱਦਣ, ਤੀਜਾ ਬਿਖਿਆ (ਤਮਾਕੂ) । ਇਹ ਨ ਕਰਨ, ਹੋਰ ਕਰਨ ਤਾਂ ਬਖ਼ਸ਼ਾਇ ਲੈਣ ।[੧੨]

---

[੮] ਸਲੋਕ, ਮਹਲਾ ੧, ਬਿਹਾਗੜੇ ਕੀ ਵਾਰ, ਪੰਨਾ ੫੫੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ । ਪੂਰਾ ਸਲੋਕ ਇਸ ਪ੍ਰਕਾਰ ਹੈ, "*ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥ ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ ॥ ੧ ॥*" ਸਪਸ਼ਟ ਹੈ ਕਿ ਇੱਥੇ ਕਿਸੇ ਧਰਮਸਾਲੀ/ਗ੍ਰੰਥੀ ਦੀ ਗੱਲ ਨਹੀਂ ਹੋ ਰਹੀ ।

[੯] ਸਿੱਖ ਨੂੰ ਮਾਰਣ ਨਾਲ, ਹੱਤਿਆ ਕਰਨ ਨਾਲ ।

[੧੦] ਕੌਰਵ, ਕੁਰੂ-ਵੰਸ਼ ਨਾਲ ਸੰਬੰਧ ਰੱਖਣ ਵਾਲੇ । ਆਪਣੇ ਹੀ ਕਰੀਬੀ ਰਿਸ਼ਤੇਦਾਰਾਂ ਦੇ ਖ਼ਿਲਾਫ਼ ਮਹਾਭਾਰਤ ਦਾ ਯੁੱਧ ਲੜਦਿਆਂ ਬਹੁਤੇ ਕੌਰਵ ਯੋਧੇ ਮਾਰੇ ਗਏ ਸਨ । ਦੁਰਯੋਧਨ ਇਸ ਯੁੱਧ ਵਿੱਚ ਇੱਕ ਧਿਰ ਸੀ, ਜਿਸ ਦੇ ਨਾਲ ਅਚਾਰੀਆ ਦ੍ਰੋਣ, ਭੀਸ਼ਮ ਪਿਤਾਮਾ, ਕਰਣ, ਅਸ਼ਵਥਾਮਾ ਆਦਿ ਯੋਧੇ ਸਨ । ਦੂਜੀ ਧਿਰ ਦੀ ਅਗਵਾਈ ਯੁਧਿਸ਼ਠਿਰ ਕਰ ਰਿਹਾ ਸੀ । ਕ੍ਰਿਸ਼ਨ ਨੇ ਯੁਧਿਸ਼ਠਿਰ ਆਦਿ ਪਾਂਡਵਾਂ ਦੀ ਮਦਦ ਕੀਤੀ ਸੀ । ਇਸ ਯੁੱਧ ਵਿੱਚ ਪਾਂਡਵਾਂ ਦੀ ਪਤਨੀ ਦ੍ਰੋਪਤੀ ਦੇ ਸਾਰੇ ਹੀ ਪੁੱਤਰ ਮਾਰੇ ਗਏ । ਅਰਜੁਨ ਦਾ ਵੀਰ ਪੁੱਤਰ ਅਭਿਮੰਨਯੂ ਵੀ ਇਸ ਯੁੱਧ ਵਿੱਚ ਮਾਰਿਆ ਗਿਆ । ਦੁਰਯੋਧਨ ਆਪਣੇ ੧੦੦ ਭਰਾਵਾਂ ਸਮੇਤ ਇਸੇ ਯੁੱਧ ਦਾ ਸ਼ਿਕਾਰ ਹੋਇਆ । "*ਦੁਰਜੋਧਨ ਕਾ ਮਥਿਆ ਮਾਨੁ ॥*" (ਭੈਰਉ, ਕਬੀਰ ਜੀ, ਪੰਨਾ ੧੧੬੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) । "*ਬੂਡਾ ਦੁਰਜੋਧਨੁ ਪਤਿ ਖੋਈ ॥*" (ਗਉੜੀ ਮਹਲਾ ੧, ਪੰਨਾ ੨੨੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) । "*ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ ॥ ਬਾਰਹ ਜੋਜਨ ਛਤ੍ਰੁ ਚਲੈ ਥਾ ਦੇਹੀ ਗਿਰਝਨ ਖਾਈ ॥*" (ਧਨਾਸਰੀ ਬਾਣੀ ਭਗਤ ਨਾਮਦੇਵ ਜੀ ਕੀ, ਪੰਨਾ ੬੯੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ।

[੧੧] ਵੈਦਿਕ ਕਾਲ ਵਿੱਚ ਬਹੁਤ ਲੋਕ ਗੁਰੂ-ਗੋਤ੍ਰ ਨੂੰ ਹੀ ਆਪਣੀ ਗੋਤ੍ਰ ਮੰਨਦੇ ਰਹੇ ਹਨ ।

[੧੨] ਇਹ ਯਕੀਨ ਕਰਨਾ ਔਖਾ ਹੈ ਕਿ ਕਿਸੇ ਨੂੰ ਅਜਿਹੀ ਛੋਟ ਦਿੱਤੀ ਗਈ ਹੋਏ ।

ਜੇ ਕਿਸੇ ਸਿਖ ਦਾ ਕਾਰਜ ਆਇ ਬਣੈ, ਤਾਂ ਮਾਇਆ ਸਿਖਾਂ ਨੂੰ ਦੇਵਣਾ। ਹੋਂਦੇ ਬਲ ਅਟਕਾਇ ਨ ਕਰੈ।

ਗੁਰੂ ਕਾ ਸਿਖ ਸੂਫ਼ੀ, ਘੋਰੀ ਨ ਹੋਵੈ।

ਗੁਰੂ ਕੇ ਸਿਖ ਪਾਸ ਜੇ ਕੋ ਹਿਤੀਆਂ ਝੂਣਕੈ ਆਵੈ ਸ਼ਰਨ ਗੁਰੂ ਕੀ, ਤਾਂ ਮੇਲਿ ਲੈਣਾ। ਗੁਰੂ ਕੇ ਸਿਖ ਕੁਰਹਿਤੀਏ ਧਾੜੀਏ ਦਾ ਧੜਾ ਨ ਕਰਨ। ਸਾਖ ਗ੍ਰੰਥ ਜੀ ਦੀ, "*ਮਿਥਿਆ ਦੂਜਾ ਭਾਉ ਧੜੇ ਬਹਿ ਪਾਵੈ ॥*"[੧੩]

ਗੁਰੂ ਕਾ ਸਿਖ, ਸਰਦਾਰ ਹੋਵੈ, ਸ਼ਾਹੂਕਾਰ ਹੋਵੈ, ਮੁਸੱਦੀ ਹੋਵੈ, ਆਪਣੇ ਲੰਗਰ ਰਸੋਈ ਵਿਚ ਸਿਖ ਰਖੇ। ਹੁਕਈ, ਟੋਪੀਆ, ਭਾਦਣੀ, ਚੋਰ, ਯਾਰ, ਜੂਏਬਾਜ਼, ਕੁਰਹਿਤੀਆ ਨਾ ਰਖੈ।

ਗੁਰੂ ਕਾ ਸਿਖ ਬੇਮੁਖੀਆ ਨਾ ਹੋਵੈ, ਗੁਰੂ ਪਾਸੋਂ ਮੂੰਹ ਨ ਫੇਰੇ। ਸਾਖ ਗ੍ਰੰਥ ਜੀ ਦੀ, "*ਮੁਹਿ ਫੇਰਿਐ ਮੁਹੁ ਜੂਠਾ ਹੋਇ ॥*"[੧੪]

ਗੁਰੂ ਕਾ ਸਿਖ ਲੰਗਰ ਗੋਹੇ ਨਾ ਬਾਲੇ, ਲੱਕੜੀਆਂ ਬਾਲੇ। ਜੇ ਲੱਕੜੀਆਂ ਨਾ ਹੋਵਨ, ਤਾਂ ਭੀ ਇਕ ਅੱਧ ਲਕੜੀ ਰਖੇ।

---

[੧੩] ਆਸਾ, ਮਹਲਾ ੪, ਪੰਨਾ ੩੬੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਪ੍ਰੋ. ਪਿਆਰਾ ਸਿੰਘ 'ਪਦਮ' ਵੱਲੋਂ ਸੰਪਾਦਤ ਪੁਸਤਕ 'ਰਹਿਤਨਾਮੇ' ਵਿੱਚ "ਬਹਿ ਪਾਵੈ" ਦੀ ਥਾਂ "ਬਹੁ ਪਕਾਏ" ਪਾਠ ਦਰਜ ਹੈ। ਪੂਰਾ ਸ਼ਬਦ ਇਸ ਪ੍ਰਕਾਰ ਹੈ, "*ਰਾਗੁ ਆਸਾ ਘਰੁ ੨ ਮਹਲਾ ੪ ॥ ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ ॥ ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ ॥ ਕਿਸ ਹੀ ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੈ ਸੁਆਈ ॥ ਹਮਾਰਾ ਧੜਾ ਹਰਿ ਰਹਿਆ ਸਮਾਈ ॥ ੧ ॥ ਹਮ ਹਰਿ ਸਿਉ ਧੜਾ ਕੀਆ ਮੇਰੀ ਹਰਿ ਟੇਕ ॥ ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ ਹਉ ਹਰਿ ਗੁਣ ਗਾਵਾ ਅਸੰਖ ਅਨੇਕ ॥ ੧ ॥ ਰਹਾਉ ॥ ਜਿਨ੍ ਸਿਉ ਧੜੇ ਕਰਹਿ ਸੇ ਜਾਹਿ ॥ ਝੂਠੁ ਧੜੇ ਕਰਿ ਪਛੋਤਾਹਿ ॥ ਥਿਰੁ ਨ ਰਹਹਿ ਮਨਿ ਖੋਟੁ ਕਮਾਹਿ ॥ ਹਮ ਹਰਿ ਸਿਉ ਧੜਾ ਕੀਆ ਜਿਸ ਕਾ ਕੋਈ ਸਮਰਥੁ ਨਾਹਿ ॥ ੨ ॥ ਏਹ ਸਭਿ ਧੜੇ ਮਾਇਆ ਮੋਹ ਪਸਾਰੀ ॥ ਮਾਇਆ ਕਉ ਲੂਝਹਿ ਗਾਵਾਰੀ ॥ ਜਨਮਿ ਮਰਹਿ ਜੂਐ ਬਾਜੀ ਹਾਰੀ ॥ ਹਮਰੈ ਹਰਿ ਧੜਾ ਜਿ ਹਲਤੁ ਪਲਤੁ ਸਭੁ ਸਵਾਰੀ ॥ ੩ ॥ ਕਲਿਜੁਗ ਮਹਿ ਧੜੇ ਪੰਚ ਚੋਰ ਝਗੜਾਏ ॥ ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਵਧਾਏ ॥ ਜਿਸ ਨੋ ਕ੍ਰਿਪਾ ਕਰੇ ਤਿਸੁ ਸਤਸੰਗਿ ਮਿਲਾਏ ॥ ਹਮਰਾ ਹਰਿ ਧੜਾ ਜਿਨਿ ਏਹ ਧੜੇ ਸਭਿ ਗਵਾਏ ॥ ੪ ॥ ਮਿਥਿਆ ਦੂਜਾ ਭਾਉ ਧੜੇ ਬਹਿ ਪਾਵੈ ॥ ਪਰਾਇਆ ਛਿਦ੍ਰੁ ਅਟਕਲੈ ਆਪਣਾ ਅਹੰਕਾਰੁ ਵਧਾਵੈ ॥ ਜੈਸਾ ਬੀਜੈ ਤੈਸਾ ਖਾਵੈ ॥ ਜਨ ਨਾਨਕ ਕਾ ਹਰਿ ਧੜਾ ਧਰਮੁ ਸਭ ਸ੍ਰਿਸਟਿ ਜਿਣਿ ਆਵੈ ॥ ੫ ॥ ੨ ॥ ੫੪ ॥*"

[੧੪] ਸਲੋਕ ਮਹਲਾ ੧, ਸਾਰੰਗ ਕੀ ਵਾਰ, ਪੰਨਾ ੧੨੪੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਪੂਰਾ ਸਲੋਕ ਇਸ ਪ੍ਰਕਾਰ ਹੈ, "*ਸਲੋਕ ਮਹਲਾ ੧ ॥ ਜੂਠਿ ਨ ਰਾਗੀ ਜੂਠਿ ਨ ਵੇਦੀ ॥ ਜੂਠਿ ਨ ਚੰਦ ਸੂਰਜ ਕੀ ਭੇਦੀ ॥ ਜੂਠਿ ਨ ਅੰਨੀ ਜੂਠਿ ਨ ਨਾਈ ॥ ਜੂਠਿ ਨ ਮੀਹੁ ਵਰ੍ਹਿਐ ਸਭ ਥਾਈ ॥ ਜੂਠਿ ਨ ਧਰਤੀ ਜੂਠਿ ਨ ਪਾਣੀ॥ ਜੂਠਿ ਨ ਪਉਣੈ ਮਾਹਿ ਸਮਾਣੀ ॥ ਨਾਨਕ ਨਿਗੁਰਿਆ ਗੁਣੁ ਨਾਹੀ ਕੋਇ ॥ ਮੁਹਿ ਫੇਰਿਐ ਮੁਹੁ ਜੂਠਾ ਹੋਇ ॥ ੧ ॥*"

ਗੁਰੂ ਕਾ ਸਿਖ ਗੁਰਮੰਤ੍ਰ ਬਿਨਾਂ ਨ ਹੋਵੈ । ਸਾਖ ਗ੍ਰੰਥ ਸਾਹਿਬ ਜੀ ਦੀ, "*ਗੁਰ ਮੰਤ੍ਰ ਹੀਣਸ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥ ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥*"[੧੫] ਗੁਰੂ ਕਾ ਸਿਖ ਪਾਹੁਲ ਲਏ ਜੂੜੇ ਸੰਪੂਰਨ ਹੋਂਦੇ ਤੋੜੀਂ । ਸੇਵਕੀ, ਟਹਿਲ ਭਾਉ ਗੁਰਮਤਿ ਸਿਖਦਾ ਰਹੈ ।

ਗੁਰੂ ਕਾ ਸਿਖ ਜਾਤੇ ਪਛਾਤੇ ਬਿਨਾਂ ਨਾ ਵਰਤੇ, ਨਾ ਵਿਸਾਹੁ ਕਰੇ । ਸੁਚੇਤ ਰਹੈ ।

ਗੁਰੂ ਕਾ ਸਿਖ, ਸਿਖ ਨੂੰ ਪਾਹੁਲ ਦੇਵਣ ਲਗੇ, ਤਾਂ ਗੁਰਦੀਖਿਆ ਦੀ ਮ੍ਰਿਜਾਦਾ ਹੈ, ਪੰਜ ਚੂਲੇ ਰਸਨੀਂ ਚੜ੍ਹਾਏ, ਪੰਜ ਸੀਸ, ਨੇਤ੍ਰੀਂ । 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ॥' ਬੁਲਾਏ । ਸਤਿਨਾਮ ਮੰਤ੍ਰ ਗੁਰਮਤਿ ਦਾ ਉਪਦੇਸ਼ ਕਰੈ । ਪਾਹੁਲ ਦੇਵਣ ਵਾਲਾ ਸਿਖ ਕਾਮੀ, ਕ੍ਰੋਧੀ, ਮਾਨੀ, ਵਿਕਾਰੀ ਨ ਹੋਵੈ । ਰਹਿਤਵਾਨ ਹੋਵੈ । ਆਪ ਗੁਰੂ ਨ ਸਦਾਏ ।

ਗੁਰੂ ਕਾ ਸਿਖ ਕੇਸਾਂ ਦੀ ਪਾਲਣਾ ਕਰੈ । ਦੋ ਵਕਤ ਕੰਘਾ ਹੋਵੈ । ਧੋਵੈ ਦਹੀਂ ਨਾਲ, ਮੈਲਾ ਹੱਥ ਨਾ ਲਾਏ, ਜੀਉਨ ਪਵਣੇ ਦੇਵੇ । ਸੁਚੇਤ ਰਹੈ । ਗੁਰੂ ਕਾ ਸਿਖ ਕੇਸ ਮੁਹਰ ਨਿਸ਼ਾਨੀ ਸਿਖੀ ਦੀ ਜਾਣੇ । ਜੋ ਪਾਹੁਲ ਬਿਨਾ ਰਖੇ, ਸੋ ਭੰਡ ਭਗਤੀਆ ਜਾਣਨਾ ਨਿਗੁਰਾ । ਉਸ ਦੀ ਗੱਲ ਚਤੁਰਾਈ ਸਭ ਝੂਠੀ । ਸਾਖ ਗ੍ਰੰਥ ਸਾਹਿਬ ਜੀ ਦੀ, "*ਜਿਉ ਨਿਗੁਰਾ ਬਹੁ ਬਾਤਾ ਜਾਣੈ, ਓਹ ਹਰਿ ਦਰਗਹ ਹੈ ਭ੍ਰਸਟੀ ॥*"[੧੬]

ਗੁਰੂ ਕਾ ਸਿਖ ਜੋੜ ਮੇਲ ਸਿਖਾਂ ਵਿਚ ਜਾਏ । ਜੇ ਰੁੱਠਾ ਹੋਵੇ, ਤਾਂ ਸਿਖ ਮਨਾਇ ਲੈਣਾ । ਗੁਰੂ ਕੇ ਸਿਖ, ਸਿਖਾਂ ਨੂੰ ਆਦਰ ਦੇਣ । ਭਾਉ ਕਰਨ, ਮਾਨ ਕਰਨ, ਮਾਨ ਛੱਡਣ । ਵਾਸੀ ਦਾ ਧਰਮ ਹੈ, ਮਿਲਣਾ ਪਿਆਰ ਨਾਲ । ਸਿਖਾਂ ਵਿਚ ਸਿਖ ਨੂੰ ਗਇਆਂ ਚਾਰ ਨਫ਼ੇ ਹੁੰਦੇ ਹੈਨ, ਇਕ ਤਾਂ ਸਬਦ ਪੜ੍ਹਾਂ ਅਰੁ ਸੁਨਣਾ, ਦੂਜੀ ਸਿਖੀ ਪਛਾਣ ਅਰੁ ਮਰਮੀ, ਤੀਜੀ ਸਿਖੀ ਰਹਿਤ-ਬੁਧਿ ਆਂਵਦੀ ਹੈ, ਚੌਥੇ ਯਥਾ-ਸ਼ਕਤਿ ਪੁੰਨ ਦਾਨ ਕਰਨਾ ।

ਗੁਰੂ ਕਾ ਸਿਖ ਜੇ ਸਿਖਾਂ ਵਿਚ ਜਾਏ, ਤਾਂ ਵਿਚਾਰ ਕੇ ਬੈਠੇ । ਪੰਗਤ ਦੇ ਵਿਚ ਕਿਸੇ ਦੇ ਅੱਗੇ ਨਾ ਬੈਠੇ । ਦੋ ਘਾਟੇ ਹੁੰਦੇ ਹੈਨਿ, ਅੱਗੇ ਬੈਠਿਆਂ, ਇਕੇ ਪਿਛਲੇ ਦਾ ਮਾਨ ਘਟਦਾ ਹੈ, ਦੂਜਾ ਅਪਣਾ ਵਧਦਾ ਹੈ । ਗੁਰੂ ਕਾ ਸਿਖ, ਸਿਖਾਂ ਦੇ ਜੋੜੇ ਸਿਧੇ ਕਰਿ ਰਖੇ, ਤਾਂ ਜੁ ਮਾਨ ਨ ਵਧੇ । ਗੁਰੂ ਕਾ ਸਿਖ ਚੰਗਾ ਕੋਈ ਸਰਦਾਰ ਬਣਿਆ ਚਾਹੇ, ਤਾਂ

---

[੧੫] ਸਲੋਕ ਸਹਸਕ੍ਰਿਤੀ, ਮਹਲਾ ੫, ਪੰਨਾ ੧੩੫੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੧੬] ਦੇਵਗੰਧਾਰੀ, ਮਹਲਾ ੪, ਪੰਨਾ ੫੨੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ । ਪੂਰਾ ਸ਼ਬਦ ਇਸ ਪ੍ਰਕਾਰ ਹੈ, "*ਦੇਵਗੰਧਾਰੀ ॥ ਹਰਿ ਕੇ ਨਾਮ ਬਿਨਾ ਸੁੰਦਰਿ ਹੈ ਨਕਟੀ ॥ ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ ਤਿਸੁ ਨਾਮੁ ਪਰਿਓ ਹੈ ਧ੍ਰਕਟੀ ॥ ੧ ॥ ਰਹਾਉ ॥ ਜਿਨ ਕੈ ਹਿਰਦੈ ਨਾਹਿ ਹਰਿ ਸੁਆਮੀ ਤੇ ਬਿਗੜ ਰੂਪ ਬੇਰਕਟੀ ॥ ਜਿਉ ਨਿਗੁਰਾ ਬਹੁ ਬਾਤਾ ਜਾਣੈ ਓਹੁ ਹਰਿ ਦਰਗਹ ਹੈ ਭ੍ਰਸਟੀ ॥ ੧ ॥ ਜਿਨ ਕਉ ਦਇਆਲੁ ਹੋਆ ਮੇਰਾ ਸੁਆਮੀ ਤਿਨਾ ਸਾਧ ਜਨਾ ਪਗ ਚਕਟੀ ॥ ਨਾਨਕ ਪਤਿਤ ਪਵਿਤ ਮਿਲਿ ਸੰਗਤਿ ਗੁਰ ਸਤਿਗੁਰ ਪਾਛੈ ਛੁਕਟੀ ॥ ੨ ॥ ੬ ॥*"

ਸਿੱਖਾਂ ਦੀ ਟਹਿਲ ਕਰੇ । ਸਾਖ ਗ੍ਰੰਥ ਸਾਹਿਬ ਜੀ ਦੀ, "*ਟਹਲ ਮਹਲ ਤਾ ਕੌ ਮਿਲੈ, ਜਾ ਕਉ ਸਾਧ ਕ੍ਰਿਪਾਲ ॥*"[੧੭]

ਗੁਰੂ ਕਾ ਸਿਖ, ਨਾਰੀ ਦਾ ਵਿਸਾਹ ਨਾ ਕਰੈ ।[੧੮]

ਗੁਰੂ ਕੇ ਸਿਖ ਨੂੰ ਕੋਈ ਅਰਥੀ ਮਿਲੇ, ਅਥਵਾ ਪਰਚੇ ਵਾਲਾ ਹੋਂਦੇ ਬਲ ਬਸਤ੍ਰ ਸਿਖ ਨੂੰ ਪੁਆਇ ਦੇਵੈ । ਕੇਸੀ ਨ੍ਹਵਾਲੇ, ਪ੍ਰਸਾਦਿ ਛਕਾਏ ।

ਗੁਰੂ ਕਾ ਸਿਖ ਚੋਰੀ, ਯਾਰੀ ਨ ਕਰੇ, ਤੇ ਜੂਆ ਨ ਖੇਡੇ[੧੯] । ਸਾਖ, "*ਚੋਰ ਯਾਰ ਜੂਆਰ ਪੀੜੇ ਘਾਣੀਐ ॥*"[੨੦]

ਗੁਰੂ ਕਾ ਸਿਖ, ਜੋ ਕਿਸੇ ਕੰਮ ਵਿਚ ਹੋਵੈ, ਤਾਂ ਗੁਰੂ ਨਾਲ ਸਨਮੁਖ ਰਹੇ ।

ਮਾਇਆ ਦਾ ਵਿਸਾਹ ਨਹੀਂ । ਸਾਖ, '*ਇਨਿ ਦੁਬਿਧਾ ਘਰ ਬਹੁਤੇ ਗਾਲੇ* ।'[੨੧]

ਗੁਰੂ ਕਾ ਸਿਖ ਪ੍ਰਸਾਦਿ ਪਾਂਵਦਾ ਗੱਲਾਂ ਨ ਕਰੈ । ਉਪਰਿ ਥੁੱਕਾਂ ਪਉਂਦੀਆਂ ਹੈਨਿ । ਗਿਲਾਨਿ ਨ ਹੋਵੈ । ਗੁਰੂ ਕਾ ਸਿਖ, ਅਥਵਾ ਸਿਖਣੀ ਆਟਾ ਗੁੰਨ੍ਹਦੀ, ਪ੍ਰਸਾਦ ਪਾਂਵਦੀ, ਹੱਥ ਧੋਇ ਲਵੈ । ਪਿੰਡਾ ਖੁਰਕੈ, ਤਾਂ ਵੀ ਹੱਥ ਧੋ ਲਏ । ਨਹੁੰ ਵੱਡੇ ਨ ਰਖੇ । ਗੱਲਾਂ ਨਾ ਕਰੇ ਪ੍ਰਸਾਦਿ ਪਾਂਵਦੀ ।

---

[੧੭] ਪਉੜੀ ੨੭, ਗਉੜੀ ਬਾਵਨ ਅਖਰੀ, ਮਹਲਾ ੫, ਪੰਨਾ ੨੫੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ । ਪੂਰੀ ਪਉੜੀ ਇਸ ਪ੍ਰਕਾਰ ਹੈ, "*ਪਉੜੀ ॥ ਟਹਲ ਕਰਹੁ ਤਉ ਏਕ ਕੀ ਜਾ ਤੇ ਬ੍ਰਿਥਾ ਨ ਕੋਇ ॥ ਮਨਿ ਤਨਿ ਮੁਖਿ ਹੀਐ ਬਸੈ ਜੋ ਚਾਹਹੁ ਸੋ ਹੋਇ ॥ ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ ॥ ਸਾਧੂ ਸੰਗਤਿ ਤਉ ਬਸੈ ਜਉ ਆਪਨ ਹੋਹਿ ਦਇਆਲ ॥ ਟੋਹੇ ਟਾਹੇ ਬਹੁ ਭਵਨ ਬਿਨੁ ਨਾਵੈ ਸੁਖੁ ਨਾਹਿ ॥ ਟਲਹਿ ਜਾਮ ਕੇ ਦੂਤ ਤਿਹ ਜੁ ਸਾਧੂ ਸੰਗਿ ਸਮਾਹਿ ॥ ਬਾਰਿ ਬਾਰਿ ਜਾਉ ਸੰਤ ਸਦਕੇ ॥ ਨਾਨਕ ਪਾਪ ਬਿਨਾਸੇ ਕਦਿ ਕੇ ॥ ੨੭ ॥*"

[੧੮] ਦੇਖੋ ਇਸੇ ਪੁਸਤਕ ਵਿੱਚਲਾ ਲੇਖ 'ਨਾਰੀ' ।

[੧੯] "*ਨਿੰਦਾ ਜੂਆ ਹਿਰੈ ਜੁ ਮਾਲ । ਮਹਾਂ ਦੁਖਾਵਹਿ ਤਿਸ ਕੌ ਕਾਲ* ।" ('ਤਨਖਾਹਨਾਮਾ ਭਾਈ ਨੰਦ ਲਾਲ') । "*ਪਰਨਾਰੀ ਜੂਆ ਅਸਤ ਚੋਰੀ ਮਦਰਾ ਜਾਨ । ਪਾਂਚ ਐਬ ਯੇ ਜਗਤ ਮੋ, ਤਜੈ ਸੁ ਸਿੰਘ ਸੁਜਾਨ* ।" ('ਰਹਿਤਨਾਮਾ ਭਾਈ ਦੇਸਾ ਸਿੰਘ') ।

[੨੦] ਪਉੜੀ ੨੧, ਵਾਰ ਮਲਾਰ ਕੀ ਮਹਲਾ ੧, ਪੰਨਾ ੧੨੮੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੨੧] ਮਾਰੂ, ਮਹਲਾ ੧, ਪੰਨਾ ੧੦੨੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ । ਪ੍ਰੋ. ਪਿਆਰਾ ਸਿੰਘ 'ਪਦਮ' ਵਾਲੇ ਸੰਸਕਰਣ ਵਿੱਚ 'ਦੁਬਿਧਾ' ਦੀ ਜਗ੍ਹਾ 'ਮਾਇਆ' ਪਾਠ ਦਰਜ ਹੈ ।

ਗੁਰੂ ਕਾ ਸਿਖ ਕਾਵ੍ਹੇ ਬੈਠਕੇ ਮਿਟੀ ਨਾਲ ਸੋਚ ਕਰੇ, ਪੰਜ-ਇਸਨਾਨਾ ਕਰੈ । ਗੁਰੂ ਕੀ ਅਉਲਾਦ ਨੂੰ ਮੰਨੇ [੨੨]। ਗੁਰੂ ਕੀ ਜਾਗ੍ਹਾ ਨੂੰ ਮੰਨੇ, ਗੁਰੂ ਕੇ ਟਹਲੀਆਂ ਨੂੰ ਮੰਨੈ । ਗੁਰੂ ਕੇ ਲਿਖੇ ਨੂੰ ਮੰਨੇ । ਜਿਨ੍ਹਾਂ ਨੂੰ ਖਾਵੰਦ ਨੇ ਆਪਣਾ ਆਖਿਆ ਹੈ, ਤਿਨ੍ਹਾ ਨੋ ਮੰਨੇ ਅਰੁ ਪੂਜੇ ।

ਗੁਰੂ ਕਾ ਸਿਖ ਕਿਤੇ ਕਾਰਜ ਜਾਏ-ਦੇਸ ਅਥਵਾ ਪਰਦੇਸ, ਆਪਣੇ ਗੁਰੂ ਕੀ ਅਰਦਾਸ ਕਰਕੇ ਟੁਰੇ । ਗੁਰੂ ਕਾ ਸਿਖ ਦੇਸੋਂ ਪਰਦੇਸੋਂ ਨੇੜਿਓਂ ਅਥਵਾ ਦੂਰੋਂ ਘਰਿ ਆਵੈ, ਪਹਿਲੇ ਧਰਮਸਾਲੇ ਮੱਥਾ ਟੇਕੈ । ਯਥਾ-ਸ਼ਕਤਿ ਘਰੋਂ ਬਾਹਰ ਵਰਤਿਆ ਹੋਵੇ, ਤਾਂ ਹੱਥ ਜੁੜਾਇ ਲਏ ।

ਗੁਰੂ ਕਾ ਸਿਖ ਤੀਰਥ ਜਾਏ, ਗੁਰਦੁਆਰੇ ਜਾਇ, ਹੋਂਦੇ ਬਲ ਕਿਸੇ ਦਾ ਧਾਨ ਨ ਖਾਏ । ਕੁਝ ਕਿਸੇ ਨੂੰ ਖਵਾਏ । ਵਿਕਾਰ ਚਿਤਵੈ ਨਾ, ਨਾ ਕਰੈ । ਘਰ ਆਵੈ, ਯਥਾ ਸ਼ਕਤਿ ਸਿਖ ਨੂੰ ਹੱਥ ਧੁਆਏ, "*ਤੀਰਥੁ ਤਪੁ ਦਇਆ ਦਤੁ ਦਾਨੁ॥ ਜੇ ਕੋ ਪਾਵੈ ਤਿਲ ਕਾ ਮਾਨੁ ॥*"[੨੩] ਤਿਲ ਕਾ ਮਣ ਹੋਂਦਾ ਹੈ । ਦਾਨ ਕਰੇ, ਜੋ ਪਾਪ ਨਾ ਕਰੇ ।

ਗੁਰੂ ਕਾ ਸਿਖ, ਜੋ ਅਰਥੀ ਆਵੈ, ਤਿਸ ਕਾ ਅਰਥ ਪੂਰਾ ਕਰੇ । ਅਰੁ ਜੋ ਨਾਲਿ ਤਿਨਾਂ ਕੇ ਹੋਰ ਹੋਵਨਿ, ਤਾਂ ਯਥਾ ਸ਼ਕਤਿ ਸਭਨਾਂ ਸਿਖਾਂ ਦੀ ਪੂਜਾ ਕਰਨੀ, ਉਸਦੇ ਅਧਿਕਾਰ ਸਮਾਨ । ਗੁਰੂ ਕਾ ਸਿਖ ਸਿਖਾਂ ਵਿਚ ਬੈਠ ਕੇ ਕਾਈ ਗੱਲ ਵਧ ਕੇ ਨਾ ਕਰੈ ।

ਗੁਰੂ ਕਾ ਸਿਖ, ਸ਼ਬਦ-ਪਾਠ, ਕੀਰਤਨ ਚਰਚਾ ਸਿਖਾਂ ਵਿਚ ਬੈਠ ਕੇ ਕਰੈ, ਹੋਰ ਗੱਲ ਨਾ ਕਰੈ, ਨਾ ਸੁਣੈ ।

ਗੁਰੂ ਕਾ ਸਿਖ ਗੰਦ-ਵਾਕੀ[੨੪] ਨਾ ਹੋਵੈ, "*ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥*"[੨੫]

---

[੨੨] ਮੀਣੇ, ਧੀਰਮੱਲੀਏ, ਰਾਮਰਾਈਏ ਵੀ ਗੁਰੂ ਸਾਹਿਬਾਨ ਦੀ ਔਲਾਦ ਹੀ ਸਨ । ਰਹਿਤਨਾਮੇ ਇਨ੍ਹਾਂ ਨਾਲ ਸਾਂਝ ਕਰਨ ਤੋਂ ਵਰਜਦੇ ਹਨ । ਗੁਰੂ ਦੀ ਔਲਾਦ ਹੋਣ ਦੇ ਬਾਵਜੂਦ ਇਹ ਮਨਮੁਖਤਾਈ ਹੀ ਕਰਦੇ ਰਹੇ । ਜੇ ਗੁਰੂ ਦੀ ਔਲਾਦ ਗੁਰੂ-ਅਨੁਸਾਰੀ ਹੈ, ਤਾਂ ਵੱਡਭਾਗੀ ਹੈ । ਹੋਰਨਾਂ ਸਿੱਖਾਂ ਵਾਂਗ ਉਨ੍ਹਾਂ ਨਾਲ ਵੀ ਪ੍ਰੇਮ ਕੀਤਾ ਜਾਣਾ ਚਾਹੀਦਾ ਹੈ । ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫ਼ਤਹਿ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਾਹਿਬਜ਼ਾਦੇ ਸਨ, ਜਿਨ੍ਹਾਂ ਨੇ ਧਰਮ ਦੇ ਰਾਸਤੇ 'ਤੇ ਚਲ ਕੇ ਸ਼ਹੀਦੀ ਪ੍ਰਾਪਤ ਕੀਤੀ । ਪੰਥ ਇਨ੍ਹਾਂ ਚਾਰ ਸਾਹਿਬਜ਼ਾਦਿਆਂ ਨੂੰ ਰੋਜ਼ਾਨਾ ਆਪਣੀ ਅਰਦਾਸ ਵਿੱਚ ਯਾਦ ਕਰਦਾ ਹੈ । ਦੂਜੇ ਪਾਸੇ, ਮੀਣੇ, ਧੀਰਮੱਲੀਏ ਤੇ ਰਾਮਰਾਈਏ ਆਦਿਕ ਗੁਰੂ ਦੀ ਔਲਾਦ ਹੋਣ ਦੇ ਬਾਵਜੂਦ ਵੀ ਸਤਿਕਾਰਯੋਗ ਨਹੀਂ ਸਮਝੀ ਗਈ । ਸਪਸ਼ਟ ਹੈ ਕਿ ਕਿਸੇ ਵਿਅਕਤੀ ਦਾ ਇਸ ਕਾਰਣ ਵਿਸ਼ੇਸ਼ ਸਨਮਾਨ ਨਹੀਂ ਕੀਤਾ ਜਾ ਸਕਦਾ ਕਿ ਉਹ ਗੁਰੂ ਸਾਹਿਬ ਦੀ ਔਲਾਦ ਹੈ ।

[੨੩] ਜਪੁ ਜੀ, ਪੰਨਾ ੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੨੪] ਗੰਦੇ ਵਾਕ ਬੋਲਣ ਵਾਲਾ, ਗਾਲ੍ਹਾਂ ਭਰੇ ਬੋਲ ਬੋਲਣ ਵਾਲਾ । ਕਈ ਵਾਰ ਅਜਿਹਾ ਵੇਖਣ ਵਿੱਚ ਆਉਂਦਾ ਹੈ ਕਿ ਕੁੱਝ ਲੋਕ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਵੀ ਅਸ਼ੋਭਨੀਕ ਵਾਕ ਬੋਲ ਜਾਂਦੇ ਹਨ, ਜਿਸ ਨਾਲ ਸੰਗਤ ਉਤੇ ਬੁਰਾ ਪ੍ਰਭਾਵ ਪੈਂਦਾ ਹੈ । ਜੇ ਕੋਈ ਗੰਦ-ਵਾਕੀਆ ਹੈ, ਤਾਂ ਉਹ ਦੋਸ਼ੀ ਹੈ । ਦੋਸ਼ੀ ਹੋਣ ਕਾਰਣ ਉਸ ਨੂੰ ਕੋਈ ਅਧਿਕਾਰ ਨਹੀਂ ਕਿ ਉਹ ਗੁਰਦੁਆਰੇ ਵਿੱਚ ਸੰਗਤ ਨੂੰ ਸੰਬੋਧਨ ਕਰੇ, ਭਾਂਵੇਂ ਉਹ ਕਿਸੇ ਕਥਿਤ ਸੰਤ-ਭੇਖ ਵਿੱਚ ਹੀ ਕਿਉਂ ਨਾ ਹੋਏ ।

ਗੁਰੂ ਕਾ ਸਿਖ, ਰਜਿਕ ਘਾਟ ਇਸਨਾਨ ਨ ਕਰੈ ।[੨੬]

ਗੁਰੂ ਕਾ ਸਿਖ ਭਜਨਵਾਨ ਪ੍ਰਸਾਦਿ ਮ੍ਰਿਜਾਦਾ ਦਾ ਖਾਏ । ਜਿਸ ਦੀ ਚਾਹ ਰਹੇ, ਸੋ ਪਵਿਤ੍ਰ ਅੰਮ੍ਰਿਤ ਦੇਵਤਿਆਂ ਦਾ ਭੋਜਨ ਪੁਰ ਕਰਿ ਭਾਂਡਾ ਭਰਿਆ ਹੋਇਆ ਸੋ ਅੰਨ ਮਾਨੁਖ ਕਾ ਅਹਾਰ ਭਾਂਡਾ ਭਰ ਲੈਣਾ । ਅਤੇ ਜੋ ਵਧੀਕ ਸੋ ਸਮਾਨ ਪਸ਼ੂਆਂ ਦਾ ਅਹਾਰ, ਬੁੱਧਿ ਨੂੰ ਅਛਾਦ ਲੈਂਦਾ ਹੈ, ਨਾਲੇ ਦੁੱਖ ਦੇਂਦਾ ਹੈ ।

ਗੁਰੂ ਕਾ ਸਿਖ, ਭੁੱਲੇ ਨੂੰ ਮਾਰਗ ਪਾਏ ।

ਗੁਰੂ ਕਾ ਸਿਖ, ਕੀਰਤਨ ਸ਼ਬਦ ਸੋਹਿਲਾ[੨੭] ਪੜ੍ਹ ਕੇ ਸਵੈਂ ।

ਗੁਰੂ ਕਾ ਸਿਖ, ਕਾਰਜ, ਵਿਆਹ ਵਿਚ ਕੰਮ ਉਸ ਬ੍ਰਾਹਮਣ ਪਾਸੋਂ ਕਰਾਏ, ਜੋ ਰਹਿਤ ਗੁਰੂ ਕੀ ਰਖੇ ।[੨੮]

ਗੁਰੂ ਕਾ ਸਿਖ ਹੋਂਦੇ ਬਲ ਧੌੜੀ ਦੇ ਬੋਕੇ[੨੯] ਪਾਣੀ ਨਾ ਪੀਐ, ਨਾ ਤੁਰਕ ਕੇ ਪਾਸੋਂ ਜਲ ਪੀਐ[੩੦] ।

---

[੨੫] ਸਿਰੀਰਾਗੁ ਮਹਲਾ ੧, ਪੰਨਾ ੧੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੨੬] 'ਰਜਿਕ ਘਾਟ ਇਸ਼ਨਾਨ ਕਰਨਾ' ਇੱਕ ਮੁਹਾਵਰਾ ਹੈ, ਜਿਸ ਦਾ ਭਾਵ ਹੈ 'ਵੇਸਵਾ ਦਾ ਸੰਗ ਕਰਨਾ' ।

[੨੭] ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਪੰਜ ਸ਼ਬਦਾਂ ਦੇ ਇੱਕ ਸੰਗ੍ਰਹਿ ਨੂੰ 'ਸੋਹਿਲਾ' ਕਿਹਾ ਜਾਂਦਾ ਹੈ, ਜਿਸ ਦਾ ਪਾਠ ਗੁਰਸਿੱਖ ਰਾਤ ਨੂੰ ਸੌਣ ਵੇਲੇ ਕਰਦੇ ਹਨ । ਇਹ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੨ ਅਤੇ ੧੩ ਉੱਤੇ ਦਰਜ ਹੈ । ਗੁਰਦੁਆਰਿਆਂ ਵਿੱਚ ਸ਼ਾਮ ਨੂੰ ਕੀਰਤਨ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੁਖਾਸਨ ਦੌਰਾਨ 'ਸੋਹਿਲਾ' ਬਾਣੀ ਦਾ ਪਾਠ ਕੀਤਾ ਜਾਂਦਾ ਹੈ, ਇਸਲਈ ਆਮ ਤੌਰ 'ਤੇ ਇਸ ਨੂੰ 'ਕੀਰਤਨ ਸੋਹਿਲਾ' ਵੀ ਆਖਿਆ ਜਾਂਦਾ ਹੈ ।

[੨੮] ਪੁਰਾਤਨ ਭਾਰਤ ਵਿੱਚ, ਅਤੇ ਬਹੁਤੀ ਥਾਂਈ ਆਧੁਨਿਕ ਭਾਰਤ ਵਿੱਚ ਵੀ, ਵਿਆਹ ਆਦਿ ਦੌਰਾਨ ਖ਼ਾਸ-ਖ਼ਾਸ ਕੰਮ ਵੱਖਰੀਆਂ-ਵੱਖਰੀਆਂ ਜਾਤਾਂ ਦੇ ਲੋਕ ਕਰਦੇ ਸਨ/ਹਨ । ਉਦਾਹਰਣ ਵਜੋਂ, ਪਾਣੀ ਢੋਣ ਦਾ ਕੰਮ 'ਝਿਊਰ' ਕਰਦੇ ਸਨ । ਉੱਚੀਆਂ ਸਮਝੀਆਂ ਜਾਂਦੀਆਂ ਜਾਤਾਂ (ਬ੍ਰਾਹਮਣ, ਖਤਰੀ ਆਦਿ) ਵਿੱਚ ਕਈ ਕੰਮ ਬ੍ਰਾਹਮਣ ਜਾਤ ਦੇ ਲੋਕ ਕਰਦੇ ਸਨ । ਉਦਾਹਰਣ ਵਜੋਂ, ਭੋਜਨ ਬਣਾਉਣ ਦੀ ਜ਼ਿੰਮੇਵਾਰੀ ਬ੍ਰਾਹਮਣ ਜਾਤ ਦੇ ਵਿਅਕਤੀਆਂ ਨੂੰ ਸੌਂਪੀ ਜਾਂਦੀ ਸੀ । ਇਸ ਤਰ੍ਹਾਂ ਇਹ ਵੱਖਰੇ-ਵੱਖਰੇ ਕੰਮ ਖ਼ਾਨਦਾਨੀ ਪੇਸ਼ਾ ਬਣ ਚੁੱਕੇ ਸਨ । ਭਾਵ, ਬ੍ਰਾਹਮਣ ਰਸੋਈਏ ਦਾ ਪੁੱਤਰ ਰਸੋਈਆ ਹੀ ਬਣਦਾ ਸੀ ਤੇ ਝਿਊਰ ਦਾ ਪੁੱਤਰ ਪਾਣੀ ਹੀ ਢੋਂਦਾ ਸੀ । (ਭਾਰਤ ਵਿੱਚ ਹੁਣ ਵੀ ਬਹੁਤ ਥਾਂਵਾਂ ਉੱਤੇ ਗ਼ੈਰ-ਬ੍ਰਾਹਮਣ ਰਸੋਈਏ ਦੇ ਹੱਥ ਦਾ ਭੋਜਨ ਉੱਚੀਆਂ ਸਮਝੀਆਂ ਜਾਂਦੀਆਂ ਜਾਤਾਂ ਦੇ ਲੋਕ ਨਹੀਂ ਕਰਦੇ) । ਜਦੋਂ ਖ਼ਾਲਸੇ ਦੀ ਨਵੀਂ ਰਹਿਤ ਦਾ ਐਲਾਨ ਹੋਇਆ, ਤਾਂ ਲੋਕਾਂ ਨੇ ਆਪਣੇ ਪੇਸ਼ੇ ਰਾਤੋ-ਰਾਤ ਨਹੀਂ ਸਨ ਬਦਲ ਲਏ । ਬ੍ਰਾਹਮਣ ਰਸੋਈਆ ਸਿੱਖ ਬਣ ਕੇ ਵੀ ਰਸੋਈਏ ਦਾ ਪੇਸ਼ਾ ਹੀ ਕਰਦਾ ਰਿਹਾ ਤੇ ਝਿਊਰ ਸਿੱਖ ਬਣ ਕੇ ਵੀ ਪਿੰਡ ਵਿੱਚ ਪਾਣੀ ਹੀ ਢੋਂਦਾ ਰਿਹਾ । ਉੱਚੀਆਂ ਜਾਤਾਂ ਵਾਲੇ ਘਰਾਂ ਵਿੱਚ ਵੈਦਿਕ ਮਤਿ ਦੇ ਧਾਰਨੀ ਬ੍ਰਾਹਮਣ ਹੀ ਰਸੋਈਏ ਆਦਿ ਦਾ ਕੰਮ ਕਰਦੇ ਰਹੇ ਸਨ । ਅੰਮ੍ਰਿਤਧਾਰੀ ਹੋਣ ਮਗਰੋਂ ਇਨ੍ਹਾਂ ਘਰਾਂ ਵਿੱਚ ਕੇਵਲ ਉਸ ਬ੍ਰਾਹਮਣ ਰਸੋਈਏ ਆਦਿ ਨੂੰ ਹੀ ਕੰਮ-ਕਾਰ ਲਈ ਲਾਇਆ ਜਾਣ ਲੱਗਾ, ਜੋ 'ਰਹਿਤ ਗੁਰੂ ਕੀ' ਰੱਖਦਾ ਸੀ । ਸਮੇਂ ਦੇ ਬਦਲਾਉ ਨਾਲ, ਹੁਣ ਸਭ ਜਾਤਾਂ ਦੇ ਲੋਕ ਸਭ ਤਰ੍ਹਾਂ ਦੇ ਕੰਮ ਕਰਦੇ ਹਨ । ਇਸਲਈ ਇਸ ਰਹਿਤਨਾਮੇ ਦੀ ਇਸ ਪੰਕਤੀ ਦਾ ਇੰਨਾ ਮਹੱਤਵ ਨਹੀਂ ਰਹਿ ਗਿਆ ।

ਗੁਰੂ ਕਾ ਸਿਖ ਦਇਆ ਪਾਲੇ, ਸਰਬਤ ਉਪਰਿ । ਪਰ ਜਿਸ ਦਇਆ ਵਿਚ ਵਿਘਨ ਨਿਕਲੈ, ਸੋ ਨਾ ਕਰੈ ।

ਗੁਰੂ ਕਾ ਸਿਖ, ਨੀਚ ਕਰਮ ਨਾ ਸਿਖੇ । ਕੁਸੰਗਤਿ ਨਾ ਕਰੇ[੩੧] । ਜੜ੍ਹ ਅਚੇਤ[੩੨] ਨਾ ਹੋਵੈ । ਆਪਣੇ ਗੁਰੂ ਬਿਨਾ ਹੋਰ ਨਾ ਜਾਣੇ । ਗੁਰੂ ਕੀ ਬਾਣੀ ਸੋਧੇ, ਅਰਥ ਵੀਚਾਰੇ ।

ਗੁਰੂ ਕਾ ਸਿਖ ਜੇ ਉਦਾਸੀ[੩੩] ਕਰੇ, ਤਾਂ ਆਪਣੇ ਗੁਰਾਂ ਦੇ ਅਸਥਾਨ ਦੇਖੇ ।

ਗੁਰੂ ਕਾ ਸਿਖ ਜੋ ਬਚਨ ਕਹੇ, ਮਿਠਾ ਮਿਠਾ ਕਰੇ[੩੪], ਕੌੜਾ ਨ ਕਰੈ । ਰਿਦਾ ਨਾ ਦੁਖਾਇ। ਸਾਖ, "*ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥*"[੩੫]

ਗੁਰੂ ਕਾ ਸਿਖ, ਸਨਬੰਧੀਆਂ ਨੂੰ ਗੁਰਮਤਿ ਧਰਮ ਦਾ ਉਪਦੇਸ਼ ਕਰੈ । ਜੋ ਧਨਵਾਨ ਹੋਵੈ, ਆਪਣੇ ਧਰਮ ਦਾ ਉਪਦੇਸ਼ ਕਰੈ । ਦੁਸ਼ਟ ਨਾਲ, ਤੱਤੇ[੩੬] ਨਾਲ ਚਰਚਾ ਨਾ ਕਰੈ । ਧੀਰਜ ਦੀ ਚਰਚਾ, ਸਾ ਚਰਚਾ । ਕਾਗ-ਚਰਚਾ ਨਾ ਕਰੈ ।

---

[੨੯] ਚਮੜੇ ਦਾ ਡੋਲ, ਮਸ਼ਕ । ਪੁਰਾਣੇ ਸਮੇਂ ਖੂਹਾਂ 'ਤੇ ਚਮੜੇ ਦੇ ਡੋਲ ਆਦਿ ਵਰਤੇ ਜਾਂਦੇ ਸਨ । ਆਉਂਦੇ-ਜਾਂਦੇ ਲੋਕ ਇਨ੍ਹਾਂ ਡੋਲਾਂ ਰਾਹੀਂ ਖੂਹ ਵਿੱਚੋਂ ਪਾਣੀ ਕੱਢ ਕੇ ਪੀ ਲੈਂਦੇ ਸਨ । ਇਨ੍ਹਾਂ ਡੋਲਾਂ ਰਾਹੀਂ ਪਾਣੀ ਇੱਕ ਥਾਂ ਤੋਂ ਦੂਜੀ ਥਾਂ ਵੀ ਲਿਜਾਇਆ ਜਾਂਦਾ ਸੀ । ਸਫ਼ਰ ਦੌਰਾਨ, ਜਾਂ ਯੁੱਧਾਂ ਦਰਮਿਆਨ ਵੀ ਮਸ਼ਕਾਂ ਦੀ ਹੀ ਵਰਤੋਂ ਕੀਤੀ ਜਾਂਦੀ ਰਹੀ ਹੈ । ਪਿੱਤਲ ਜਾਂ ਲੋਹੇ ਦੇ ਭਾਰੇ ਬਰਤਨਾਂ ਦੀ ਥਾਂ ਮਸ਼ਕ ਦੀ ਵਰਤੋਂ ਆਸਾਨ ਸੀ । ਇਸ ਰਹਿਤਨਾਮੇ ਦੀ ਸਲਾਹ ਹੈ ਕਿ 'ਹੋਂਦੇ ਬਲ' ਜਾਂ ਜਿੱਥੋਂ ਤਕ ਸੰਭਵ ਹੋ ਸਕੇ, ਚਮੜੇ ਦੇ ਡੋਲ ਦਾ ਪਾਣੀ ਨਾ ਪੀਤਾ ਜਾਏ । ਇਸ ਦੀ ਵਜ੍ਹਾ ਸ਼ਾਇਦ ਇਹ ਹੈ ਕਿ ਇਸ ਗੱਲ ਦਾ ਕੋਈ ਇਲਮ ਨਹੀਂ ਕਿ ਚਮੜੇ ਦਾ ਡੋਲ ਬਣਾਉਣ ਲਈ ਕਿਸ ਕਿਸਮ ਦੇ, ਜਾਂ ਕਿਸ ਜਾਨਵਰ ਦੇ ਚਮੜੇ ਦੀ ਵਰਤੋਂ ਕੀਤੀ ਗਈ ਹੈ । ਹੁਣ ਤਾਂ ਬੋਕੇ ਦੀ ਵਰਤੋਂ ਬੀਤੇ ਜ਼ਮਾਨੇ ਦੀ ਗੱਲ ਬਣ ਕੇ ਰਹਿ ਗਈ ਹੈ ।

[੩੦] ਦੇਖੋ ਇਸ ਪੁਸਤਕ ਵਿੱਚਲਾ ਲੇਖ 'ਤੁਰਕ' ।

[੩੧] ਰਾਗ ਮਾਰੂ ਵਿੱਚ ਗੁਰੂ ਅਮਰਦਾਸ ਜੀ ਦਾ ਫ਼ੁਰਮਾਨ ਹੈ, "*ਕੁਸੰਗਤਿ ਬਹਹਿ ਸਦਾ ਦੁਖੁ ਪਾਵਹਿ ਦੁਖੋ ਦੁਖੁ ਕਮਾਇਆ ॥*" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੦੬੮) ।

[੩੨] ਮੂਰਖ, ਚੇਤਨਾ ਤੋਂ ਬਿਨ੍ਹਾਂ। "*ਬਾਝਹੁ ਗੁਰੂ ਅਚੇਤੁ ਹੈ ਸਭ ਬਧੀ ਜਮਕਾਲਿ ॥*" (ਸਿਰੀਰਾਗੁ ਮਹਲਾ ੩, ਪੰਨਾ ੩੦), "*ਨਰ ਅਚੇਤ ਪਾਪ ਤੇ ਡਰੁ ਰੇ ॥ ਦੀਨ ਦਇਆਲ ਸਗਲ ਭੈ ਭੰਜਨ ਸਰਨਿ ਤਾਹਿ ਤੁਮ ਪਰੁ ਰੇ ॥*" (ਗਉੜੀ ਮਹਲਾ ੯, ਪੰਨਾ ੨੨੦), "*ਅਚੇਤ ਮੂੜਾ ਨ ਜਾਣੰਤ ਘਟੰਤ ਸਾਸਾ ਨਿਤ ਪ੍ਰਤੇ ॥*" (ਸਲੋਕ ਸਹਸਕ੍ਰਿਤੀ ਮਹਲਾ ੫, ਪੰਨਾ ੧੩੫੯), "*ਮੂਲੁ ਸਮਾਲਹੁ ਅਚੇਤ ਗਵਾਰਾ ॥ ਇਤਨੇ ਕਉ ਤੁਮ੍ ਕਿਆ ਗਰਬੇ ॥*" (ਆਸਾ ਮਹਲਾ ੫, ਪੰਨਾ ੩੭੪) ।

[੩੩] ਉਪਰਾਮਤਾ, ਤਿਆਗ, ਧਾਰਮਿਕ ਯਾਤਰਾ । ਗੁਰੂ ਨਾਨਕ ਦੇਵ ਜੀ ਦੀਆਂ ਯਾਤਰਾਵਾਂ ਲਈ 'ਉਦਾਸੀ' ਲਫ਼ਜ਼ ਵਰਤਿਆ ਜਾਂਦਾ ਹੈ ।

[੩੪] "*ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥*" (ਸਲੋਕੁ ਮਹਲਾ ੧, ਵਾਰ ਆਸਾ, ਪੰਨਾ ੪੭੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ।

[੩੫] ਸਲੋਕ ਫ਼ਰੀਦ ਜੀ ੧੨੯, ਪੰਨਾ ੧੩੮੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਗੁਰੂ ਕਾ ਸਿਖ ਪਾਹੁਲ ਲਏ, ਤਾਂ ਸੁਚੇਤ ਰਹੇ, ਭਜਨਵਾਨ, ਬੁਧਿਮਾਨ ਦੇ ਹੱਥੀਂ ਲਏ। ਕਾਣਾ, ਗੰਜਾ, ਕੋੜ੍ਹਾ ਨਾ ਹੋਵੈ। ਗੰਦ-ਵਾਕੀਆ, ਅਣਦਾੜ੍ਹੀਆ, ਬਦ-ਕਰਮੀ, ਚੋਰ, ਯਾਰ, ਜੂਆਰੀ, ਵਿਕਾਰੀ ਨਾ ਹੋਵੇ। ਜਿਸ ਕੇ ਹਾਥੋਂ ਗੁਰਦੀਖਿਆ ਲਈਦੀ ਹੈ, ਤਿਸ ਕੇ ਕਰਮਾਂ ਨਾਲ ਹਿਸਾਬ ਹੋਂਦਾ ਹੈ, ਲੈਣ ਵਾਲੇ ਦਾ। ਤਾਂ ਤੇ ਸੁਚੇਤ ਪਾਸੋਂ ਦੀਖਿਆ ਲਏ।

ਗੁਰੂ ਕਾ ਸਿਖ, ਧਨਵਾਨ ਹੋਵੈ, ਗ਼ਰੀਬ ਹੋਵੈ, ਆਪਣੇ ਪਰਵਾਰ ਵਲਿ ਨਦਰਿ ਕਰਿ ਦੇਖੇ। ਆਪਣੀ ਉਮਰ ਵਲਿ ਨਜ਼ਰ ਕਰ ਦੇਖੇ। ਜੋ ਬੀਤੀ ਕਿਤਨੀ ਅਤੇ ਰਹਿੰਦੀ ਕਿਤਨੀ ? ਚਾਰ ਅਵਸਥਾ ਦੇਹ ਦੀਆਂ ਹਨ- ਬਾਲ, ਜੁਆਨੀ, ਬ੍ਰਿਧਾ ਤੇ ਮਿਰਤਕ। ਤਾਂ ਤੇ ਭਰੋਸਾ ਜੀਵਣ ਦਾ ਕਿਆ ਹੈ ?

ਅਰੁ ਭਾਉ-ਮੁਹੱਬਤ ਸਮਾਂ ਪਾਇਕੇ ਘਟ ਜਾਇਗੀ। ਗੁਰੂ ਕਾ ਸਿਖ ਮਿਲਦਾ ਮੇਲ ਕਰੇ, ਭ੍ਰਿਸ਼ਟ ਨਾ ਹੋਵੈ।

ਗੁਰੂ ਕਾ ਸਿਖ, ਪ੍ਰਸਾਦ ਖਾਂਦਾ, ਦਾਨ ਦੇਂਦਾ, ਭਜਨ ਕਰਦਾ ਕ੍ਰੋਧ ਨਾ ਕਰੇ। ਕ੍ਰੋਧ ਚੰਡਾਲ[੩੭] ਦੀ ਸੰਗਤਿ ਨਾਹੀਂ ਕਰਨੀ[੩੮]। ਸਾਖ ਪਾਤਿਸ਼ਾਹੀ ੧੦, "*ਧਰਮ ਜਿਉ ਕ੍ਰੁੱਧ ਤੇ ਭਰਮ ਸੁਬੁੱਧ ਤੇ ਚੰਡਿ ਕੇ ਜੁੱਧ ਤੇ ਦੈਤ ਪਰਾਨੇ ॥*"[੩੯]

ਗੁਰੂ ਕਾ ਸਿਖ, ਭਲੇ ਸਿਖ ਕੀ ਸੰਗਤਿ ਕਰੈ, ਜਿਸ ਕੇ ਸੰਗਿ ਭਾਉ-ਪ੍ਰੀਤਿ ਸ਼ਬਦ ਦੀ ਪ੍ਰਾਪਤੀ ਹੋਇ। ਗੁਰੂ ਕਾ ਸਿਖ, ਸ਼ਬਦ ਬਾਣੀ ਚਰਚਾ ਉਸ ਨਾਲ ਕਰੈ, ਜਿਹੜਾ ਪ੍ਰੀਤਿ ਦੇ ਨਾਲ ਪੁੱਛੈ ਅਰੁ ਸੁਣੈ। ਸਾਖ, "*ਵਿਣੁ ਗਾਹਕ ਗੁਣ ਵੇਚੀਐ ਤਉ ਗੁਣੁ ਸਹਿਘੋ ਜਾਇ ॥*"[੪੦] ਪ੍ਰੀਤਵਾਨ ਨਾਲ ਚਰਚਾ ਕਰਨੀ, ਤਿਸ ਦਾ ਫਲ ਏਹੁ ਹੈ, "*ਗੁਣ ਕਾ ਗਾਹਕੁ ਜੇ ਮਿਲੈ, ਤਉ ਗੁਣੁ ਲਾਖ ਵਿਕਾਇ॥*"[੪੧]

ਗੁਰੂ ਕਾ ਸਿਖ ਗੁਰੂ ਕੀ ਚਰਚਾ ਸ਼ਬਦ ਦੀ, ਗ਼ੈਰ ਨਾਲ ਨ ਕਰੇ। ਸਾਖ: - 'ਪਰ ਘਰ ਜਾਇ ਨ ਕੀਜੈ ਕਥਾ। ਏਹੁ ਸਤਿਗੁਰੂ ਕੀ ਹੈ ਮਥਾ।'

---

[੩੬] ਕੌੜਾ ਬੋਲਣ ਵਾਲਾ, "*ਇਕਿ ਤਤੇ ਇਕਿ ਬੋਲਨਿ ਮਿਠੇ ॥*" (ਮਾਰੂ ਮਹਲਾ ੫, ਪੰਨਾ ੧੦੧੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)। 'ਤੱਤਾ' ਮੁਸਲਮਾਨ ਨੂੰ ਵੀ ਆਖਿਆ ਗਿਆ ਹੈ, ਕਿਉਂਕਿ ਸਿੱਖ-ਪੁਸਤਕਾਂ ਵਿੱਚ ਮੁਸਲਮਾਨ ਲਈ 'ਤੁਰਕ' ਲਫ਼ਜ਼ ਵੀ ਵਰਤਿਆ ਗਿਆ ਹੈ, ਤੇ 'ਤੁਰਕ' ਲਫ਼ਜ਼ ਦਾ ਪਹਿਲਾ ਅੱਖਰ 'ਤ' ਹੋਣ ਕਰਕੇ ਇਸ ਅੱਖਰ ਨੂੰ ਸੰਕੇਤਕ ਤੌਰ 'ਤੇ ਤੁਰਕ, ਭਾਵ ਮੁਸਲਮਾਨ, ਲਈ ਵਰਤਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਮੁਸਲਮਾਨ ਪੀਰਾਂ ਨਾਲ ਵੀਚਾਰ-ਚਰਚਾ ਕੀਤੀ ਹੈ। ਇਸ ਲਈ ਅਜਿਹਾ ਕਹਿਣਾ ਠੀਕ ਨਹੀਂ ਕਿ ਮੁਸਲਮਾਨ ਨਾਲ ਚਰਚਾ ਨਾ ਕੀਤੀ ਜਾਏ।

[੩੭] "*ਪਰ ਨਿੰਦਾ ਪਰ ਮਲੁ ਮੁਖਿ ਸੁਧੀ ਅਗਨਿ ਕ੍ਰੋਧੁ ਚੰਡਾਲੁ ॥*" (ਸਿਰੀਰਾਗੁ ਮਹਲਾ ੧, ਪੰਨਾ ੧੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

[੩੮] "*ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ ॥*" (ਸਿਰੀਰਾਗੁ ਮਹਲਾ ੪, ਪੰਨਾ ੪੦)।

[੩੯] ਚੰਡੀ ਚਰਿਤ੍ਰ ਉਕਤਿ ਬਿਲਾਸ, ਪੰਚਮੋ ਧਿਆਇ, ਪੰਨਾ ੮੮, ਸ੍ਰੀ ਦਸਮ ਗ੍ਰੰਥ ਸਾਹਿਬ।

[੪੦] ਸਲੋਕੁ ਮਹਲਾ ੧, ਮਾਰੂ ਵਾਰ, ਪੰਨਾ ੧੦੮੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

[੪੧] ਸਲੋਕੁ ਮਹਲਾ ੧, ਮਾਰੂ ਵਾਰ, ਪੰਨਾ ੧੦੮੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਗੁਰੂ ਕਾ ਸਿਖ, ਆਪਣੇ ਗੁਰੂ ਕੀ ਉਸਤਤਿ ਕਰੈ । ਜੋ ਗੁਰੂ ਕਾ ਸਿਖ ਅਖਾਏ, ਅਤੇ ਸ਼ਬਦ ਗ੍ਰੰਥ ਸਾਹਿਬ ਜੀ ਦਾ ਗੁਰੂ ਕਰਕੇ ਨਾ ਮੰਨੇ, ਆਪਣੀ ਮਾਇਆ ਦੇ ਹੰਕਾਰ ਵਿਚ ਗਲਤਾਨ ਰਹੇ, ਸਾਖ, "*ਪੂਰੇ ਗੁਰ ਕਾ ਹੁਕਮੁ ਨ ਮੰਨੈ, ਓਹੁ ਮਨਮੁਖੁ ਅਗਿਆਨੁ ਮੁਠਾ ਬਿਖੁ ਮਾਇਆ ॥*"[੪੨]

ਗੁਰੂ ਕਾ ਸਿਖ ਸ਼ਬਦ ਦੀ ਖੋਜਨਾ ਵਿਚਾਰ ਕਰਦਾ ਰਹੈ, ਸਿਖੀ ਦੀ ਪ੍ਰਾਪਤੀ ਹੋਂਦੀ ਹੈ । ਸਾਖ, "*ਸਿਖੀ ਸਿਖਿਆ ਗੁਰ ਵੀਚਾਰਿ ॥*"[੪੩] ਗੁਰੂ ਕਾ ਸਿਖ, ਗੀਤ, ਟੱਪੇ, ਖ਼ਿਆਲ ਦੁਨੀਆ ਦੇ ਨਾ ਸੁਣੇ । ਗੁਰੂ ਕਾ ਸਿਖ, ਦੁਨੀਆਂ ਦੇ ਰਸਾਂ-ਕਸਾਂ ਵਿਚ ਨਾ ਪਵੈ । ਸਾਖ, "*ਰਾਗ ਨਾਦ ਛੋਡਿ ਹਰਿ ਸੇਵੀਐ ਤਾਂ ਦਰਗਹ ਪਾਈਐ ਮਾਨੁ ॥*"[੪੪] ਗੁਰੂ ਕਾ ਸਿਖ, ਗੁਰੂ ਕੀ ਬਾਣੀ ਬਿਨਾ ਹੋਰ ਬਾਤਾਂ ਨਾ ਸੁਣੇ । ਸਾਖ, "*ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥*"[੪੫]

ਗੁਰੂ ਕਾ ਸਿਖ ਸ਼ਾਹ ਨਾਲ, ਟਲੇਟੇ ਨਾਲ, ਚਾਕਰ, ਖਾਵੰਦ ਨਾਲ ਧ੍ਰੋਹ ਨਾ ਕਰੈ, ਬੁਰਾ ਨ ਚਿਤਵੈ । ਸਾਖ, "*ਪਰ ਕਾ ਬੁਰਾ ਨ ਰਾਖਹੁ ਚੀਤ ॥ ਤੁਮ ਕਉ ਦੁਖੁ ਨਹੀ ਭਾਈ ਮੀਤ ॥*"[੪੬]

ਗੁਰੂ ਕਾ ਸਿਖ ਧਰਮਸਾਲੇ-ਗ੍ਰੰਥ ਸਾਹਿਬ ਜੀ ਦੇ ਪਾਸ ਸਾਧਸੰਗਤਿ ਸਿਖਾਂ ਦੀ ਸੁਹਬਤਿ ਵਿਚ ਬੈਠ ਕੇ ਕਿਸੇ ਗੁਣ ਚਤੁਰਾਈ ਧਨ ਜੁਆਨੀ ਦਾ ਮਾਣ ਨਾ ਕਰੈ । ਸਾਖ ਗ੍ਰੰਥ ਸਾਹਿਬ ਜੀ ਦੀ, "*ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥*"[੪੭]

ਗੁਰੂ ਕਾ ਸਿਖ ਤਨ ਧਨ ਗੁਰੂ ਨੂੰ ਅਰਪੇ, ਆਪਣਾ ਨਾ ਰਖੇ । ਸਾਖ, "*ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥*"[੪੮] ਗੁਰੂ ਉਸ ਦਾ ਹੁੰਦਾ ਹੈ, ਜੋ ਗੁਰੂ ਦਾ ਹੋਇ ਰਹੇ ।

ਗੁਰੂ ਕਾ ਸਿਖ ਦੇਸ-ਪਰਦੇਸਿ ਸੁਸਤ-ਨਰਮ ਹੋਇ ਜਾਇ ਤਾਂ ਸਿਖ ਵਸਤੀ ਵਾਲੇ ਓਸ ਦੀ ਟਹਿਲ ਕਰਨ ਅਤੇ ਦਰਦ ਨਾਲ ਗੁਰੂ ਕੇ ਨਾਤੇ, ਉਸ ਦੇ ਪੱਲੇ ਹੋਵੈ ਅਥਵਾ ਨਾ ਹੋਵੇ, ਸਿਖ ਨੂੰ ਤਾਜ਼ਿਆਂ ਕਰਨ, ਆਪਣੇ ਪੱਲਿਓਂ ਲਾਵਣ । ਗੁਰੂ ਨਾਲ ਗੰਢ ਪਾਉਂਦਾ ਹੈ । ਜੇਕਰ ਗੁਰੂ ਕੇ ਸਿਖ ਨੂੰ ਕੋਈ ਸੰਕਟ ਬਣ ਜਾਏ, ਮਾਇਆ ਦਾ,

---

[੪੨] ਮਹਲਾ ੪, ਸਲੋਕ, ਗਉੜੀ ਕੀ ਵਾਰ, ਪੰਨਾ ੩੦੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੪੩] ਮਹਲਾ ੧, ਸਲੋਕ, ਵਾਰ ਆਸਾ, ਪੰਨਾ ੪੬੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੪੪] ਮਹਲਾ ੩, ਸਲੋਕ, ਬਿਲਾਵਲ ਕੀ ਵਾਰ, ਪੰਨਾ ੮੪੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੪੫] ਪਉੜੀ ੨੪, ਰਾਮਕਲੀ, ਮਹਲਾ ੩, ਅਨੰਦੁ, ਪੰਨਾ ੯੨੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੪੬] ਆਸਾ, ਮਹਲਾ ੫, ਪੰਨਾ ੩੮੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੪੭] ਸਲੋਕ ੧੫੬, ਕਬੀਰ ਜੀ, ਪੰਨਾ ੧੩੭੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੪੮] ਸਲੋਕ ੯੫, ਫ਼ਰੀਦ ਜੀ, ਪੰਨਾ ੧੩੮੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ । ਪੂਰਾ ਸਲੋਕ ਇਸ ਪ੍ਰਕਾਰ ਹੈ, "*ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥ ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥*"

ਅਥਵਾ ਹੋਰ ਕੋਈ-ਹੋਂਦੇ ਬਲ ਸਿਖ, ਸਿਖ ਦਾ ਸੰਕਟ ਦੂਰ ਕਰੇ । ਉਸ ਦਾ ਵਿਤ ਵੇਖ ਕੇ ਆਪ ਪੱਲਿਓਂ ਦੇਵਣ। ਮਕਰੀ, ਭੇਖਧਾਰੀ, ਪਖੰਡੀ ਬਹੁਤੇ ਪੰਥ ਵਿਚ ਧਸ ਜਾਵਣਗੇ । ਵਿਚਾਰ ਕਰਕੇ ਦੇਖ ਲੈਣ ।

ਸਿਖ ਦੀ ਲੜਕੀ ਦਾ ਸੁਆਰਥ ਹੋਵੇ ਸਿਖ ਨਾਲ, ਤਾਂ ਸਿਖ ਵਾਸੀ ਵਾਲੇ ਲਾਗਤ ਆਪ ਦੇਵਣ । ਅਤੇ ਜਿਤਨੀ ਸਰੇ, ਤਿਤਨੀ ਸਹਾਇਤਾ ਦੇਵਣ ।

ਗੁਰੂ ਕਾ ਸਿਖ ਗੋਰ, ਮੜ੍ਹੀ, ਕਬਰ, ਦੇਹਰਾ, ਮਸੀਤ, ਮੁੱਲਾਂ, ਕਾਜ਼ੀ ਨੂੰ ਨਾ ਮੰਨੇ[੪੯], ਬਿਨਾਂ ਗੁਰੂ ਆਪਣੇ । ਸਾਖ, "ਬ੍ਰਤ ਗੋਰ ਮੜ੍ਹੀ ਮਟ ਭੂਲ ਨ ਮਾਨੈ॥"[੫੦]

ਗੁਰੂ ਕਾ ਸਿਖ ਲੜਕਾ ਅਚੇਤ ਗ੍ਰੰਥ ਸਾਹਿਬ ਦੇ ਪਾਠ ਨੂੰ ਨਾ ਬੈਠਾਏ । ਸਿਖਾਲਣੇ ਵਾਲੇ ਪਾਸ ਬੈਠਾ ਰਹੇ । ਅਦਬ ਦੱਸੇ । ਗ੍ਰੰਥ ਸਾਹਿਬ ਨੂੰ ਗੁਰੂ ਕਰਿ ਜਾਣੇ । ਗੁਰੂ ਕਾ ਸਿਖ ਪਾਠ ਕਰਨ ਬੈਠੇ ਗ੍ਰੰਥ ਜੀ ਦਾ, ਸੁਚੇਤ ਹੋਇ ਕੇ ਬੈਠੇ । ਨੱਕ, ਪਿੰਡਾ ਖੁਰਕ ਕੇ ਹੱਥ ਧੋਇ ਲਏ। ਸਾਖ, "*ਪੋਥੀ ਪਰਮੇਸਰ ਕਾ ਥਾਨੁ ॥*"[੫੧]

ਗੁਰੂ ਕਾ ਸਿਖ ਜੋ ਕਿਸੇ ਸਿਖ ਭੁੱਲੇ ਨੂੰ ਸ਼ੁਭ ਕਰਮਾਂ ਦਾ, ਸਿਖੀ ਦਾ, ਗੁਰਮਤਿ ਦਾ ਉਪਦੇਸ਼ ਕਰੈ, ਤਾਂ ਸਿਖ ਨੂੰ ਕਰੈ, ਗ਼ੈਰ ਨੂੰ ਨ ਕਰੈ । ਪਰ-ਹਿਤ ਦਾ ਉਪਦੇਸ਼ ਕਰੈ। ਕੁਝ ਆਪ ਭੀ ਕਮਾਏ, ਜੋ ਓਸ ਨੂੰ ਦ੍ਰਿੜ੍ਹ ਹੋਵੈ । ਸਾਖ, "*ਆਪਿ ਜਪੈ ਅਵਰਹ ਨਾਮੁ ਜਪਾਵੈ ॥*"[੫੨] ਹੋਰ ਸਾਖ, "*ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥*"[੫੩] ਹੋਰ, "*ਅਵਰ ਉਪਦੇਸੈ ਆਪਿ ਨ ਕਰੈ ॥ ਆਵਤ ਜਾਵਤ ਜਨਮੈ ਮਰੈ ॥*"[੫੪]

---

[੪੯] "*ਮੜ੍ਹੀ ਗੋਰ ਦੇਵਲ ਜੋ ਮਾਨੈ । ਪਰ ਪੰਥਨ ਕੋ ਊਚ ਬਖਾਨੈ । ਸੋ ਸੋ ਸਾਕਤ ਗੁਰ ਕਾ ਸਿਖ ਨਾਹੀਂ । ਫਾਸਿ ਪਰਯੋ ਜਮ ਕੰਕਰ ਪਾਹੀ ।*" ('ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ') ।

[੫੦] '੩੩ ਸਵੈਯੇ', ਪੰਨਾ ੭੧੨, ਸ੍ਰੀ ਦਸਮ ਗ੍ਰੰਥ ਸਾਹਿਬ । ਪੂਰਾ ਸਵੈਯਾ ਇਸ ਪ੍ਰਕਾਰ ਹੈ, "*ਜਾਗਤਿ ਜੋਤ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥ ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜ੍ਹੀ ਮਟ ਭੂਲ ਨ ਮਾਨੈ ॥ ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹ ਏਕ ਪਛਾਨੈ ॥ ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ ॥*"

[੫੧] ਸਾਰੰਗ, ਮਹਲਾ ੫, ਪੰਨਾ ੧੨੨੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੫੨] ਸਲੋਕ, ਮਹਲਾ ੪, ਗਉੜੀ ਕੀ ਵਾਰ, ਪੰਨਾ ੩੦੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ । ਪੂਰੀ ਪੰਕਤੀ ਇਸ ਪ੍ਰਕਾਰ ਹੈ, "*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥*" ਇੱਕ ਹੋਰ ਪੰਕਤੀ ਇਸ ਪ੍ਰਕਾਰ ਹੈ, "*ਆਪਿ ਜਪੈ ਅਵਰਹ ਨਾਮੁ ਜਪਾਵੈ ਵਡ ਸਮਰਥ ਤਾਰਨ ਤਰਨ ॥*" (ਸਾਰੰਗ, ਮਹਲਾ ੫, ਪੰਨਾ ੧੨੦੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ।

[੫੩] ਆਸਾ, ਮਹਲਾ ੫, ਪੰਨਾ ੩੮੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੫੪] ਗਉੜੀ ਸੁਖਮਨੀ, ਮਹਲਾ ੫, ਪੰਨਾ ੨੬੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਗੁਰੂ ਕਾ ਸਿਖ, ਗ੍ਰੰਥ ਸਾਹਿਬ ਜੀ ਪੜ੍ਹ ਕੇ ਭੋਗ ਪਾਵਣ ਲਗੇ, ਤਾਂ ਜਪੁ ਸਲੋਕ ਪੜ੍ਹ ਕੇ ਭੋਗ ਪਾਏ, "*ਕੇਤੀ ਛੁਟੀ ਨਾਲਿ ॥*"[੫੫]

ਗੁਰੂ ਕਾ ਸਿਖ, ਕਾਰਜ ਕਰਦਾ, ਵਸਤੂ ਕਢਦਾ, ਪਾਂਵਦਾ, ਵਾਹਗੁਰੂ ਵਾਹਗੁਰੂ ਆਖੇ । ਗੁਰੂ ਕਾ ਸਿਖ, ਮਨ ਕਾ ਵਿਸਾਹੁ ਨਾ ਕਰੇ, ਵਿਕਾਰਾਂ ਤੇ ਵਰਜੇ । "*ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ ॥ ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ ॥*"[੫੬]

ਗੁਰੂ ਕਾ ਸਿਖ ਜਿਸ ਵਿਚ ਪੰਜ, ਸੱਤ, ਦਸ ਸੌ ਘਰ ਹੋਵਣ, ਉਥੈਂ ਇਕ ਸਥਾਨ ਗੁਰੂ ਕੀ ਧਰਮਸਾਲਾ ਬਣਾਵਣੀ, ਤਾਂ ਜੁ ਆਇਆ ਗਇਆ ਸਿਖ ਅਰਾਮ ਪਾਏ । ਆਏ ਸਿਖ ਦੀ ਟਹਿਲ ਕਰੇ ਤਨੋਂ ਮਨੋਂ ।

ਗੁਰੂ ਕਾ ਸਿਖ ਕੇਸਾਂ ਦੇ ਅਹੰਕਾਰ ਕਰਿ ਸਿਖੀ ਨਾ ਗਵਾਏ । ਕੇਸ ਬਾਹਰ ਦੀ ਨਿਸ਼ਾਨੀ ਹੈ, ਸਿਖੀ ਦੀ ।

ਸਿਖੀ ਕੇਸਾਂ ਸਵਾਸਾਂ ਕੀ, ਚਰਚਾ ਸ਼ਬਦ ਕਾ, ਫਲ ਸੰਗਤਿ ਕਾ, ਬੀਜ ਕਰਮਾਂ ਕਾ, ਬੀਚਾਰ ਗੁਰਮਤਿ ਕਾ, ਕਿਰਤ ਧਰਮ ਕੀ, ਹਥਿਆਰ ਜਤ ਕਾ, ਵਾਕ ਸਤ ਕਾ, ਭਾਗ ਪੂਰਬ ਕਾ, ਜਸ ਦੇਗ਼ ਕਾ, ਪੂਜਾ ਅਕਾਲ ਕੀ, ਪੂਜਾ ਸ਼ਸਤ੍ਰ ਕੀ, ਸਾਖ ਪੁੰਨ ਕੀ, ਖ਼ੁਸ਼ਬੋਈ ਸਿਖੀ ਕੀ, ਸ਼ੋਭਾ ਸੇਵਾ ਕੀ, ਸ਼ੀਰੀਂ[੫੭] ਬਚਨ ਕੀ, ਲਾਜ ਲੈਣ ਕੀ, ਹਿਯਾਉ[੫੮] ਅੱਖੀਂ ਕਾ, ਘੁੰਡ ਪਰਨਾਰਿ ਕਾ, ਗ੍ਰਿਹਸਤ ਭਲੀ ਨਾਰਿ ਕਾ, ਨਾਰਿ ਭਲੀ ਕੁਲ ਕੀ, ਰਹਿਣਾ ਹਜ਼ੂਰੀ ਕਾ, ਮੰਨਣਾ ਕੁਲ ਕਾ, ਹੁਕਮ ਗੁਰੂ ਕਾ, ਸੇਵਕੀ ਸਿਖ ਕੀ, ਆਗਿਆ ਗ੍ਰੰਥ ਕੀ, ਦੀਦਾਰ ਖ਼ਾਲਸੇ ਕਾ, ਜਾਗਣਾ ਹਰਿਜਸ ਕਾ[੫੯], ਇਸ਼ਨਾਨ ਕੇਸਾਂ ਕਾ, ਤਿਆਗਣਾ ਵਿਕਾਰਾਂ ਕਾ[੬੦], ਵਰਤਣ ਸੁਚੇਤੀ ਕੀ, ਬੋਲਣਾ ਮਿਰਜਾਦਾ ਕਾ, ਰਹਿਤ ਰਿਦੇ ਕੀ, ਬਿਬੇਕ ਮੰਨਣ ਕਾ, ਸੇਵਾ ਸਿਖ ਕੀ, ਸਿਖ ਗੁਰੂ ਕਾ, ਪ੍ਰੀਤਿ ਗੁਰ-ਭਾਈ ਕੀ, ਟਹਿਲ

---

[੫੫] ਸਲੋਕ, ਜਪੁ ਜੀ, ਪੰਨਾ ੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੫੬] ਬਿਲਾਵਲੁ, ਮਹਲਾ ੫, ਪੰਨਾ ੮੧੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ । ਪੂਰਾ ਸ਼ਬਦ ਇਸ ਪ੍ਰਕਾਰ ਹੈ, "*ਬਿਲਾਵਲੁ ਮਹਲਾ ੫ ॥ ਕਵਨੁ ਕਵਨੁ ਨਹੀ ਪਤਰਿਆ ਤੁਮ੍ਹਰੀ ਪਰਤੀਤਿ ॥ ਮਹਾ ਮੋਹਨੀ ਮੋਹਿਆ ਨਰਕ ਕੀ ਰੀਤਿ ॥ ੧ ॥ ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ ॥ ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ ॥ ੧ ॥ ਰਹਾਉ ॥ ਜਪ ਤਪ ਸੰਜਮ ਤੁਮ੍ ਖੰਡੇ ਜਮ ਕੇ ਦੁਖ ਡਾਂਡ ॥ ਸਿਮਰਹਿ ਨਾਹੀ ਜੋਨਿ ਦੁਖ ਨਿਰਲਜੇ ਭਾਂਡ ॥ ੨ ॥ ਹਰਿ ਸੰਗਿ ਸਹਾਈ ਮਹਾ ਮੀਤੁ ਤਿਸ ਸਿਉ ਤੇਰਾ ਭੇਦੁ ॥ ਬੀਧਾ ਪੰਚ ਬਟਵਾਰਈ ਉਪਜਿਓ ਮਹਾ ਖੇਦੁ ॥ ੩ ॥ ਨਾਨਕ ਤਿਨ ਸੰਤਨ ਸਰਣਾਗਤੀ ਜਿਨ ਮਨੁ ਵਸਿ ਕੀਨਾ ॥ ਤਨੁ ਧਨੁ ਸਰਬਸੁ ਆਪਣਾ ਪ੍ਰਭਿ ਜਨ ਕਉ ਦੀਨ੍ਾ ॥ ੪ ॥੨੮ ॥ ੫੮ ॥*"

[੫੭] ਮਿੱਠਾਸ ।

[੫੮] ਹਯਾ, ਸ਼ਰਮ ।

[੫੯] "*ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ ॥*" (ਮਾਰੂ ਮਹਲਾ ੫, ਪੰਨਾ ੧੦੧੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ।

[੬੦] "*ਤਿਆਗਨਾ ਤਿਆਗਨੁ ਨੀਕਾ ਕਾਮੁ ਕ੍ਰੋਧੁ ਲੋਭੁ ਤਿਆਗਨਾ ॥*" (ਮਾਰੂ ਮਹਲਾ ੫, ਪੰਨਾ ੧੦੧੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ।

ਮਾਤਾ ਪਿਤਾ ਕੀ, ਪੜ੍ਹਨਾ ਸ਼ੌਕ ਕਾ, ਗਾਵਣਾ ਕੰਠ ਕਾ, ਜੀਤਣਾ ਮਨ ਕਾ, ਸਿਰਦਾਰੀ ਟਹਿਲ ਕੀ, ਭਾਉ ਅੰਦਰ ਕਾ, ਵੰਡਿ ਖਾਣਾ ਹੋਂਦੇ ਦਾ, ਚਿਤਵਣਾ ਭਲਿਆਈ ਦਾ, ਮਾਰਨਾ ਪਾਪਾਂ ਦਾ, ਵਰਤਣ ਜੁਗਤਿ ਦੀ, ਅਮਲ ਪ੍ਰਸਾਦਿ ਦਾ, ਪ੍ਰਸਾਦ ਕੜਾਹ ਕਾ, ਜੁਧ ਜੁਟੇ ਕਾ, ਬਲ ਸ਼ਬਦ ਕਾ, ਵਾਧਾ ਧਰਮ ਕਾ, ਨਾਤਾ ਸਿਖੀ ਕਾ, ਤ੍ਰਿਸ਼ਨਾ ਭਜਨ ਕੀ।

ਗੁਰੂ ਕਾ ਸਿਖ ਗੁਰਮੁਖੀ ਅੱਖਰਾਂ ਦਾ ਅਦਬ ਕਰੈ, ਪੈਰਾਂ ਹੇਠ ਨਾ ਆਵਣ, ਪੁੜੀਆਂ ਨਾ ਬੰਨੈ[੬੧]।

ਗੁਰੂ ਕਾ ਸਿਖ ਨੰਗਾ ਜਲ ਵਿਚ ਨਾ ਨ੍ਹਾਵੈ।[੬੨]

ਗੁਰੂ ਕਾ ਸਿਖ ਬਾਣੀ ਕੰਠ ਕਰੈ।[੬੩]

ਗੁਰੂ ਕਾ ਸਿਖ ਪ੍ਰਾਤੇ ਉਠ ਕੇ ਸੂਰਜ ਨੂੰ ਨਮਸਤੇ[੬੪] ਕਰਕੈ, ਸਿਖਾਂ ਨੂੰ ਵਾਹਗੁਰੂ ਜੀ ਕੀ ਫ਼ਤਹਿ ਬੁਲਾਏ। ਗੁਰੂ ਕਾ ਸਿਖ ਨਵੇਂ ਚੰਦ ਚੜ੍ਹੇ ਨੂੰ ਨਮਸਕਾਰ ਕਰਕੈ[੬੫], ਸਿਖਾਂ ਨੂੰ ਵਾਹਗੁਰੂ ਜੀ ਕੀ ਫ਼ਤਹਿ ਬੁਲਾਏ।[੬੬]

ਗੁਰੂ ਕਾ ਸਿਖ ਬੇਦੋਸ਼ੇ ਨੂੰ ਦੋਸ਼ ਨਾ ਲਗਾਏ।

ਜੋ ਗੁਰੂ ਕਾ ਸਿਖ ਗੁਰੂ ਕਾ ਸਿਖ ਆਪਣੀ ਮੁਹਬਤਿ ਪ੍ਰੀਤੀ ਨਾਲ ਬੀਜੇਗਾ, ਸੋ ਸਹਸ੍ਰ ਗੁਣਾ ਅੰਮ੍ਰਿਤ ਫਲ ਹੋਇ ਕਰ ਫਲੇਗਾ। ਜੋ ਦਿਲ ਟੁਟੇ ਅਤੇ ਬਿਨਾ ਪ੍ਰੀਤਿ ਕਰੇਗਾ ਸੋ ਬਰੋਬਰ... ਸਾਖ ਗ੍ਰੰਥ ਸਾਹਿਬ ਦੀ, "*ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ ॥*"[੬੭]

(ਚਲਦਾ)

---

[੬੧] ਭਾਵ, ਕਿਸੇ ਵਸਤੂ ਨੂੰ ਲਪੇਟਣ ਆਦਿ ਲਈ ਗੁਰਮੁਖੀ ਲਿਪੀ ਦੇ ਕਿਸੇ ਕਾਗਜ਼ ਦੀ ਵਰਤੋਂ ਨਾ ਕਰੇ। ਇਹ ਲਿਫ਼ਾਫ਼ੇ ਆਦਿ ਬਣਾਉਣ 'ਤੇ ਵੀ ਲਾਗੂ ਹੁੰਦਾ ਹੈ।

[੬੨] ਸਿੱਖ ਨੂੰ ਹੁਕਮ ਹੈ ਕਿ ਉਹ ਹਮੇਸ਼ਾ ਕੱਛਹਿਰਾ ਧਾਰਣ ਕਰ ਕੇ ਰੱਖੇ।

[੬੩] "*ਦੁਹੂੰ ਗ੍ਰੰਥ ਮੈਂ ਬਾਨੀ ਜੋਈ। ਚੁਨ ਚੁਨ ਕੰਠ ਕਰੇ ਨਿਤ ਸੋਈ।*" ('ਰਹਿਤਨਾਮਾ ਭਾਈ ਦੇਸਾ ਸਿੰਘ')।

[੬੪] ਸਿੱਖ ਸੂਰਜ ਦੀ ਉਪਾਸਨਾ ਨਹੀਂ ਕਰਦਾ। 'ਸੂਰਜ ਨਮਸਕਾਰ' ਪੁਰਾਤਨ ਸਰੀਰਕ ਅਭਿਆਸ ਦਾ ਵੀ ਨਾਂ ਹੈ, ਜਿਸ ਵਿੱਚ ਸਰੀਰ ਦੇ ਸਾਰੇ ਅੰਗਾਂ ਦੀ ਕਸਰਤ ਹੋ ਜਾਂਦੀ ਹੈ।

[੬੫] ਸਿੱਖ ਚੰਦ ਦਾ ਉਪਾਸਕ ਨਹੀਂ ਹੈ। ਚਾਨਣੇ ਪੱਖ ਦੀ ਦੂਜ ਦੇ ਚੰਦ ਨੂੰ 'ਨਵਾਂ ਚੰਦ' ਆਖਦੇ ਹਨ। ਇਸ ਤਰ੍ਹਾਂ, ਇਹ ਚੰਦ੍ਰ-ਮਹੀਨੇ ਦੀ ਸ਼ੁਰੂਆਤ ਹੁੰਦੀ ਹੈ। ਕਿਉਂਕਿ ਹਿੰਦੂ ਨਵੇਂ ਚੰਦ ਨੂੰ ਦੇਖ ਕੇ ਇੱਕ-ਦੂਜੇ ਨੂੰ 'ਰਾਮ ਰਾਮ' ਆਖਦੇ ਹਨ, ਇਸ ਲਈ ਹੋ ਸਕਦਾ ਹੈ ਕਿ ਇਸ ਰਹਿਤਨਾਮੇ ਦੇ ਲੇਖਕ ਨੇ ਸੋਚਿਆ ਹੋਏ ਕਿ ਸਿੱਖਾਂ ਨੂੰ 'ਰਾਮ ਰਾਮ' ਨਹੀਂ ਆਖਣੀ ਚਾਹੀਦੀ, ਬਲਕਿ 'ਫ਼ਤਹਿ' ਗਜਾਉਣੀ ਚਾਹੀਦੀ ਹੈ।

[੬੬] ਸੰਭਵ ਹੈ ਕਿ ਸੂਰਜ ਤੇ ਚੰਦਰਮਾ ਨੂੰ ਨਮਸਕਾਰ ਕਰਨ ਦੀ ਗੱਲ ਗੁਰਬਾਣੀ ਦੀ ਇਸ ਪੰਕਤੀ ਦੇ ਗ਼ਲਤ ਅਰਥ ਕਰਨ ਕਾਰਣ ਵੀ ਪ੍ਰਚੱਲਿਤ ਹੋ ਗਈ ਹੋਏ, "*ਨਮੋ ਸੂਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ ॥*" (ਸ੍ਰੀ ਜਾਪੁ ਸਾਹਿਬ, ਪੰਨਾ ੧੦, ਸ੍ਰੀ ਦਸਮ ਗ੍ਰੰਥ ਸਾਹਿਬ)।

[੬੭] ਸਲੋਕ, ਮਹਲਾ ੨, ਵਾਰ ਸੂਹੀ ਕੀ, ਪੰਨਾ ੭੮੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

## ਰਹਿਤਨਾਮਾ ਭਾਈ ਚਉਪਾ ਸਿੰਘ ਜੀ (ਮੂਲ ਪਾਠ) (ਭਾਗ ਚੌਥਾ)

(ਪੈਰ-ਟਿਪਣੀਆਂ : - ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ')

**ਇਹ ਜੋ ਬਚਨ ਵਿਚਾਰ ਕਰਕੇ, ਸਿਖਾਂ ਦੀ ਮਰਜ਼ੀ ਨਾਲ, ਆਗਿਆ ਗੁਰੂ ਜੀ ਦੀ ਨਾਲ ਲਿਖੇ ਹੈਨਿ, ਜਗਤ ਨੂੰ ਨਹੀਂ ਆਖੇ, ਸੋ ਸਿਖਾਂ ਨੂੰ ਆਖੇ ਹੈਨਿ ।** ਹੋਰ ਇਤਨੇ ਸਿਫ਼ਤ ਹੋਣ ਗੁਰਮਤਿ-ਰਹਿਤ ਹੱਛੀ ਹੋਵੈ, ਸਿਖਾਂ ਦੀ ਵਿਚਾਰ ਨਾਲ, ਸੋ ਭੀ ਗੁਰੂ ਕਾ ਸਿਖ ਕਮਾਵੈ । ਭਲੇ ਕਰਮਾਂ ਤੇ ਨ ਟਲੈ ।[੧]

ਇਹ ਪੂਰਨ ਪਰਮ ਪੁਰਖ ਕਾ ਕਲਿਜੁਗ ਅਉਤਾਰ ਚਲਿਆ ਹੈ । ਆਗਿਆ ਸ੍ਰੀ ਅਕਾਲ ਪੁਰਖ ਦੀ ਨਾਲ, ਸ੍ਰੀ ਹਰਿਗੋਬਿੰਦ ਸੋਢੀ[੨], ਦੇਗ਼ ਤੇਗ਼ ਦੇ ਧਨੀ, ਤਿਸ ਕੇ ਘਰਿ ਪੋਤ੍ਰੇ ਹੋਇ ਅਵਤਰੇ । ਹੇਮਕੁੰਟ ਪਰਬਤ-ਸੁਮੇਰ ਉਪਰੋਂ ਤਪ ਕਰਦੇ ਆਏ, ਗੁਰੂ ਤੇਗ਼ ਬਹਾਦਰ ਜੀ ਦੇ ਘਰਿ ਸੁਤ ਹੋਇ, ਜਨਮੇ ਪਟਨਾ ਨਗਰ ਵਿਖੇ[੩] । ਸੰਮਤ ੧੭੧੮ ਮਾਘ ਦੇ ਮਹੀਨੇ, ਕ੍ਰਿਸ਼ਨਾ ਪੱਖ, ਦਿਨ ਸਪਤਮੀ, ਰਵਿਵਾਰ, ਪੁਖ ਨਿਖਤ੍ਰ[੪] ਪਹਰ ਕੁ ਰਾਤਿ ਰਹਿੰਦੀ ।[੫] "*ਤਹਾ ਤੇ ਮਦ੍ਰ ਦੇਸਿ[੬] ਆਏ । ਦਾਈਆਂ ਦਾਏ ਬਹੁਤ ਤਿਪਤਾਏ ।*" (ਚਉਪਾ ਸਿੰਘ ਖਿਡਾਵਾ) ।

ਸੰਮਤੁ ੧੭੨੨ ਸਾਹਿਬ ਹਥੀਆਰ ਬੰਨ੍ਹਵਾਏ । ਛੋਟੀ ਢਾਲ ਅਤੇ ਛੋਟੀ ਤਲਵਾਰ, ਤੀਰ-ਕਮਾਣ ਨਫਰ[੭] ਨਾਲਿ ਚੁਕੀ ਫਿਰਨ । ਨਾਲੇ ਹੋਰ ਅਵਸਥਾ ਬਾਲਕ ਆਦਿ ਸਾਥ ਵੀ ਖੇਡਣ । ਬਾਲਕੇ ਨਾਲ ਟਹਿਲੀਏ[੮] ਬਹੁਤ । ਸੰਮਤ ੧੭੨੪ ਦਾਸ ਚਉਪਾ ਸਿੰਘ ਪਾਸੋਂ ਸਾਹਿਬ ਗੁਰਮੁਖੀ ਅੱਖਰ ਪੁਛਿਆ ਕਰਨ । ਉਹ ਕਹੇ, ਤੁਸੀਂ ਆਪ ਜਾਣ ਰਹੇ ਹੋ ਮਹਾਰਾਜ । "ਜਾਣ ਤਾਂ ਰਹੇ ਹਾਂ, ਪਹਿਲੀ ਲਾਮ[੯] ਪੁਛਨੇ ਹਾਂ ।"

---

[੧] "*ਸੁਭ ਕਰਮਨ ਤੇ ਕਬਹੂੰ ਨ ਟਰੋਂ ॥*" (ਚੰਡੀ ਚਰਿਤ੍ਰ ਉਕਤਿ ਬਿਲਾਸ, ਪੰਨਾ ੯੯, ਸ੍ਰੀ ਦਸਮ ਗ੍ਰੰਥ ਸਾਹਿਬ ਜੀ) ।

[੨] ਛੇਵੇਂ ਗੁਰੂ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਜੋ ਸੋਢੀ ਕੁੱਲ ਵਿੱਚ ਪ੍ਰਗਟ ਹੋਏ ।

[੩] "*ਪਟਨਾ ਸ਼ਹਿਰ ਬਿਖੈ ਭਵ ਲਯੋ ॥*" ('ਅਪੁਨੀ ਕਥਾ', ਬਚਿਤ੍ਰ ਨਾਟਕ, ਪੰਨਾ ੫੯, ਸ੍ਰੀ ਦਸਮ ਗ੍ਰੰਥ ਸਾਹਿਬ ਜੀ) ।

[੪] ਪੁਸ਼ਯ ਨਕਸ਼ਤ੍ਰ ।

[੫] ਕੇਸਰ ਸਿੰਘ ਛਿੱਬਰ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਵਿੱਚ ਸ਼ੁਕਲ ਪੱਖ, ਅਸ਼ਟਮੀ, ਧਨੇਸ਼ਟਾ ਨਕਸ਼ਤ੍ਰ ਲਿੱਖਦਾ ਹੈ।

[੬] ਪੰਜਾਬ । "*ਮੱਦ੍ਰ ਦੇਸ ਹਮ ਕੋ ਲੇ ਆਏ ॥*" ('ਅਪੁਨੀ ਕਥਾ', ਬਚਿਤ੍ਰ ਨਾਟਕ, ਪੰਨਾ ੫੯, ਸ੍ਰੀ ਦਸਮ ਗ੍ਰੰਥ ਸਾਹਿਬ ਜੀ) ।

[੭] ਆਦਮੀ । ਭਾਵ, ਸੇਵਕ ।

[੮] ਸੇਵਕ ।

[੯] ਗੁਰਮੁੱਖੀ ਲਿੱਪੀ ਦੀ ਮਾਤਰਾ, 'ਲਾਂ' ।

ਸੰਮਤ ੧੭੨੬ ਭਾਈ ਕ੍ਰਿਪਾਰਾਮ ਬ੍ਰਹਮਣ[੧੦] ਦੇ ਪਾਸੋਂ ਸ਼ਾਸਤ੍ਰੀ ਅੱਖਰ[੧੧] ਪੁਛਿਆ ਕਰਨ, ਜਿਸ ਪ੍ਰਕਾਰ ਰਾਮ ਜੀ ਵਸ਼ਿਸ਼ਟ[੧੨] ਪਾਸੋਂ, ਕ੍ਰਿਸ਼ਨ ਜੀ ਸੰਦੀਪਨ[੧੩] ਪਾਸੋਂ, ਲੀਲਾ ਮਾਤ੍ਰ ਸਬ ਬਿਧਿ ਜਾਨਣਹਾਰ[੧੪] ।

ਸੰਮਤ ੧੭੨੮ ਬਿਆਹੁ ਕੀਤਾ, ਅਤੇ ਦੇਵੀ ਦਾਸ ਪੰਡਿਤ ਕਥਾ ਕਰਨ ਲਗੇ ਨਿਤ । ਨਿਤ ਨਾਲੇ ਤੀਰ ਕਮਾਣ, ਬੰਦੂਕ, ਬਾਂਕ[੧੫], ਪਟਹੁ[੧੬], ਪਲੱਥਾ[੧੭] ਖੇਡਣ, ਨਾਲੇ ਸਿਖਾਂ ਨੂੰ ਦੇਸੀਂ ਦੇਸੀਂ[੧੮] ਤੋਰਿਆ, ਜੋ ਹੁਣ ਦੇ ਕਵੀਸਰਾਂ ਦੀ ਬਾਣੀ ਸੁਣੀਐ ਅਰੁ ਵਿਚਾਰੀਐ । ਆਪਣੈ ਜੋ ਸਨਬੰਧੀ[੧੯] ਆਹੇ, ਸੋ ਤੁਰਕਾਂ ਦੇ ਜਾਇ ਫਰਿਯਾਦੀ ਹੋਏ । ਸਾਹਿਬ ਤੇਗ਼ ਬਹਾਦੁਰ ਜੀ ਦਿੱਲੀ ਗਏ । ਜੁਆਬ ਸੁਆਲ ਕਰਿ ਸੱਚੇ ਹੋਇ ਆਏ ।[੨੦]

ਤੁਰਕਾਂ ਨੂੰ ਅਰੁ ਦੁਸਟਾਂ ਨੂੰ ਝੂਠੇ ਕਰਿ ਮਾਰਨਾ, ਤੁਰਕਾਂ ਦੀ ਜੜ ਪੁਟਣੀ ਜੋ ਦੁਸ਼ਟਾਂ ਦੇ ਕਹੈ ਲਗ ਕੇ ਨਿਆਇ ਕੀਤਾ ਨਾਹੀਂ । ਸਾਹਿਬ ਜਾਣਕੇ[੨੧] ਹਿੰਦ[੨੨] ਦੀ ਪਤ ਵਾਸਤੇ ਆਪਣਾ ਆਪ ਪਕੜ੍ਹਾਇਆ[੨੩] । ਕਿਉਂ ਜੁ ਬ੍ਰਹਮਣਾਂ ਦੇ ਜਨੇਊ ਸਵਾ ਮਣ ਉਤਾਰਣ ਲਗ ਪਏ ਸੀ ਕਸ਼ਮੀਰ ਮੇਂ ।

ਅੰਤ ਦੇ ਸਮੇਂ ਦੋ ਸਿਖ ਸਾਹਿਬਾਂ ਦੇ ਨਾਲ ਨਿਭੇ[੨੪] । ਟਹਿਲ ਪ੍ਰਸਾਦਿ ਪਾਣੀ ਦੀ ਕਰਕੇ ਦਿੱਲੀ ਗਏ । ਦੁਇ ਮਹੀਨੇ ਅਰੁ ਤ੍ਰੈ ਦਿਨ ਜਬਾਬ ਕਰਦੇ ਰਹੇ[੨੫], ਸੀਸ ਦਿੱਤਾ ਸੰਮਤ ੧੭੩੨ ਮਾਘ ਸੁਦੀ ਪੰਚਮੀ । ਅਤੇ ਇਕ

---

[੧੦] ਕਸ਼ਮੀਰ ਨਾਲ ਸੰਬੰਧ ਰੱਖਣ ਵਾਲੇ ਭਾਈ ਕ੍ਰਿਪਾ ਰਾਮ ਦੱਤ ਜੀ ਅੰਮ੍ਰਿਤ ਛੱਕ ਕੇ ਭਾਈ ਕ੍ਰਿਪਾ ਸਿੰਘ ਬਣੇ । ਆਪ ਜੀ ਚਮਕੌਰ ਸਾਹਿਬ ਦੀ ਜੰਗ ਵਿੱਚ ਸ਼ਹੀਦ ਹੋਏ । ਆਪ ਜੀ ਦੀ ਗਿਣਤੀ ੨੫ ਮੁਕਤਿਆਂ ਵਿੱਚ ਹੁੰਦੀ ਹੈ । ਦੇਖੋ ਇਸੇ ਪੁਸਤਕ ਵਿੱਚਲਾ ਲੇਖ 'ਮੁਕਤੇ' ।

[੧੧] ਦੇਵਨਾਗਰੀ ਲਿੱਪੀ, ਜੋ ਸੰਸਕ੍ਰਿਤ ਲਿੱਖਣ ਲਈ ਵਰਤੀ ਜਾਂਦੀ ਹੈ ।

[੧੨] ਸ੍ਰੀ ਵਸ਼ਿਸ਼ਠ ਜੀ ਅਯੋਧਿਆ ਰਾਜ ਦੇ ਕੁਲ-ਗੁਰੂ ਸਨ। ਰਾਮ ਚੰਦਰ ਨੇ ਉਨ੍ਹਾਂ ਤੋਂ ਹੀ ਵਿੱਦਿਆ ਪ੍ਰਾਪਤ ਕੀਤੀ ਸੀ ।

[੧੩] ਇੱਕ ਵਿਦਵਾਨ ਬ੍ਰਾਹਮਣ, ਜਿਸ ਪਾਸੋਂ ਕ੍ਰਿਸ਼ਨ ਨੇ ਵਿੱਦਿਆ ਪ੍ਰਾਪਤ ਕੀਤੀ ਸੀ ।

[੧੪] ਭਾਵ, ਭਾਈ ਕ੍ਰਿਪਾਰਾਮ ਜੀ ਤੋਂ ਸੰਸਕ੍ਰਿਤ ਪੜ੍ਹਨੀ ਕੇਵਲ ਲੀਲਾ ਹੀ ਸੀ, ਕਿਉਂਕਿ (ਗੁਰੂ) ਗੋਬਿੰਦ (ਸਿੰਘ) ਜੀ ਸਭ ਕੁੱਝ ਜਾਣਦੇ ਸਨ ।

[੧੫] ਇੱਕ ਹੱਥਿਆਰ ਦਾ ਨਾਮ। ਤਲਵਾਰ ।

[੧੬] ਪੱਟਿਸ਼, ਇੱਕ ਪ੍ਰਕਾਰ ਦਾ ਖੰਡਾ । ਗਤਕਾ । ਨਗਾਰਾ ।

[੧੭] ਹੱਥ ਪਲਟਣਾ, ਗਤਕੇਬਾਜ਼ੀ ।

[੧੮] ਕਈ ਦੇਸਾਂ (ਇਲਾਕਿਆਂ) ਵਿੱਚ ਭੇਜਿਆ ।

[੧੯] ਰਿਸ਼ਤੇਦਾਰ ।

[੨੦] ਇੱਥੋਂ ਸੰਕੇਤ ਮਿਲਦਾ ਹੈ ਕਿ ਸ੍ਰੀ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਪਹਿਲਾਂ ਇੱਕ ਵਾਰ ਗ੍ਰਿਫ਼ਤਾਰ ਹੋ ਕੇ ਰਿਹਾ ਹੋ ਗਏ ਸਨ ।

[੨੧] ਸਾਹਿਬ (ਗੁਰੂ ਤੇਗ਼ ਬਹਾਦੁਰ ਸਾਹਿਬ ਜੀ) ਨੇ ਜਾਣ-ਬੁੱਝ ਕੇ, ਆਪਣੀ ਇੱਛਾ ਅਨੁਸਾਰ ।

[੨੨] ਹਿੰਦੋਸਤਾਨ, ਭਾਰਤ ।

[੨੩] ਹਿੰਦੋਸਤਾਨ/ਭਾਰਤ ਦੀ ਇੱਜ਼ਤ ਰੱਖਣ ਲਈ ਗੁਰੂ ਸਾਹਿਬ ਜੀ ਨੇ ਆਪਣੀ ਗ੍ਰਿਫ਼ਤਾਰੀ ਦਿੱਤੀ ।

ਸਿਖ ਸੀਸ ਲੈ ਕੇ ਹਜ਼ੂਰ ਨਾਵੇਂ ਦਿਨ ਸਾਹਿਬ ਦੇ ਅਗੇ ਆਨ ਦਿਤਾ[੨੬] ਅਤੇ ਲੋਥ ਦਿਤੀ ਉਥੇ ਸਸਕਾਰ[੨੭], ਤਾਂ ਸਾਹਿਬ ਸੀਸ ਲੈ ਕੇ ਰੁਮਾਲ ਨਾਲ ਪੂੰਝਿਆ। ਅਤੇ ਨੇਤ੍ਰ ਰਸਨੀਂ ਲਾਇਆ। ਦਿਜਾਂ[੨੮] ਗੰਗਾ ਜਲ ਨਾਲਿ ਧੋਤਾ।[੨੯] "*ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਆ ਪਯਾਨ ॥ ਤੇਗ ਬਹਾਦਰ ਸੀ ਕ੍ਰਿਆ ਕਰੀ ਨਾ ਕਿਨਹੂੰ ਆਨ ॥*"[੩੦]

ਚੰਦਨ[੩੧] ਨਾਲ ਸੀਸ ਸਸਕਾਰ ਕੀਤਾ। ਬਚਨ ਹੋਆ[੩੨], "ਸਿਖਾ, ਕਿਤਨੇ ਸਿਖ ਕੰਮ ਨਾਲ ਆਹੇ[੩੩] ?"

ਬਚਨ ਹੋਇਆ। ਨਿਹਾਲ ਹੋਏ, ਮੁਕਤਿ ਹੋਏ। ਪਿਛਲਿਆਂ ਨੂੰ ਤਾਰ ਗਏ। ਫੇਰ ਦੁਇ ਘੜੀ ਪਕੀ ਤੀਕ ਸਾਹਿਬ ਤੂਸ਼ਨੀ[੩੪] ਰਹੇ। ਫੇਰ ਬਚਨ ਹੋਇਆ, "ਸਿਖਾ, ਸਿਖ ਤਾਂ ਸਾਡੇ ਬਹੁਤ ਆਹੇ ?"

---

[੨੪] ਭਾਵ, ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੀ ਸ਼ਹੀਦੀ ਸਮੇਂ ਦੋ ਸਿੱਖਾਂ ਨੇ ਸ਼ਹੀਦ ਹੋ ਕੇ ਸਿੱਖੀ ਨਿਭਾਈ। ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ ਗਿਆ। ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਅੱਗ ਵਿੱਚ ਸਾੜ੍ਹਿਆ ਗਿਆ। ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਦੋਵੇਂ ਸੱਕੇ ਭਰਾ ਸਨ, ਜੋ ਗੁਰੂ ਘਰ ਦੇ ਬਹੁਤ ਕਰੀਬੀ ਛਿੱਬਰ ਖ਼ਾਨਦਾਨ ਨਾਲ ਸੰਬੰਧਤ ਸਨ। ਕੇਸਰ ਸਿੰਘ ਛਿੱਬਰ ਇਨ੍ਹਾਂ ਦੋ ਹੀ ਸ਼ਹੀਦਾਂ ਦਾ ਜ਼ਿਕਰ ਕਰਦਾ ਹੈ, ਪਰ ਇਹ ਗੱਲ ਪ੍ਰਸਿੱਧ ਹੈ ਕਿ ਭਾਈ ਦਿਆਲਾ ਜੀ ਵੀ ਇਹ ਮੌਕੇ ਸ਼ਹੀਦ ਹੋਏ ਸਨ।

[੨੫] ਭਾਵ, ਗੁਰੂ ਸਾਹਿਬ ਜੀ ਅਤੇ ਸਿੱਖਾਂ ਨੂੰ ਇਸਲਾਮ ਕਬੂਲਣ ਲਈ ਤਸੀਹੇ ਦੇ ਕੇ ਦਬਾਅ ਪਾਉਂਦੇ ਰਹੇ।

[੨੬] ਪ੍ਰਸਿੱਧ ਹੈ ਕਿ ਭਾਈ ਜੈਤਾ ਜੀ, ਜੋ ਮਗਰੋਂ ਭਾਈ ਜੀਵਨ ਸਿੰਘ ਜੀ ਦੇ ਨਾਂ ਨਾਲ ਜਾਣੇ ਗਏ, ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦਾ ਪਵਿੱਤਰ ਸੀਸ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਕੋਲ ਪਹੁੰਚੇ ਸਨ। ਕੇਸਰ ਸਿੰਘ ਛਿੱਬਰ ਨੇ ਆਪਣੀ ਰਚਨਾ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' (ਚਰਣ ਨੌਂਵਾਂ) ਵਿੱਚ ਇਸ ਗੁਰਸਿੱਖ ਦਾ ਨਾਮ ਭਾਈ ਨਾਨੋ ਲਿੱਖਿਆ ਹੈ, ਜੋ ਕਿ ਛੀਂਬਾ ਜਾਤੀ ਨਾਲ ਸੰਬੰਧ ਰੱਖਦਾ ਸੀ।

[੨੭] ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੇ ਧੜ ਦਾ ਸਸਕਾਰ ਦਿੱਲੀ ਵਿੱਚ ਹੀ ਕੀਤਾ ਗਿਆ, ਜਿੱਥੇ ਅੱਜਕਲ੍ਹ ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਸੁਸ਼ੋਭਿਤ ਹੈ।

[੨੮] ਬ੍ਰਾਹਮਣਾਂ ਨੇ।

[੨੯] ਸਿੱਖ ਮਤਿ ਵਿੱਚ ਗੰਗਾ-ਜਲ ਦੀ ਕੋਈ ਉਚੇਚੀ ਮਹੱਤਤਾ ਨਹੀਂ ਹੈ। ਵੈਦਿਕ ਮਤਿ ਦੇ ਬ੍ਰਾਹਮਣ ਗੰਗਾ-ਜਲ ਨੂੰ ਪਵਿੱਤਰ ਮੰਨਦੇ ਹਨ। ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਨੇ ਬ੍ਰਾਹਮਣਾਂ ਦੇ ਧਰਮ ਦੀ ਰੱਖਿਆ ਲਈ ਸ਼ਹੀਦੀ ਪ੍ਰਾਪਤ ਕੀਤੀ ਸੀ। ਮੁਮਕਿਨ ਹੈ ਕਿ ਬ੍ਰਾਹਮਣਾਂ ਨੇ ਗੁਰੂ ਸਾਹਿਬ ਜੀ ਦੇ ਪਵਿੱਤਰ ਸੀਸ ਪ੍ਰਤੀ ਆਪਣਾ ਸਨਮਾਨ ਪ੍ਰਗਟ ਕਰਨ ਲਈ ਪਵਿੱਤਰ ਸੀਸ ਨੂੰ ਗੰਗਾ-ਜਲ ਨਾਲ ਧੋਤਾ ਹੋਏਗਾ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਮਗਰੋਂ ਗੁਰੂ ਜੀ ਪ੍ਰਤੀ ਆਪਣਾ ਸਤਿਕਾਰ ਪ੍ਰਗਟ ਕਰਦੇ ਹੋਏ ਮੁਸਲਮਾਨਾਂ ਅਤੇ ਹਿੰਦੂਆਂ ਨੇ ਵੀ ਆਪੋ-ਆਪਣੀਆਂ ਰੀਤਾਂ ਕੀਤੀਆਂ ਸਨ।

[੩੦] 'ਅਪਨੀ ਕਥਾ', ਬਚਿਤ੍ਰ ਨਾਟਕ, ਪੰਚਮੋ ਧਿਆਇ, ਪੰਨਾ ੫੪, ਸ੍ਰੀ ਦਸਮ ਗ੍ਰੰਥ ਸਾਹਿਬ ਜੀ।

[੩੧] ਇੱਕ ਖ਼ੁਸ਼ਬੂ-ਦਾਰ ਦਰੱਖ਼ਤ।

[੩੨] ਭਾਵ, ਗੁਰੂ ਗੋਬਿੰਦ (ਸਿੰਘ) ਜੀ ਨੇ ਪੁੱਛਿਆ।

[੩੩] ਸਨ।

[੩੪] ਤੂਸ਼ਣੀ, ਮੌਨ, ਖ਼ਾਮੋਸ਼।

[੩੫]"ਜੀ, ਸੱਚੇ ਪਾਤਸ਼ਾਹ, ਸਭ ਬੇਮੁਖ ਹੋਏ, ਸਭ ਫਿਰ ਗਏ। ਨਿਸ਼ਾਨੀ ਤਾਂ ਨਾਹੀਂ ਸਿਖੀ ਦੀ ਕਿਸੇ ਨੂੰ ਲਗੀ, ਜੁ ਕੋਈ ਸਿਖ ਸਹੀ ਕਰੇ"। ਤਾਂ ਕ੍ਰੋਧ ਨਾਲ ਬਚਨ ਹੋਇਆ, "ਐਸੀ ਨਿਸ਼ਾਨੀ ਸਿਖਾਂ ਨੂੰ ਲਾਵਾਂਗਾ, ਜੁ ਹਜ਼ਾਰਾਂ ਵਿਚ ਖੜੋਤਾ ਸਿਖ ਲੁਕੇ ਨਾਹੀਂ।"

ਇਉਂ ਬਚਨ ਕਹਿਕੇ ਸਾਹਿਬ ਕ੍ਰਿਆ ਉਪਰਿ ਬੈਠੇ।[੩੬] ਸੱਤਵੇਂ ਦਿਨ ਸਰੀਰ ਦੇ ਫੁਲ ਆਏ ਪਹੁਤੇ।[੩੭] ਸਭੇ ਰਲਾਇਕੇ, ਹਰਨ ਦੀ ਤੁਚਾ ਵਿਚ ਪਾਇਕੇ ਭੇਜੇ।[੩੮]

ਤੇਰਾਂ ਦਿਨ ਸੰਸਕ੍ਰਿਤੀ ਸਲੋਕਾਂ[੩੯] ਦੀ ਕਥਾ ਦੇਵੀ ਦਾਸ ਪੰਡਿਤ ਕਰਦਾ ਰਿਹਾ। ਸ਼ਾਸਤ੍ਰ-ਉਕਤਿ ਕਰਮ ਜੋ ਆਹੇ, ਸੋ ਸਾਰੇ ਹੀ ਕੀਤੇ। ਬ੍ਰਹਮ-ਭੋਜ ਜੱਗ ਕੀਤਾ।

ਤਾਂ ਮਸੰਦ ਅਤੇ ਸਿਖ ਰਲ ਕੇ ਮਾਤਾ ਗੁਜਰੀ ਸਾਹਿਬ[੪੦] ਪਾਸ ਆਏ। ਬੇਨਤੀ ਕੀਤੀਓਨਿ, 'ਗ਼ਰੀਬ ਨਿਵਾਜ਼, ਤੁਸੀਂ ਬਚਨ ਕਰੋ, ਜੁ ਸਾਹਿਬਜ਼ਾਦੇ[੪੧] ਨੂੰ ਰਾਜ ਤਿਲਕ[੪੨] ਹੋਵੈ। ਸੰਗਤਿ ਪਾਸ ਮਸੰਦ ਜਾਣ।[੪੩] ਜਦ ਏਹ ਮੰਜੀ[੪੪] ਬੈਠਨ, ਤਦੋਂ ਇਹੁ ਕਾਰਖਾਨਾ[੪੫] ਟੁਰੈ।'

ਤਾਂ ਮਾਤਾ ਕਹਿਆ, 'ਬੇਟਾ ਕਾਰਖਾਨਾ ਭੀ ਟੋਰਿਆ ਚਾਹੀਏ।' ਤਾਂ ਚੇਤ ਚੜ੍ਹਦੇ ਸੰਮਤ ੧੭੩੩ ਸਾਹਿਬ ਦੇਵੀ ਦਾਸ[੪੬] (ਪਾਸਹੁੰ) ਸਮਾ-ਸਾਇਤ ਪੁਛਿ ਕੇ[੪੭], ਸਭਨਾਂ ਮਸੰਦਾਂ ਦੀ ਸਲਾਹਿ ਨਾਲ ਗੁਰਿਆਈ ਦੀ ਮੰਜੀ ਬੈਠੇ।

---

[੩੫] ਸਿੱਖ ਨੇ ਜਵਾਬ ਦਿੱਤਾ।

[੩੬] ਭਾਵ, ਅੰਤਿਮ ਰਸਮਾਂ ਨਿਭਾਈਆਂ।

[੩੭] ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੇ ਧੜ ਦਾ ਸਸਕਾਰ ਦਿੱਲੀ ਵਿਖੇ ਹੋਇਆ ਤੇ ਬਾਕੀ ਬਚੇ ਫੁੱਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚਾ ਦਿੱਤੇ ਗਏ।

[੩੮] ਭਾਵ, ਸੀਸ ਅਤੇ ਧੜ ਦੀਆਂ ਅਸਤੀਆਂ ਇੱਕਠੀਆਂ ਕਰ ਕੇ ਹਿਰਨ ਦੇ ਚਮੜੇ (ਦੇ ਬਣੇ ਥੈਲੇ ਆਦਿ) ਵਿੱਚ ਪਾ ਕੇ ਜਲ-ਪ੍ਰਵਾਹ ਕਰਨ ਲਈ ਭੇਜੇ।

[੩੯] ਸਹਸਕ੍ਰਿਤੀ ਸਲੋਕ। ਇਹ ਸਲੋਕ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਰਜਨ ਦੇਵ ਜੀ ਦੇ ਉਚਾਰੇ ਹੋਏ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੩੫੩ ਤੋਂ ੧੩੬੦ ਤੱਕ ਦਰਜ ਹਨ।

[੪੦] ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਮਾਤਾ ਜੀ।

[੪੧] ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੇ ਸਾਹਿਬਜ਼ਾਦਾ, ਭਾਵ ਸ੍ਰੀ ਗੁਰੂ ਗੋਬਿੰਦ (ਸਿੰਘ) ਜੀ।

[੪੨] ਭਾਵ, ਗੁਰਤਾ-ਤਿਲਕ।

[੪੩] ਬਾਅਦ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਮਸੰਦ-ਪ੍ਰਥਾ ਖ਼ਤਮ ਕਰ ਦਿੱਤੀ ਸੀ।

[੪੪] ਭਾਵ, ਗੁਰਗੱਦੀ।

[੪੫] ਰੋਜ਼ਾਨਾ ਦੇ ਕੰਮ-ਕਾਰ।

[੪੬] ਪੰਡਿਤ ਦੇਵੀ ਦਿੱਤਾ।

ਬਚਨ ਹੋਇਆ, 'ਛਿੱਬਰਾਂ ਸਿਖਾਂ ਨੂੰ ਸੱਦੋ ।' ਤਾਂ ਸਾਹਿਬ ਚੰਦ[੪੮], ਧਰਮ ਚੰਦ[੪੯] ਦੋਨੋਂ ਸਿਖ ਆਨ ਹਾਜ਼ਰ ਹੋਏ । ਬਚਨ ਹੋਇਆ, 'ਕੰਮ ਸਮ੍ਹਾਲੋ ।' ਤਿਨ੍ਹਾਂ ਆਖਿਆ, 'ਜੀ ਗ਼ਰੀਬ ਨਿਵਾਜ਼, ਸਾਥੇ ਏਡੀ ਪਹੁੰਚ ਨਾਹੀਂ ।'

ਬਚਨ ਹੋਇਆ, 'ਤੁਹਾਡੇ ਵੱਡੇ ਹਮੇਸ਼ਾ ਗੁਰੂ ਕੇ ਕੰਮ ਵਿਚ ਰਹਿੰਦੇ ਰਹੇ ਹੈਨਿ, ਦਰਗਾਹ ਮਲ ਤੇ ਹੀਰਾ ਮਲ ਸਿਖ, ਛਿੱਬਰਾਂ ਸਿੱਖਾਂ (ਵਿਚੋਂ) ਸੱਤਵੀਂ ਪਾਤਸ਼ਾਹੀ ਦੇ ਕੰਮ ਵਿਚ ਰਹੇ ਹੈਨਿ । ਸਤੀ ਦਾਸ, ਮਤੀਦਾਸ ਬ੍ਰਾਹਮਣ ਛਿੱਬਰ ਸਿਖ ਅੱਠਵੀਂ ਤੇ ਨਾਵੀਂ ਪਾਤਿਸ਼ਾਹੀ ਪਾਸ ਰਹੇ ਹੈਨਿ ਅਤੇ ਨਾਲ ਨਿਭੇ ਗੁਰੂ ਕੇ । ਤੁਸੀਂ ਕਿਉਂ ਨੱਸਦੇ ਹਉ, ਕੰਮ ਸਮ੍ਹਾਲੋ ।'

ਸਾਧੂ ਰਾਮ[੫੦] ਸਿਖ ਨੂੰ ਬਚਨ ਹੋਇਆ, 'ਸਿਰੋਪਾਉ ਲਿਆਉ ।' ਦੀਵਾਨੀ ਦਰਬਾਰ ਦੀ, ਦਾ ਸਿਰੋਪਾਉ ਸਾਹਿਬ ਚੰਦ ਨੂੰ ਹੋਆ । ਇਹੁ ਕੰਮ ਵਿਚ ਹਾਜ਼ਰ ਹੋਇਆ । ਤਾਂ ਮੰਸਦਾਂ ਨੂੰ ਹੁਕਮਨਾਮੇ ਲਿਖਿ ਘੱਲੈ, ਮਸੰਦ ਸੰਗਤਾਂ ਵਲ ਟੁਰੇ ਅਤੇ ਖ਼ਜ਼ਾਨੇ ਦਾ ਸਿਰੋਪਾਉ ਧਰਮਚੰਦ ਨੂੰ ਹੋਇਆ । ਅਤੇ ਸਾਹਿਬ ਸ਼ਸਤ੍ਰ ਪਕੜੇ ਅਤੇ 'ਹਨੂਮਾਨ ਨਾਟਕ'[੫੧] ਦੀ ਪੋਥੀ ਇਕ ਸਿਖ ਲੈ ਆਇਆ ।

ਫੇਰ ਹੋਰ ਕਬੀਸ਼ਰੀ ਸੁਨਣੋਂ ਛੱਡੀ । ਨਾਲੇ ਕਥਾ ਦੇਵੀ ਦਾਸ ਕਰੇ, ਸੋ ਸੁਣੀਐ । ਨਾਲੇ ਸ਼ਿਕਾਰ ਖੇਲੈਂ । ਨਾਲੇ ਬਾਂਕਪਣਾ ਖੇਡੈਂ । ਸੰਮਤ ੧੭੩੪, 'ਜਾਪੁ' ਆਪਨੀ ਰਸਨੀਂ ਉਚਾਰ ਕੀਤਾ । ਸ੍ਰੀ ਅਕਾਲ ਉਸਤਤਿ ਉਚਾਰੀ। ਸ੍ਰੀ ਮੁਖਵਾਕ ਸਵੈਯੇ ਉਚਾਰੇ । ਹੁਕਮਨਾਮੇ ਸਿਖਾਂ ਵਲ ਲਿਖੇ, "ਜੋ ਲਿਖਾਰੀ ਸਿਖ ਹੋਵੈ, ਸੋ ਹਜ਼ੂਰ ਆਵੈ" ।

---

[੪੭] ਇਸ ਤੋਂ ਮਹੂਰਤ ਕੱਢਣ ਦਾ ਭਾਵ ਨਹੀਂ ਲੈਣਾ ਚਾਹੀਦਾ । ਦੇਵੀ ਦਿੱਤਾ ਜੀ ਗੁਰੂ ਘਰ ਦੇ ਕਥਾਵਾਚਕ ਸਨ । ਜਿਵੇਂ ਮਸੰਦਾਂ ਦੀ ਸਲਾਹ ਲਈ ਗਈ, ਉਵੇਂ ਹੀ ਪੰਡਿਤ ਦੇਵੀ ਦਿੱਤਾ ਜੀ ਦੀ ਸਲਾਹ ਲਈ ਗਈ ।

[੪੮] ਆਪ ਜੀ ਸ਼ਹੀਦ ਭਾਈ ਸਾਹਿਬ ਮਤੀਦਾਸ ਜੀ ਦੇ ਸਪੁੱਤਰ ਸਨ । ਖੰਡੇ ਦਾ ਅੰਮ੍ਰਿਤ ਛੱਕ ਕੇ ਆਪ ਜੀ ਦਾ ਨਾਮ ਭਾਈ ਸਾਹਿਬ ਸਿੰਘ ਪ੍ਰਸਿੱਧ ਹੋਇਆ । ਆਪ ਜੀ ਗੁਰੂ-ਦਰਬਾਰ ਦੇ ਦੀਵਾਨ ਬਣਾਏ ਗਏ ।

[੪੯] ਆਪ ਜੀ ਭਾਈ ਦਰਗਾਹ ਮੱਲ ਜੀ ਦੇ ਸਪੁੱਤਰ ਸਨ । ਭਾਈ ਧਰਮ ਚੰਦ ਜੀ ਗੁਰੂ ਸਾਹਿਬ ਜੀ ਦੇ ਤੋਸ਼ੇਖ਼ਾਨੇ (ਖ਼ਜ਼ਾਨੇ) ਦੇ ਦੀਵਾਨ ਮੁਕੱਰਰ ਹੋਏ । ਅੰਮ੍ਰਿਤ ਛੱਕਣ ਮਗਰੋਂ ਆਪ ਭਾਈ ਧਰਮ ਸਿੰਘ ਜੀ ਦੇ ਨਾਮ ਨਾਲ ਜਾਣੇ ਗਏ ।

[੫੦] 'ਬੰਸਾਵਲੀਨਾਮਾ' ਸਾਧੂ ਰਾਮ ਦੀ ਜਗ੍ਹਾ ਭਾਈ ਚਉਪਾ ਸਿੰਘ ਦਾ ਨਾਮ ਲਿੱਖਦਾ ਹੈ ।

[੫੧] ਸੰਸਕ੍ਰਿਤ ਭਾਸ਼ਾ ਵਿੱਚ ਲਿੱਖਿਆ ਇੱਕ ਗ੍ਰੰਥ, ਜਿਸ ਦਾ ਬ੍ਰਜ ਭਾਸ਼ਾ ਵਿੱਚ ਅਨੁਵਾਦ ਕਵੀ ਹਿਰਦੇ ਰਾਮ ਨੇ ਕੀਤਾ । 'ਮਹਾਨ ਕੋਸ਼' ਵਿੱਚਲੇ ਇੱਕ ਫੁਟ-ਨੋਟ ਵਿੱਚ ਲਿਖਿਆ ਹੈ, "ਬਹੁਤ ਕਵੀ ਆਖਦੇ ਹਨ ਕਿ ਬਹਾਦੁਰਸ਼ਾਹ ਨੇ ਹ੍ਰਿਦਯਰਾਮ ਦੀ ਲਿਖੀ ਅਸਲ ਕਾਪੀ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਭੇਟਾ ਕੀਤੀ ਸੀ ਅਤੇ ਗੁਰੂ ਸਾਹਿਬ ਨੇ ਪਰਸ਼ੁਰਾਮ ਦੇ ਸੰਬਾਦ ਦੇ ਕੁਝ ਛੰਦ ਕਵਿ ਕਾਂਸ਼ੀਰਾਮ ਤੋਂ ਲਿਖਵਾਕੇ ਦਰਜ ਕਰਵਾਏ." ('ਮਹਾਨ ਕੋਸ਼' ਪੰਨਾ ੨੬੦, ਐਡੀਸ਼ਨ ੧੯੮੧, ਭਾਸ਼ਾ ਵਿਭਾਗ, ਪੰਜਾਬ) ।

ਸੰਮਤ ੧੭੩੫, ਮੱਘਰ ਸੁਦੀ ਪੰਚਮੀ ਗੁਰੂ ਤੇਗ਼ ਬਹਾਦੁਰ ਜੀ ਕਾ ਸਰਾਧ ਕੀਤਾ, ਅਰ ਵੱਡਾ ਪੁਰਬ ਹੋਇਆ। ਬਾਣੀ ਦਾ ਉਚਾਰ ਹੋਂਦਾ ਰਹੇ, ਇਕ ਗੁਰੂ ਜੀ ਗ੍ਰੰਥ-ਸਾਗਰ[੫੨] ਬਣਾਇਆ, ਦੂਜਾ ਗ੍ਰੰਥ ਜੀ ਅਉਤਾਰ ਲੀਲਾ[੫੩] ਦਾ ਬਣਾਇਆ ਅਤੇ ਜੁੱਧ ਹੋਇਆ ਸ਼ਾਹ ਫ਼ਤਿਹ[੫੪] ਨਾਲ। ਅਤੇ ਕਰਤਾਰਪੁਰ[੫੫] ਆਦਮੀ ਭੇਜੇ। ਜੁ ਆਦਿ ਗ੍ਰੰਥ ਸਾਹਿਬ ਜੀ[੫੬], ਅਸਾਨੂੰ ਭੇਜੋ। ਤਿਨ੍ਹਾਂ ਜਵਾਬ ਦਿਤਾ, ਤਾਂ ਸੋਢੀਆਂ ਆਖ ਭੇਜਿਆ, 'ਜੋ ਤੁਸੀਂ ਗੁਰੂ ਹੋ, ਹੋਰ ਬਣਾਇ ਲਓ।' ਬਚਨ ਹੋਇਆ, 'ਉਨ੍ਹਾਂ ਅੱਗੇ ਅਸਾਥੋਂ ਛਿੰਨਾ[੫੭] ਹੈ। ਉਹ ਕਦੋਂ ਦੇਂਦੇ ਹੈਨਿ ?"

ਸੰਮਤ ੧੭੩੭[੫੮] ਫ਼ਤਿਹ ਸ਼ਾਹ ਨੱਠਾ। ਮੁਲਕ ਲਿਆ, ਫ਼ਤਿਹ ਪਾਈ, ਜੁਧ ਰਾਜਿਆਂ ਨਾਲ ਸ਼ੁਰੂ ਹੋਇਆ। ਬਡੇ ਬਡੇ ਜੁਧ ਹੋਏ। ਸਾਹਿਬਜ਼ਾਦੇ ਭੀ ਕੰਮ ਆਏ। ਸਿਖ ਬਹੁਤ ਲੜੇ, ਅਖਾੜੇ ਹੋਂਦੇ ਰਹੈ।

ਸੰਮਤ ੧੭੪੮ ਇਕ ਖਤ੍ਰਾਣੀ ਰੂਪ ਕੌਰ ਸਰੀਰ ਦੀ, ਮੇਲੇ ਵੈਸਾਖੀ ਦੇ ਲਾਹੌਰੋਂ ਨਾਲ ਸੰਗਤਿ ਦੇ ਆਈ। ਉਸ ਨੇ ਸਾਹਿਬ ਨਾਲ ਵੱਡਾ ਛਲ ਕੀਤਾ ਪਰ ਭੇਸ ਨਾ ਗਿਆ। ਉਸ ਦੇ ਪ੍ਰਥਾਇ 'ਚਰਿਤ੍ਰ' ਉਚਾਰ ਹੋਏ।[੫੯] ਸੰਮਤ ੧੭੫੩ ਭਾਦ੍ਰੋਂ ਸੁਦੀ ਅਸ਼ਟਮੀ ਭੋਗ ਪਾਇਆ।[੬੦] ਫੇਰ ਸਾਹਿਬ ਪੂਰਨ ਪੁਰਖ ਜੀ, ਪੰਥ ਲਗੇ ਨਿਖੇੜਨ, ਸੰਮਤ ੧੭੫੪ ਸਾਵਣ ਦਿਨ ਸੱਤਵੇਂ, ਕੇਸਾਂ ਦੀ ਪਾਹੁਲ ਦਾ ਉਦਮ ਕੀਤਾ। ਬਚਨ ਹੋਇਆ, 'ਚਉਪਾ ਸਿੰਘ, ਕਟੋਰੇ ਵਿਚ ਜਲ ਪਾ ਲੈ ਆਉ।' ਸੋ ਲੈ ਆਇਆ, ਤਾਂ ਹੁਕਮ ਹੋਇਆ-ਹਥਿ ਖੰਡਾ ਪਕੜ ਕੇ ਵਿਚ ਫੇਰਹੁ ਅਤੇ ਪੰਜ ਪੰਜ ਸਵੈਯੇ ਪੰਜੇ ਪੜ੍ਹਨ ਲਗੇ। ਕੇਹੜੇ ? ਦਯਾ ਸਿੰਘ ਵਾਸੀ ਲਾਹੌਰ ਦੀ ਛਤ੍ਰਿ-ਬੰਸ[੬੧]। ਸਾਹਿਬ ਸਿੰਘ, ਦਛਣਿ ਸੈਨ ਕੇ ਜਨਮ ਥਾ। ਹਿੰਮਤ ਸਿੰਘ ਪੁਰੀ ਜਗਨਨਾਥ ਫੰਦਕ ਕੇ ਜਨਮ ਥਾ। ਧਰਮ ਸਿੰਘ ਘਰ

---

[੫੨] ਇਸ ਗ੍ਰੰਥ ਵਿੱਚ ਭਾਰਤ ਦੇ ਪ੍ਰਾਚੀਨ ਗ੍ਰੰਥਾਂ ਦੇ ਅਨੁਵਾਦ ਸ਼ਾਮਿਲ ਸਨ। ਇਹ ਗ੍ਰੰਥ ਗੁਰੂ ਦਰਬਾਰ ਦੇ ਕਵੀਆਂ ਦੀ ਅਮੋਲਕ ਰਚਨਾ ਸੀ। ਸ੍ਰੀ ਅਨੰਦਪੁਰ ਸਾਹਿਬ ਛੱਡਣ ਵੇਲੇ ਮਚੀ ਭਗਦੜ ਦੌਰਾਨ ਇਹ ਗ੍ਰੰਥ ਸਰਸਾ ਨਦੀ ਦੀ ਭੇਟ ਚੜ੍ਹ ਗਿਆ।

[੫੩] ਭਾਵ, ਸ੍ਰੀ ਦਸਮ ਗ੍ਰੰਥ ਸਾਹਿਬ।

[੫੪] ਇਹ ਸ੍ਰੀਨਗਰ (ਗੜ੍ਹਵਾਲ) ਦਾ ਰਾਜਾ ਸੀ, ਜਿਸ ਨੇ ਸ੍ਰੀ ਪਾਉਂਟਾ ਸਾਹਿਬ (ਹਿਮਾਚਲ ਪ੍ਰਦੇਸ਼) ਨੇੜੇ ਭੰਗਾਣੀ ਦੇ ਅਸਥਾਨ ਵਿਖੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨਾਲ ਯੁੱਧ ਕਰਕੇ ਹਾਰ ਖਾਧੀ। "*ਫਤੇਸ਼ਾਹ ਕੋਪਾ ਤਬ ਰਾਜਾ ॥ ਲੋਹ ਪਰਾ ਹਮ ਸੋਂ ਬਿਨੁ ਕਾਜਾ ॥*" ('ਅਪਨੀ ਕਥਾ', ਬਚਿਤ੍ਰ ਨਾਟਕ, ਅਸ਼ਟਮੋ ਧਿਆਇ, ਪੰਨਾ ੬੦, ਸ੍ਰੀ ਦਸਮ ਗ੍ਰੰਥ ਸਾਹਿਬ)।

[੫੫] ਪੰਜਾਬ ਦਾ ਇੱਕ ਇਤਿਹਾਸਿਕ ਸ਼ਹਿਰ, ਜੋ ਗੁਰੂ ਅਰਜਨ ਦੇਵ ਜੀ ਨੇ ਵਸਾਇਆ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਵੇਲੇ ਇਹ ਧੀਰਮੱਲ ਦੇ ਵੰਸ਼ਜਾਂ ਦਾ ਪ੍ਰਮੁਖ ਅਸਥਾਨ ਸੀ।

[੫੬] ਗੁਰੂ ਅਰਜਨ ਦੇਵ ਜੀ ਵੱਲੋਂ ਲਿਖਵਾਈ ਗਈ, ਤੇ ਭਾਈ ਗੁਰਦਾਸ ਜੀ ਦੀ ਕਲਮ ਨਾਲ ਲਿੱਖੀ ਗਈ ਗੁਰਬਾਣੀ ਦੀ ਬੀੜ

[੫੭] ਛੀਨਾ, ਖੋਹਿਆ।

[੫੮] ਭੰਗਾਣੀ ਦਾ ਜੰਗ ਸੰਮਤ ੧੭੪੫ ਬਿਕ੍ਰਮੀ ਵਿੱਚ ਹੋਇਆ ਸੀ।

[੫੯] ਦੇਖੋ, ੨੧, ੨੨ ਅਤੇ ੨੩ ਚਰਿਤ੍ਰ, 'ਪਾਖਿਆਨ ਚਰਿਤ੍ਰ', ਪੰਨਾ ੮੩੮ ਤੋਂ ੮੪੪ ਤਕ, ਸ੍ਰੀ ਦਸਮ ਗ੍ਰੰਥ ਸਾਹਿਬ।

[੬੦] "*ਸੰਬਤ ਸੱਤ੍ਰਹ ਸਹਸ ਭਣਿੱਜੈ ॥ ਅਰਧ ਸਹਸ ਫੁਨਿ ਤੀਨਿ ਕਹਿੱਜੈ ॥ ਭਾਦ੍ਰਵ ਸੁਦੀ ਅਸ਼ਟਮੀ ਰਵਿਵਾਰਾ ॥ ਤੀਰ ਸਤੁੱਦ੍ਰਵ ਗ੍ਰੰਥ ਸੁਧਾਰਾ ॥*" (ਚਰਿਤ੍ਰ ੪੦੪, ਪਖਯਾਨ ਚਰਿਤ੍ਰ, ਪੰਨਾ ੧੩੮੮, ਸ੍ਰੀ ਦਸਮ ਗ੍ਰੰਥ ਸਾਹਿਬ)।

[੬੧] ਇਹ ਵੀ ਵੀਚਾਰ ਹੈ ਕਿ ਭੰਗਾਣੀ ਦੀ ਜੰਗ ਵਿੱਚ ਲੜ੍ਹਨ ਵਾਲੇ ਭਾਈ ਦਇਆ ਰਾਮ ਪ੍ਰੋਹਿਤ ਹੀ ਪੰਜ ਪਿਆਰਿਆਂ ਵਿੱਚੋਂ ਪਹਿਲੇ ਪਿਆਰੇ ਸਨ। ਖ਼ਾਲਸਾ ਪੰਥ ਦੀ ੩੦੦ ਸਾਲਾ ਵਰ੍ਹੇਗੰਢ ਦੇ ਮੌਕੇ 'ਤੇ ਭਾਈ ਦਇਆ ਸਿੰਘ ਜੀ ਦੇ ਵੰਸ਼ਜ ਵਜੋਂ ਸਨਮਾਨਿਤ ਕੀਤੇ ਗਏ ਗੁਰਸਿੱਖ ਇਨ੍ਹਾਂ ਭਾਈ ਦਇਆ ਸਿੰਘ ਜੀ ਦੇ ਹੀ ਵੰਸ਼ਜ ਹਨ।

ਹਸਤਨਾਪੁਰ ਦੀ ਵਾਸੀ ਧੰਨੇ ਕੇ ਜਨਮ ਥਾ । ਪੰਜਵੇਂ ਮੁਹਕਮ ਸਿੰਘ ਨਾਮਦੇਵ ਕਾ ਜਨਮ ਥਾ । ਇਹ ਪੰਜ ਸਿੰਘ ਸਵੈਯੇ ਲਗੇ ਪੜ੍ਹਨ, ਤਾਂ ਸਾਹਿਬ ਚੰਦ ਦੀਵਾਨ ਬੇਨਤੀ ਕੀਤੀ, 'ਜੀ ਸੱਚੇ ਪਾਤਿਸ਼ਾਹ, ਜੇ ਵਿਚ ਪਤਾਸੇ ਪਉਨ, ਤਾਂ ਹੱਛਾ ਹੋਵੈ ।' ਤਿਚਰਾਂ ਨੂੰ ਮਾਤਾ ਸ਼ਕਤੀ, ਮਾਤਾ ਸਾਹਿਬ ਦੇਵੀ[੬੨] ਦਾ ਰੂਪ ਧਾਰ ਕੇ, ਪਤਾਸੇ ਵਿਚ ਡਾਰ ਗਈ । ਤਾਂ ਸਾਹਿਬ ਪੂਰਨ ਪੁਰਖੁ ਜੀ ਵਿਚਹੁੰ ਪੰਜ ਚੁਲੇ ਲਏ, ਅੰਮ੍ਰਿਤ ਦੇ । ਪੰਜ ਨੇਤ੍ਰੀਂ, ਫੇਰ ਪੰਜ ਚੁਲੇ ਸੀਸ ਪਾਏ । ਰਸਨਾ ਚੰਡੀ ਚਰਿਤ੍ਰ ਦਾ ਸਵੈਯਾ ਪੜ੍ਹਿਆ, "*ਦੇਹਿ ਸ਼ਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ ॥ ਨ ਡਰੋਂ ਅਰਿ ਸੋਂ ਜਬ ਜਾਇ ਲਰੋਂ ਨਿਸਚੈ ਕਰ ਆਪਨੀ ਜੀਤ ਕਰੋਂ ॥ ਅਰੁ ਸਿੱਖ ਹੋਂ ਆਪਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋਂ ॥ ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ ॥*"[੬੩]

ਫੇਰ ਸਾਹਿਬ ਨੇ ਆਪਣੇ ਹੱਥੀਂ ਪੰਜਾਂ ਸਿੰਘਾਂ ਨੂੰ ਅੰਮ੍ਰਿਤ ਛਕਾਇਆ ਅਤੇ ਬਚਨ ਕੀਤਾ-'ਬੋਲਹੁ ਵਾਹਗੁਰੂ ਜੀ ਕਾ ਖ਼ਾਲਸਾ ॥ ਵਾਹਗੁਰੂ ਜੀ ਕੀ ਫ਼ਤਹਿ ॥' ਅਤੇ ਪਾਸਹੁੰ ਹੋਰ ਗ਼ਰੀਬ ਸਿਖ ਉਠ ਖੜੋਤੇ ਹਥ ਜੋੜ ਕੇ । ਬਚਨ ਹੋਇਆ, 'ਇਨ੍ਹਾਂ ਪਾਸਹੁੰ ਛਕੋ ।' ਨਾਮ ਸਿੰਘਾਂ ਦੇ-ਧੰਨਾ ਸਿੰਘ, ਹਰੀ ਸਿੰਘ, ਮੇਵਾ ਸਿੰਘ, ਜੋਧ ਸਿੰਘ, ਪਹਿਲੇ ਇਹ ਵੀ ਕੇਸਧਾਰੀ ਸਿੰਘ ਬਨਾਏ ।

ਦੂਜੇ ਦਿਨ ਹੋਰ ਸਿਖ ਹਥ ਜੋੜਿ ਖੜੇ ਹੋਇ । ਬਚਨ ਹੋਇਆ- ਜੁ ਕੜਾਹ ਪ੍ਰਸਾਦਿ ਕਰਕੇ ਪੰਜ ਸਿੰਘਾਂ ਪਾਸਹੁੰ ਪੰਜ ਸਵੈਯੇ ਪੜ੍ਹਾ ਕਰਿ ਅੰਮ੍ਰਿਤ ਛਕ ਲੈਣਾ । '*ਪੰਚ ਪਰਵਾਣ ਪੰਚ ਪਰਧਾਨੁ ॥*'[੬੪] ਪੰਜਾਂ ਸਿਖਾਂ ਨਾਲ ਮਿਲ ਕਰਿ ਪਾਹੁਲ ਲੈਣੀ । ਗੁਰੂ ਕੇ ਸਿੰਘ ਕਰਨਾ । ਰਹਿਤ ਉਪਦੇਸ਼ ਗੁਰਮੰਤ੍ਰ ਸ਼ਸਤ੍ਰ ਰਖਣੇ । ਨਾਂਵ ਏਥੇ ਆਇ ਕਰ 'ਸਿੰਘ' ਰਖਣਾ । ਉਸ ਦਿਨ ਪੈਂਤੀਹ ਸਿੰਘ ਕੇਸਧਾਰੀ ਹੋਏ । ਤੀਜੇ ਦਿਨ ਸਭ ਹੋਏ ।

ਜੇਹੜਾ ਕੇਸਧਾਰੀ ਹੋਵੇ, ਤਾਂ ਸਾਹਿਬ ਤਿਸ ਦਾ ਮਾਨ ਵਧਾਵਣ। ਜੋ ਸ਼ਸਤ੍ਰ ਬੰਨ੍ਹ ਕੈ ਆਵੈ, ਤਿਸ ਦਾ ਬੜਾ ਮਾਨ ਕਰਨ ਅਤੇ ਜਿਸ ਦੇ ਚਿਹਰੇ ਉਪਰ ਜ਼ਖ਼ਮ ਹੋਣ[੬੫], ਉਸ ਦੀ ਵਡਿਆਈ ਕਰਨ । ਬਚਨ ਹੋਇਆ, 'ਸਿੰਘ ਸੋਈ ਹੈ, ਜੋ ਸ਼ਸਤ੍ਰ ਰਖੇ ।'[੬੬] ਇਸ ਜੁਗਤਿ ਕਰਿ ਸਾਹਿਬ ਪੰਥ ਨਿਖੇੜਿਆ । ਨਿਸ਼ਾਨੀ ਸਿਖੀ ਦੀ 'ਕੇਸ' ਮਿਲੇ । ਜੋ ਕਰੋਧ ਨਾਲਿ ਬਚਨ ਕੀਤਾ ਸੀ, ਸੋ ਪੂਰਾ ਕੀਤਾ ।

---

[੬੨] ਮਾਤਾ ਸਾਹਿਬ ਦੇਵੀ ਜੀ ਨਾਲ ਗੁਰੂ ਗੋਬਿੰਦ ਸਿੰਘ ਜੀ ਦਾ ਵਿਆਹ ਖ਼ਾਲਸਾ ਪੰਥ ਦੀ ਸਿਰਜਣਾ ਤੋਂ ਮਗਰੋਂ ਹੋਇਆ ਸੀ ।

[੬੩] 'ਚੰਡੀ ਚਰਿਤ੍ਰ ਉਕਤਿ ਬਿਲਾਸ', ਪੰਨਾ ੯੯, ਸ੍ਰੀ ਦਸਮ ਗ੍ਰੰਥ ਸਾਹਿਬ ।

[੬੪] ਸ੍ਰੀ ਜਪੁ ਜੀ, ਪੰਨਾ ੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੬੫] ਭਾਵ, ਜਿਸ ਨੂੰ ਜੰਗ ਕਰਦਿਆਂ ਜ਼ਖ਼ਮ ਆਏ ਹੋਣ ।

[੬੬] "*ਖ਼ਾਲਸਾ ਸੋਇ ਸ਼ਸਤ੍ਰ ਕਉ ਧਾਰੈ ।*" (ਤਨਖਾਹਨਾਮਾ ਭਾਈ ਨੰਦ ਲਾਲ) ।

ਸੰਮਤ ੧੭੫੪, ਚੜ੍ਹਦੇ ਫਗੁਣ ਹੋਲੀ ਦਾ ਮੇਲਾ ਸੀ, ਜੁ ਮਸੰਦਾਂ ਉਪਰਿ ਕਰੋਪੀ ਹੋਈ । ਕੁਛ ਵਸਤੁ ਛਪਾਈ, ਚੇਤੋ ਮਸੰਦ ਨੇ, ਅਤੇ ਰੁੱਠੇ ਸਭੇ । ਤ੍ਰੈ ਵੇਰੀ ਲੰਗਰ ਵਿਚ ਸੱਦ ਭੇਜੇ, ਨਾ ਆਏ । ਬਚਨ ਹੋਇਆ, 'ਥਾਲੀਆਂ ਭੇਜੋ ਪ੍ਰਸਾਦਿ ਲੈ ਜਾਇਨ ।' ਤਾਂ ਭੀ ਨਾ ਮਾਨੀ । ਸਾਹਿਬ ਪ੍ਰਸਾਦਿ ਪਾਇ ਉਠੇ । ਹੁਕਮੁ ਹੋਇਆ, 'ਜਾਣੇ ਨ ਪਾਵਣ । ਪਕੜਿ ਲੈ ਆਉ ।' ਕੁਛ ਪਕੜੇ, ਕੁਛ ਨੱਠੇ ਮਾਰੇ ਸਾੜੇ । ਸਾਖ ਗ੍ਰੰਥ ਸਾਹਿਬ ਜੀ ਦੀ, "*ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ ॥ ਵਜਹੁ ਗਵਾਏ ਅਗਲਾ ਮੁਹੇ ਮੁਹਿ ਪਾਣਾ ਖਾਇ ॥*"[੬੭]

ਬਚਨ ਹੋਇਆ ਧਰਮ ਚੰਦ ਨੂੰ, "ਸਿਖਾਂ ਨੂੰ ਲਿਖੋ, ਜੁ ਮਸੰਦ ਮਸੰਦੀਏ, ਧੜੀਏ ਨੂੰ ਨਹੀਂ ਮੰਨਣਾ । ਜੋ ਕੁਛ ਅੰਸੁ ਗੁਰੂ ਕੇ ਨਿਮਿਤ ਹੋਵੈ, ਸੋ ਆਪਿ ਲੈ ਆਵਣੀ । ਅਤੇ ਹਥੀਆਰ ਬੰਨ੍ਹ ਕੈ ਆਵਣਾ ।" ਤਾਂ ਦੀਵਾਨ ਸਾਹਿਬ ਚੰਦ ਅਰਦਾਸ ਕੀਤੀ, "ਜੀ ਸੱਚੇ ਪਾਤਸ਼ਾਹ, ਤ੍ਰੈ ਮੇਲ ਆਪਣੇ ਸੱਕੇ[੬੮], ਸੋ ਅਗੇ ਹੀ ਨਿਕਲੇ ਹੈਸਨਿ । ਹੁਣ ਏਹ ਭੀ ਨਿਕਾਲੇ ।" ਬਚਨ ਹੋਇਆ, "ਏਹਨਾਂ ਚੌਹੁਆਂ ਦੇ ਸੇਵਕ ਭੀ ਨਿਕਾਲੇ ।"[੬੯] ਹੁਕਮ ਹੋਇਆ, "ਸਿੱਖਾਂ ਨੂੰ ਲਿਖਣਾ, ਕਾਰਭੇਟ ਦਾ ਹੁਕਮਨਾਮਾ ਸੰਮਤ ੧੭੫੫, ਮੇਵੜਾ[੭੦] ਗੁਰੂ ਕਾ ਮੰਨਣਾ, ਮਸੰਦ ਨਾਹੀਂ ਮੰਨਣਾ । ਸ਼ਸਤਰ ਰਖਣੇ ।"

ਸ਼ਸਤਰਧਾਰੀ ਸਿਖ ਕੈਸਾ ਹੋਵੈ ? ਨਾਲੇ ਦਾ ਜਤੀ ਹੋਵੈ, ਹੱਥਾਂ ਦਾ ਸਖੀ ਹੋਵੈ । ਸ਼ਸਤਰ ਦਾ ਵਿਸਾਹ ਨਾ ਕਰੈ । ਕਾਵੇ ਬੈਠੇ, ਦੂਜੇ ਸਿੰਘ ਸ਼ਸਤਰ ਦੇ ਕਰਿ ਖੜੇ ਕਰੈ । ਦੂਤ-ਦੁਸ਼ਮਣ ਦੇਖੇ ਉਠਿ ਖੜਾ ਹੋਇ । ਸੋਚ ਕਰਨਿ ਬੈਠੇ, ਤਾਂ ਵੀ ਸੁਚੇਤ ਹੋਇ ਬੈਠੇ, ਊਂਧਾ ਨਾ ਹੋਵੈ । ਜੈਸਾ ਜਾਨਵਰ ਦਾਣੇ ਭੀ ਚੁਗਦਾ ਹੈ ਅਤੇ ਤੱਕਦਾ ਭੀ ਰਹਿੰਦਾ ਹੈ । ਸ਼ਸਤਰਧਾਰੀ ਸਿੰਘ ਰਣ ਵਿਚ ਪਿਠ ਦੇਵੈ ਨਾਹੀਂ ।[੭੧] ਜੀਤੇ ਜਸ ਪਾਵੇ, ਮੋਏ ਸੁਰਪੁਰੀ ਜਾਵੈ ।

ਸ਼ਸਤਰਧਾਰੀ ਸਿੰਘ ਰਾਤਿ ਨੂੰ ਐਕੜ ਨ ਸਵੈ । ਲੱਕੋਂ ਸਿਰੋਂ ਨੰਗਾ ਨ ਹੋਇ[੭੨] । ਪਗੜੀ ਤਕੜੀ ਬੰਨ੍ਹੇ ।[੭੩] ਜੈਸੇ ਸ਼ੇਰ ਅਚੇਤ ਨਹੀਂ ਰਹਿੰਦਾ ।

ਸ਼ਸਤ੍ਰਧਾਰੀ ਸਿੰਘ ਨਾਰਿ[੭੪] ਉਪਰਿ ਸ਼ਸਤ੍ਰ ਨਾ ਉਠਾਵੈ ।

---

[੬੭] ਪਉੜੀ ੨੨, ਵਾਰ ਆਸਾ, ਮਹਲਾ ੧, ਪੰਨਾ ੪੭੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੬੮] ਮੀਣੇ (ਪ੍ਰਿਥੀ ਚੰਦ ਦੇ ਵੰਸ਼ਜ), ਧੀਰਮੱਲੀਏ ਤੇ ਰਾਮਰਾਈਏ ਗੁਰੂ ਸਾਹਿਬ ਜੀ ਦੇ ਸੱਕੇ ਰਿਸ਼ਤੇਦਾਰ ਸਨ ।

[੬੯] ਮੀਣੇ, ਧੀਰਮੱਲੀਏ, ਰਾਮਰਾਈਏ ਤੇ ਮਸੰਦ ਤਾਂ ਪੰਥ ਵਿੱਚੋਂ ਛੇਕੇ ਹੀ ਹਨ, ਇਨ੍ਹਾਂ ਦੇ ਸੇਵਕ/ਚੇਲੇ ਵੀ ਛੇਕ ਦਿੱਤੇ ਹਨ ।

[੭੦] ਗੁਰੂ ਸਾਹਿਬਾਨ ਦੇ ਹੁਕਮਨਾਮੇ ਸੰਗਤਾਂ ਤੱਕ ਪਹੁੰਚਾਉਣ ਵਾਲਾ ਕਰਮਚਾਰੀ । ਗੁਰੂ ਸਾਹਿਬ ਅੱਗੇ ਸਿੱਖਾਂ ਦੀ ਅਰਦਾਸ ਕਰਨ ਵਾਲਾ (ਅਰਦਾਸੀਆ) ਵੀ ਮੇਵੜਾ ਆਖਿਆ ਜਾਂਦਾ ਸੀ ।

[੭੧] "*ਸਨਮੁਖ ਲਰੈ, ਨਾ ਰਣ ਤੇ ਭਾਗੈ ।*" (ਰਹਿਤਨਾਮਾ ਭਾਈ ਦੇਸਾ ਸਿੰਘ) ।

[੭੨] ਸਿੰਘ ਸਿਰ 'ਤੇ ਦਸਤਾਰ ਸਜਾਉਂਦਾ ਹੈ ਤੇ ਤੇੜ ਕੱਛਹਿਰਾ ਪਹਿਨਦਾ ਹੈ ।

[੭੩] ਜੋ ਸਿੱਖ ਛੋਟੇ-ਛੋਟੇ ਰੁਮਾਲ ਜੂੜੇ ਦੁਆਲੇ ਲਪੇਟੀ ਫਿਰਦੇ ਹਨ ਜਾਂ ਛੋਟੇ ਪਟਕੇ ਬੰਨ੍ਹੀ ਫਿਰਦੇ ਹਨ, ਉਨ੍ਹਾਂ ਨੂੰ ਇਸ ਪੰਕਤੀ ਤੋਂ ਸਿੱਖਿਆ ਪ੍ਰਾਪਤ ਕਰਨੀ ਚਾਹੀਦੀ ਹੈ । ਪੱਗੜੀ ਇੰਨੀ-ਕੁ ਲੰਮੀ ਤਾਂ ਹੋਣੀ ਹੀ ਚਾਹੀਦੀ ਹੈ ਕਿ ਇਸ ਨੂੰ ਸਹੀ ਮਾਅਨਿਆਂ ਵਿੱਚ ਪੱਗ ਜਾਂ ਦਸਤਾਰ ਆਦਿ ਕਿਹਾ ਜਾ ਸਕੇ ।

ਸ਼ਸਤ੍ਰਧਾਰੀ ਹੋਰ ਕਪੜੇ ਆਪਣੀ ਭਾਵਨਾ ਤੇ ਰਖੈ, ਕਛ ਮਾੜੀ ਨਾ ਰਖੇ ।[੭੫]

ਆਪ ਖਾਵੰਦ ਨੇ ਬਚਨ ਕੀਤਾ ਹੈ, "ਮੇਰੇ ਸਰੂਪ ਡਿਠੇ ਤੇ ਮੁਕਤਿ ਨਾਹੀਂ, ਮੇਰੇ ਬਚਨ ਮੰਨੇ ਤੇ ਮੁਕਤਿ ਹੈ ।" ਸਾਖ ਗ੍ਰੰਥ ਸਾਹਿਬ ਜੀ ਦੀ, "*ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥*"[੭੬]

ਜਬ ਏਹ ਗੁਰੂ ਕਾ ਸਿਖ ਹੋਂਦਾ ਹੈ, ਤਾਂ ਗੁਰੂ ਭੀ ਇਸ ਨੂੰ ਸਮ੍ਹਾਲਦਾ ਹੈ, "*ਸਤਿਗੁਰ ਸਿਖ ਕੀ ਕਰੈ ਪ੍ਰਤਿਪਾਲ ॥ ਸੇਵਕ ਕਉ ਗੁਰੁ ਸਦਾ ਦਇਆਲ ॥*"[੭੭]

ਸੋ, ਸਤਿਗੁਰੂ ਕੈਸੇ ਹਨ ? ਜਿਨ੍ਹਾਂ ਨੇ ਪੰਥ ਦੇ ਵਾਸਤੇ ਐਡਾ ਪੁਰਖਾਰਥ[੭੮] ਕੀਤਾ ਹੈ ਅਤੇ ਪੰਥ ਨੂੰ ਸਾਹਿਬ ਆਪਣੀ ਵਿਦਿਆ ਵਿਚ ਸੁਚੇਤ ਕਰਨ ਲਗੇ । ਆਪਣੇ ਹੱਥੀਂ ਤੀਰ ਬਣਾਇਅਨਿ, ਅਤੇ ਸਿਖਾਂ ਨੇ ਸਿਖਲਾਈਐ । ਅਤੇ ਰਹਿਤ ਸਿਖੀ ਦਾ ਉਪਦੇਸ਼ ਹੋਵੈ, ਅਤੇ ਚਾਲੇ ਰਾਜਨੀਤਿ ਦੇ ਸਿਖਲਾਇਆ ।

(ਚਲਦਾ)

---

[੭੪] ਨਾਰੀ, ਔਰਤ, ਤੀਵੀਂ ।

[੭੫] ਕੱਛ (ਕੱਛਹਿਰਾ) ਅਜਿਹਾ ਨਾ ਹੋਏ ਕਿ ਪੂਰੀ ਤਰ੍ਹਾਂ ਨੰਗੇਜ਼ ਨਾ ਢੱਕ ਸਕੇ । ਕੱਛਹਿਰੇ ਦਾ ਉਦੇਸ਼ ਤੇੜ ਦੇ ਨੰਗੇਜ਼ ਨੂੰ ਢੱਕਣਾ ਹੈ । ਇਸ ਤੋਂ ਇਲਾਵਾ ਸਿੰਘ ਹੋਰ ਵਸਤਰ ਆਪਣੀ ਇੱਛਾ ਅਨੁਸਾਰ ਪਾ ਸਕਦਾ ਹੈ । ਭਾਵ, ਦਸਤਾਰ ਤੇ ਕੱਛਹਿਰੇ ਤੋਂ ਬਿਨਾ ਸਿੰਘ ਨੂੰ ਪਹਿਰਾਵੇ ਬਾਰੇ ਹੋਰ ਕੋਈ ਬੰਦਿਸ਼ ਨਹੀਂ ਹੈ । ਉੱਪਰ ਪਹਿਲਾਂ ਹੀ ਆ ਚੁੱਕਾ ਹੈ, "*ਲੱਕੋਂ ਸਿਰੋਂ ਨੰਗਾ ਨ ਹੋਇ ।*"

[੭੬] ਸਲੋਕ, ਮਹਲਾ ੩, ਵਡਹੰਸ ਕੀ ਵਾਰ, ਪੰਨਾ ੫੯੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੭੭] ਗਉੜੀ, ਸੁਖਮਨੀ, ਮਹਲਾ ੫, ਪੰਨਾ ੨੮੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੭੮] ਉੱਦਮ ।

## ਰਹਿਤਨਾਮਾ ਭਾਈ ਚਉਪਾ ਸਿੰਘ ਜੀ (ਮੂਲ ਪਾਠ) (ਭਾਗ ਪੰਜਵਾਂ)

(ਪੈਰ-ਟਿਪਣੀਆਂ : - ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ')

ਤਨਖਾਹਨਾਮਾ [੧]

ਬਚਨ ਹੋਆ-ਜਿਸ ਕੋਲੋਂ ਕੁਰਹਿਤ ਹੋਵੈ, ਉਹ ਸਰਬਤ ਅੱਗੇ ਹੱਥ ਜੋੜਿ ਖਲੋਵੈ, ਤਾਂ ਉਸ ਨੂੰ ਬਖ਼ਸ਼ਣਾ, ਅੜੀ ਨਹੀਂ ਕਰਨੀ । ਤਨਖਾਹ ਲੈਣੀ, ਵੈਰੁ ਨਾਹੀ ਕਰਨਾ [੨]। ਜੋ ਸਿਖ ਸਹਜਧਾਰੀ ਹੋਇਕੈ ਚਿਹਰੇ ਦੇ ਰੋਮ ਲੁਹਾਏ, ਸੋ ਭੀ ਤਨਖਾਹੀਆ ।[੩]

ਜੋ ਸਿਖ ਪ੍ਰਸਾਦਿ ਵਰਤਾਂਵਦਾ ਹੋਵੈ ਅਤੇ ਆਪੇ ਹੀ ਕੋਈ ਹੱਥ ਪਾਏ, ਸੋ ਭੀ ਤਨਖਾਹੀਆ ।[੪]

ਜੋ ਸਿਖ ਸਰਬਤ੍ਰ ਵਿਚ ਬੀਚਾਰ ਕੇ ਨ ਬੈਠੇ, ਸਾਹਿਬਜ਼ਾਦੇ ਤਥਾ ਸ਼ਬਦ ਗਾਵਣੇ-ਪੜ੍ਹਨੇ ਵਾਲੇ ਅੱਗੇ ਹੋਇ ਬੈਠੇ, ਸੋ ਮੂਰਖ ਤਨਖਾਹੀਆ ।

ਜੋ ਸਿਖ ਗ੍ਰੰਥ ਸਾਹਿਬ ਜੀ ਦੇ ਪਾਸ ਪ੍ਰਸ਼ਾਦਿ ਲਿਆਵੈ, ਅਤੇ ਧਰਮਸਾਲੀਆ[੫] ਅੰਤਰਿ ਧਰ ਲਏ, ਵਰਤਾਏ ਨਾਹੀਂ ਲੋਭ ਕਰਕੇ, ਸੋ ਭੀ ਤਨਖਾਹੀਆ ।

ਜੋ ਕੇਸਧਾਰੀ ਟੋਪੀ ਰਖੇ, ਸੋ ਭੀ ਤਨਖਾਹੀਆ ।[੬]

---

[੧] ਧਰਮ-ਦੰਡ ਬਾਰੇ ਲਿੱਖਤ ।

[੨] "*ਸੰਗਤ ਨੂੰ ਬਖ਼ਸ਼ਣ ਵੇਲੇ ਹਠ ਨਹੀਂ ਕਰਨਾ ਚਾਹੀਦਾ । ਨਾ ਹੀ ਤਨਖਾਹ ਲੁਆਉਣ ਵਾਲੇ ਨੂੰ ਦੰਡ ਭਰਨ ਵਿਚ ਅੜੀ ਕਰਨੀ ਚਾਹੀਦੀ ਹੈ । ਤਨਖਾਹ ਕਿਸੇ ਕਿਸਮ ਦੀ ਸੇਵਾ, ਖ਼ਾਸ ਕਰਕੇ ਜੋ ਹੱਥਾਂ ਨਾਲ ਕੀਤੀ ਜਾ ਸਕੇ, ਲਾਉਣੀ ਚਾਹੀਏ ।*" (ਸਿੱਖ ਰਹਿਤ ਮਰਯਾਦਾ) ।

[੩] ਇੱਥੋਂ ਸਪਸ਼ਟ ਹੈ ਕਿ ਸਹਿਜਧਾਰੀ ਨੂੰ ਵੀ ਦਾੜ੍ਹੀ 'ਸ਼ੇਵ' ਕਰਨ ਦੀ ਇਜਾਜ਼ਤ ਨਹੀਂ ਹੈ ।

[੪] ਭਾਵ, ਜੇ ਕੋਈ ਸਿੱਖ ਸੇਵਾਦਾਰ ਪ੍ਰਸ਼ਾਦ ਵਰਤਾ ਰਿਹਾ ਹੋਏ, ਤਾਂ ਕੋਈ ਹੋਰ ਸਿੱਖ ਜੇ ਆਪ ਹੀ ਪ੍ਰਸ਼ਾਦ ਵਿੱਚ ਹੱਥ ਪਾ ਕੇ ਆਪਣੇ ਲਈ ਪ੍ਰਸ਼ਾਦ ਲੈਂਦਾ ਹੈ, ਤਾਂ ਉਹ ਦੋਸ਼ੀ ਹੈ । ਇਹ ਪ੍ਰਸ਼ਾਦ ਵਰਤਾਉਣ ਵਾਲੇ ਸਿੱਖ ਦੀ ਜ਼ਿੰਮੇਵਾਰੀ ਹੈ ਕਿ ਉਹ ਸਭ ਨੂੰ ਪ੍ਰਸ਼ਾਦ ਵੰਡੇ ।

[੫] ਗੁਰਦੁਆਰੇ ਦਾ ਸੇਵਾਦਾਰ, ਗ੍ਰੰਥੀ ਸਿੰਘ ਆਦਿ ।

[੬] "*ਹੋਇ ਸਿਖ ਸਿਰ ਟੋਪੀ ਧਰੈ । ਸਾਤ ਜਨਮ ਕੁਸ਼ਟੀ ਹੋਇ ਮਰੈ ।*"('ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ') ।

ਜੋ ਸਿਖ ਕੇਸਧਾਰੀ ਲੰਗੋਟ ਰਖੇ, ਸੋ ਭੀ ਤਨਖਾਹੀਆ । ਜੋ ਸਿਖ ਕੱਛ ਅੰਦਰਿ ਲੰਗੋਟ ਰਖੇ, ਸੋ ਪੱਕਾ ਤਨਖਾਹੀਆ ।

ਪ੍ਰਸਾਦ ਗੁਰੂ ਕਾ ਜੋ ਚੁਰਾਇ ਲਏ, ਸੋ ਦਰਿਦ੍ਰੀ ਤਨਖਾਹੀਆ ।

ਕੇਸਧਾਰੀ ਛਾਤੀ ਦੇ ਰੋਮ ਲੁਹਾਏ, ਸੋ ਤਨਖਾਹੀਆ ।[੭]

ਜੋ ਸਿਖ ਪ੍ਰਸਾਦਿ ਵਰਤਾਂਵਦਾ ਫਰਕ ਕਰੇ, ਪੰਗਤਿ ਵਿਚ, ਸੋ ਕਾਣਾ ਤਨਖਾਹੀਆ । ਪਰ ਅਦਬ ਅਧਿਕਾਰ ਦੇਖ ਕਰਿ ਕਰੇ। ਪ੍ਰਸਾਦ ਵਿਚ ਵਾਧ ਘਾਟ ਨ ਕਰੈ ।[੮]

ਜੋ ਕੇਸਧਾਰੀ ਲੱਕ ਦਾ ਪੜਦਾ[੯] ਸਿਰ ਤੇ ਧਰੇ, ਸੋ ਭੀ ਤਨਖਾਹੀਆ ।

ਜੋੜੇ ਚੜ੍ਹੇ[੧੦] ਲੰਗਰ ਵਿਚ ਜਾਏ, ਸੋ ਭੀ ਤਨਖਾਹੀਆ । ਜੋੜੇ ਚੜ੍ਹੇ ਪ੍ਰਸਾਦਿ ਖਾਏ, ਸੋ ਭੀ ਤਨਖਾਹੀਆ ।

ਜੋ ਪ੍ਰਸਾਦਿ ਸਿਖ ਨੂੰ ਆਖ ਕੇ ਉਸ ਦੇ ਛਕਾਏ ਬਿਨਾਂ, ਆਪਿ ਅਗੇ ਖਾਇ ਲਏ, ਸੋ ਭੀ ਤਨਖਾਹੀਆ ।

ਜੋ ਸਿਖ ਸਿਖਾਂ ਦੇ ਚੰਗਾ ਜੋੜ ਮੇਲ ਲਗੇ ਵਿਚ ਬੇ-ਪ੍ਰਯੋਜਨ ਉਠਿ ਜਾਏ, ਸੋ ਤਨਖਾਹੀਆ, ਦੇਣਦਾਰ ਜਾਨਣਾ ।

ਜੋ ਸਿਖ, ਸਿਖਾਂ ਦੇ ਕੰਮ ਵਿਚ ਠੱਲ੍ਹ ਪਾਏ, ਅੜੀ ਕਰੈ, ਸੋ ਭੀ ਤਨਖਾਹੀਆ ।

ਜੋ ਸਿਖ, ਸਿਖ ਨਾਲ ਹਾਸਾ-ਮਸ਼ਕਰੀ ਕਰੈ, ਸੋ ਭੀ ਤਨਖਾਹੀਆ ।

ਗੁਰੂ ਕਾ ਸਿਖ ਚੌਂਕੇ ਪਾਏ ਬਿਨਾ ਕੜਾਹ ਪ੍ਰਸਾਦਿ ਕਰੈ, ਸੋ ਭੀ ਤਨਖਾਹੀਆ ।

ਜੋ ਸਿਖ ਵਾਸੀ ਦਾ ਜ਼ੁੰਮੇਦਾਰਿ, ਵਾਸੀ ਬਿਨਾ ਹੋਰਥੈ ਬਖ਼ਸ਼ਾਇ, ਸੋ ਭੀ ਤਨਖਾਹੀਆ ।

---

[੭] ਸਿੱਖ ਨੂੰ ਹੁਕਮ ਹੈ ਕਿ ਉਹ ਸਰੀਰ ਦੇ ਕਿਸੇ ਹਿੱਸੇ ਦੇ ਵੀ ਕੇਸ/ਰੋਮ ਨਾ ਲੁਹਾਏ । "*ਕੇਸ ਹਮੇਸ਼ ਪਾਂਚ ਜੋ ਰਾਖੈ ।*" (ਗਿਆਨੀ ਗਿਆਨ ਸਿੰਘ ਰਚਿਤ 'ਪੰਥ ਪ੍ਰਕਾਸ', ੨੯ਵਾਂ ਨਿਆਸ, ਪੰਨਾ ੨੩੨, ਭਾਸ਼ਾ ਵਿਭਾਗ, ਪੰਜਾਬ, ੧੯੮੭ ਐਡੀਸ਼ਨ) ।

[੮] ਭਾਵ, ਪ੍ਰਸ਼ਾਦ ਵਰਤਾਉਣ ਲੱਗਿਆਂ ਕਿਸੇ ਨਾਲ ਵਿਤਕਰਾ ਨਾ ਕਰੇ ।

[੯] ਲੱਕ ਦਾ ਪਹਿਰਾਵਾ, ਕੱਛਹਿਰਾ ਆਦਿ ।

[੧੦] ਜੁੱਤੇ ਪਾ ਕੇ ।

ਜੋ ਕੇਸਧਾਰੀ ਲੱਕ ਦੇ ਪੜਦੇ ਹੇਠੋਂ ਲੰਘੇ, ਸੋ ਭੀ ਤਨਖਾਹੀਆ ।

ਜੋ ਸਿਖ, ਸਿਖ ਦਾ ਮੂੰਹ ਫਿਟਕਾਰੇ, ਸੋ ਭੀ ਤਨਖਾਹੀਆ । ਜੋ ਸਿਖ, ਸਿਖ ਨੂੰ ਬੁਰਾ ਆਖੇ ਕ੍ਰੋਧ ਨਾਲ, ਸੋ ਭੀ ਤਨਖਾਹੀਆ ।

ਜੋ ਸਿਖ, ਸਿਖ ਨੂੰ ਧੀਰੀ ਦੇਵੇ, ਸੋ ਭੀ ਤਨਖਾਹੀਆ ।

ਜੋ ਸਿਖ, ਸਿਖ ਦੀ ਪੱਗ ਤੇ ਹੱਥ ਪਾਏ, ਸੋ ਭੀ ਤਨਖਾਹੀਆ । ਜੋ ਸਿਖ, ਸਿਖ ਦੇ ਦਾੜ੍ਹੇ ਹੱਥ ਪਾਏ, ਅਰੁ ਲੜੇ, ਸੋ ਭੀ ਤਨਖਾਹੀਆ । ਜੋ ਸਿਖ, ਸਿਖ ਦੇ ਕੇਸਾਂ ਨੂੰ ਹੱਥ ਪਾਏ, ਸੋ ਭੀ ਤਨਖਾਹੀਆ ।

ਜੋ ਸਿਖ, ਸਿਖ ਦੇ ਘਰਿ ਆਵੈ ਅਰਥੀ, ਯਥਾਸ਼ਕਤਿ ਵੰਡ ਨਾ ਖਾਏ, ਸੋ ਨੀਚ ਤਨਖਾਹੀਆ । ਜੋ ਸਿਖ ਅਰਥੀ ਨੂੰ ਧਰਮਸਾਲੀਆ ਜਬਾਬ ਦੇਵੇ, ਸੋ ਨੀਚ ਤਨਖਾਹੀਆ ।

ਜੋ ਸਿਖ ਵਾਸੀ ਵਾਲੇ ਭਲੇ ਸਿਖ ਦੀ, ਹੋਂਦੇ ਧਨ ਟਹਿਲ ਨ ਕਰੇਨਿ, ਸੋ ਦੇਣਦਾਰ ਤਨਖਾਹੀਆ ।

ਜੋ ਸਿਖ ਨਾਲ ਹੱਥੋ-ਪਾਈ-ਲੜਾਈ ਕਰੇ, ਸੋ ਭੀ ਤਨਖਾਹੀਆ ।

ਜੋ ਅਰਥੀ ਸਿਖਾਂ ਨੂੰ ਵਾਸੀ ਵਾਲਾ ਦੁਖਾਏ, ਸੋ ਭੀ ਤਨਖਾਹੀਆ ।

ਜੋ ਧਰਮਸਾਲੀਆ, ਪਰਦੇਸੀ ਸਿਖ ਦੀ ਰਸਤੁ ਤਕੜਾਈ ਨ ਕਰੈ, ਸੋ ਤਨਖਾਹੀਆ ।

ਜੋ ਸ੍ਰੀ ਸਾਹਿਬ ਨੋ ਉਲੰਘੇ, ਸੋ ਭੀ ਤਨਖਾਹੀਆ ।

ਜੋ ਸਿਖ ਦੀ ਆਪੇ ਪੱਗ ਉਤਾਰੇ, ਸੋ ਭੀ ਤਨਖਾਹੀਆ, ਫੇਰ ਬਖ਼ਸ਼ਾਏ ਭੀ ਨਹੀਂ ।

ਜੋ ਸਿਖ ਕਰਦ ਦੇਂਦਾ ਭੁੰਞੇ ਸੁਟੇ, ਸੋ ਤਨਖਾਹੀਆ । ਹਥਿ ਦੇਵੈ ।

ਜੋ ਕੁਰਹਿਤੀਏ, ਤਨਖਾਹੀਏ, ਧੜੀਏ ਦਾ ਪੱਖ ਕਰੇ, ਤਨਖਾਹੀਆ ।

ਔਰਨਾ ਕੋ ਉਪਦੇਸ਼ ਕਰੇ, ਆਪ ਨ ਕਰੇ, ਤਨਖਾਹੀਆ ।[੧੧]

ਕੁਰਹਿਤ ਕਰੇ, ਬਖ਼ਸ਼ਾਏ ਨਾਹੀ, ਸੋ ਭੀ ਤਨਖਾਹੀਆ ।

ਜੋ ਸਿਖ, ਸਿਖ ਨੂੰ ਗੁਰੂ ਦਾ ਮਾਰਿਆ ਆਖੇ, ਸੋ ਭੀ ਤਨਖਾਹੀਆ ।

ਤਲਵਾਰ ਮਗਰ-ਪਾਛੇ ਸਿਟੇ, ਸੋ ਭੀ ਤਨਖਾਹੀਆ । ਮੁੱਠ ਮੋਢੇ ਉਪਰੋਂ ਪਿੱਛੇ ਰਖੇ ਤਲਵਾਰ ਦੀ, ਸੋ ਤਨਖਾਹੀਆ । ਤੁਰਕ ਨਫਰ ਦੇ ਹਥਿ ਸ੍ਰੀ ਸਾਹਿਬ ਦੇਵੇ ਆਪ ਖਾਲੀ ਤੁਰੇ, ਸੋ ਭੀ ਤਨਖਾਹੀਆ । ਕਾਵ੍ਹੇ ਬੈਠੇ[੧੨], ਸ੍ਰੀ ਸਾਹਿਬ ਪਾਸ ਰਖੇ, ਸੋ ਭੀ ਤਨਖਾਹੀਆ । ਸਿੰਘ ਨੂੰ ਭੀ ਸੁਚੇਤੀ ਚਾਹੀਦੀ ਹੈ । ਸ਼ਸਤ੍ਰ ਬਿਨਾਂ ਖਾਲੀ ਤੁਰੇ, ਸੋ ਭੀ ਤਨਖਾਹੀਆ । ਕਾਵ੍ਹੇ ਫਿਰ ਕੇ, ਹੱਥ ਧੋਇ ਕੇ, ਪੰਜ-ਇਸ਼ਨਾਨਾ ਜਾਂ ਇਸ਼ਨਾਨ ਨਾ ਕਰੇ, ਸੋ ਤਨਖਾਹੀਆ ।

ਜੋ ਪੱਗ ਨੂੰ ਬਾਸੀ ਰਖੇ, ਸੋ ਤਨਖਾਹੀਆ । ਜੋ ਹੋਂਦੇ ਦਹੀਂ ਕੇਸ ਨਾ ਧੋਏ, ਸੋ ਆਲਸੀ ਤਨਖਾਹੀਆ ।

ਜੋ ਗੁਰਮੰਤ੍ਰ, ਜਪੁਜੀ ਰੋਜ਼ ਨ ਪੜ੍ਹੇ, ਸੋ ਅਚੇਤ ਤਨਖਾਹੀਆ । ਜੋ ਬਾਣੀ ਕੰਠ ਕੀਤੀ ਨ ਵਿਚਾਰੇ, ਸੋ ਆਲਸੀ ਤਨਖਾਹੀਆ ।[੧੩] ਗ੍ਰੰਥ ਜੀ ਦਾ ਪਾਠ ਲੱਕੋਂ ਨੰਗਾ ਕਰੈ, ਸੋ ਤਨਖਾਹੀਆ ।

ਇਸ਼ਨਾਨ ਕਰੈ ਸਿੰਘ ਲੱਕੋਂ ਨੰਗਾ, ਸੋ ਤਨਖਾਹੀਆ । ਗਿੱਲੀ-ਸੁੱਕੀ ਕੱਛ ਪਾਇ ਲਏ, ਕੱਛ ਦੇ ਪਉਂਚੇ ਦਾ ਸਿਖ ਵਿਸਾਹ ਨਾ ਕਰੇ ।

ਜੋ ਸਿਖ ਪਰ ਨਾਰੀਆਂ ਦੀ ਸੰਗਤ ਕਰੇ, ਤਨਖਾਹੀਆ ।[੧੪] ਜੋ ਸਿਖ ਨਾਰੀ ਦਾ ਜੂਠਾ ਖਾਏ, ਸੋ ਤਨਖਾਹੀਆ ।[੧੫] ਜੋ ਸਿਖ ਮਾਤਾ ਪਿਤਾ ਬਿਨਾਂ ਤ੍ਰੀਮਤ ਦੀ ਪੈਰੀਂ ਪਵੈ, ਸੋ ਤਨਖਾਹੀਆ ।

---

[੧੧] "*ਅਵਰ ਉਪਦੇਸੈ ਆਪਿ ਨ ਕਰੈ ॥ ਆਵਤ ਜਾਵਤ ਜਨਮੈ ਮਰੈ ॥*" (ਗਉੜੀ ਸੁਖਮਨੀ, ਮਹਲਾ ੫, ਪੰਨਾ ੨੬੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) । "*ਅਵਰ ਉਪਦੇਸੈ ਆਪਿ ਨ ਬੂਝੈ ॥ ਐਸਾ ਬ੍ਰਾਹਮਣੁ ਕਹੀ ਨ ਸੀਝੈ ॥*" (ਆਸਾ ਮਹਲਾ ੫, ਪੰਨਾ ੩੭੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) । "*ਔਰਨ ਕਹ ਉਪਦੇਸ਼ਤ ਹੈ ਪਸੁ ਤੋਹਿ ਪ੍ਰਬੋਧ ਨ ਲਾਗੋ ॥*" (ਰਾਮਕਲੀ ਪਾਤਸ਼ਾਹੀ ੧੦, ਪੰਨਾ ੭੧੦, ਸ੍ਰੀ ਦਸਮ ਗ੍ਰੰਥ ਸਾਹਿਬ ਜੀ) ।

[੧੨] ਜੰਗਲ-ਪਾਣੀ ਲਈ ਬੈਠੇ, ਪਖਾਨੇ ਲਈ ਬੈਠੇ ।

[੧੩] ਬਾਣੀ ਦੀ ਵੀਚਾਰ ਕਰਨੀ ਕਿਸੇ ਵਿਰਲੇ ਦੇ ਹੀ ਹਿੱਸੇ ਆਉਂਦੀ ਹੈ, "*ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥ ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥*" (ਰਾਮਕਲੀ ਮਹਲਾ ੧ ਦਖਣੀ, ਓਅੰਕਾਰੁ ਪੰਨਾ ੯੩੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ।

[੧੪] "*ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ ॥ ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ ॥*" (ਸੋਰਠਿ ਮਹਲਾ ੫, ਪੰਨਾ ੬੧੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ।

ਜੋ ਸਿਖ ਹੋਇ ਕਰਿ ਨੱਚੇ, ਸੋ ਤਨਖਾਹੀਆ।[੧੬]

ਜੋ ਸਿਖ ਗੁਰੂ ਕੇ ਜੋੜ ਵਿਚ ਗੁਰੂ ਕੀ ਬਾਣੀ ਬਿਨਾਂ ਹੋਰ ਬਾਣੀ ਗਾਵੈ, ਸੋ ਤਨਖਾਹੀਆ।[੧੭]

ਜੋ ਚਿਟੇ ਚੁਣਾਏ[੧੮], ਸੋ ਤਨਖਾਹੀਆ। ਜੋ ਕੇਸਧਾਰੀ ਕਲਫ ਲਾਏ, ਸੋ ਤਨਖਾਹੀਆ।

---

[੧੫] ਇਸ ਪੰਕਤੀ ਨੂੰ ਗੁਰਬਾਣੀ ਰਾਹੀਂ ਪ੍ਰਮਾਣਿਤ ਨਹੀਂ ਕੀਤਾ ਜਾ ਸਕਦਾ। ਦੇਖੋ, ਇਸੇ ਪੁਸਤਕ ਵਿੱਚਲਾ ਲੇਖ 'ਨਾਰੀ'।

[੧੬] "*ਨਚਣੁ ਕੁਦਣੁ ਮਨ ਕਾ ਚਾਉ ॥ ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ ॥*" (ਸਲੋਕ, ਮਹਲਾ ੧, ਵਾਰ ਆਸਾ, ਪੰਨਾ ੪੬੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)। "*ਸਿਲ ਪੂਜਸਿ ਚਕ੍ਰ ਗਣੇਸੰ ॥ ਨਿਸਿ ਜਾਗਸਿ ਭਗਤਿ ਪ੍ਰਵੇਸੰ ॥ ਪਗ ਨਾਚਸਿ ਚਿਤੁ ਅਕਰਮੰ ॥ ਏ ਲੰਪਟ ਨਾਚ ਅਧਰਮੰ ॥ ੩ ॥*" (ਪ੍ਰਭਾਤੀ ਭਗਤ ਬੇਣੀ ਜੀ ਕੀ, ਪੰਨਾ ੧੩੫੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)। "*ਗੂਜਰੀ ਮਹਲਾ ੩ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥ ਨਿਰਤਿ ਕਰੀ ਇਹੁ ਮਨੁ ਨਚਾਈ ॥ ਗੁਰ ਪਰਸਾਦੀ ਆਪੁ ਗਵਾਈ ॥ ਚਿਤੁ ਥਿਰੁ ਰਾਖੈ ਸੋ ਮੁਕਤਿ ਹੋਵੈ ਜੋ ਇਛੀ ਸੋਈ ਫਲੁ ਪਾਈ ॥ ੧ ॥ ਨਾਚੁ ਰੇ ਮਨ ਗੁਰ ਕੈ ਆਗੈ ॥ ਗੁਰ ਕੈ ਭਾਣੈ ਨਾਚਹਿ ਤਾ ਸੁਖੁ ਪਾਵਹਿ ਅੰਤੇ ਜਮ ਭਉ ਭਾਗੈ ॥ ਰਹਾਉ ॥ ਆਪਿ ਨਚਾਏ ਸੋ ਭਗਤੁ ਕਹੀਐ ਆਪਣਾ ਪਿਆਰੁ ਆਪਿ ਲਾਏ ॥ ਆਪੇ ਗਾਵੈ ਆਪਿ ਸੁਣਾਵੈ ਇਸੁ ਮਨ ਅੰਧੇ ਕਉ ਮਾਰਗਿ ਪਾਏ ॥ ੨ ॥ ਅਨਦਿਨੁ ਨਾਚੈ ਸਕਤਿ ਨਿਵਾਰੈ ਸਿਵ ਘਰਿ ਨੀਦ ਨ ਹੋਈ ॥ ਸਕਤੀ ਘਰਿ ਜਗਤੁ ਸੂਤਾ ਨਾਚੈ ਟਾਪੈ ਅਵਰੋ ਗਾਵੈ ਮਨਮੁਖਿ ਭਗਤਿ ਨ ਹੋਈ ॥ ੩ ॥ ਸੁਰਿ ਨਰ ਵਿਰਤਿ ਪਖਿ ਕਰਮੀ ਨਾਚੇ ਮੁਨਿ ਜਨ ਗਿਆਨ ਬੀਚਾਰੀ ॥ ਸਿਧ ਸਾਧਿਕ ਲਿਵ ਲਾਗੀ ਨਾਚੇ ਜਿਨ ਗੁਰਮੁਖਿ ਬੁਧਿ ਵੀਚਾਰੀ ॥ ੪ ॥ ਖੰਡ ਬ੍ਰਹਮੰਡ ਤ੍ਰੈ ਗੁਣ ਨਾਚੇ ਜਿਨ ਲਾਗੀ ਹਰਿ ਲਿਵ ਤੁਮਾਰੀ ॥ ਜੀਅ ਜੰਤ ਸਭੇ ਹੀ ਨਾਚੇ ਨਾਚਹਿ ਖਾਣੀ ਚਾਰੀ ॥ ੫ ॥ ਜੋ ਤੁਧੁ ਭਾਵਹਿ ਸੇਈ ਨਾਚਹਿ ਜਿਨ ਗੁਰਮੁਖਿ ਸਬਦਿ ਲਿਵ ਲਾਏ ॥ ਸੇ ਭਗਤ ਸੇ ਤਤੁ ਗਿਆਨੀ ਜਿਨ ਕਉ ਹੁਕਮੁ ਮਨਾਏ ॥ ੬ ॥ ਏਹਾ ਭਗਤਿ ਸਚੇ ਸਿਉ ਲਿਵ ਲਾਗੈ ਬਿਨੁ ਸੇਵਾ ਭਗਤਿ ਨ ਹੋਈ ॥ ਜੀਵਤੁ ਮਰੈ ਤਾ ਸਬਦੁ ਬੀਚਾਰੈ ਤਾ ਸਚੁ ਪਾਵੈ ਕੋਈ ॥ ੭ ॥ ਮਾਇਆ ਕੈ ਅਰਥਿ ਬਹੁਤੁ ਲੋਕ ਨਾਚੇ ਕੋ ਵਿਰਲਾ ਤਤੁ ਬੀਚਾਰੀ ॥ ਗੁਰ ਪਰਸਾਦੀ ਸੋਈ ਜਨੁ ਪਾਏ ਜਿਨ ਕਉ ਕ੍ਰਿਪਾ ਤੁਮਾਰੀ ॥ ੮ ॥ ਇਕੁ ਦਮੁ ਸਾਚਾ ਵੀਸਰੈ ਸਾ ਵੇਲਾ ਬਿਰਥਾ ਜਾਇ ॥ ਸਾਹਿ ਸਾਹਿ ਸਦਾ ਸਮਾਲੀਐ ਆਪੇ ਬਖਸੇ ਕਰੇ ਰਜਾਇ ॥ ੯ ॥ ਸੇਈ ਨਾਚਹਿ ਜੋ ਤੁਧੁ ਭਾਵਹਿ ਜਿ ਗੁਰਮੁਖਿ ਸਬਦੁ ਵੀਚਾਰੀ ॥ ਕਹੁ ਨਾਨਕ ਸੇ ਸਹਜ ਸੁਖੁ ਪਾਵਹਿ ਜਿਨ ਕਉ ਨਦਰਿ ਤੁਮਾਰੀ ॥ ੧੦ ॥ ੧ ॥ ੬ ॥*" (ਪੰਨਾ ੫੦੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)। "*ਘੂੰਘਟੁ ਤੇਰੋ ਤਉ ਪਰਿ ਸਾਚੈ ॥ ਹਰਿ ਗੁਨ ਗਾਇ ਕੂਦਹਿ ਅਰੁ ਨਾਚੈ ॥*" (ਆਸਾ, ਭਗਤ ਕਬੀਰ ਜੀ, ਪੰਨਾ ੪੮੪)। "*ਨਾਚਨੁ ਸੋਇ ਜੁ ਮਨ ਸਿਉ ਨਾਚੈ ॥ ਝੂਠਿ ਨ ਪਤੀਐ ਪਰਚੈ ਸਾਚੈ ॥ ਇਸੁ ਮਨ ਆਗੇ ਪੂਰੈ ਤਾਲ ॥ ਇਸੁ ਨਾਚਨ ਕੇ ਮਨ ਰਖਵਾਲ ॥*" (ਗੋਂਡ, ਕਬੀਰ ਜੀ, ਪੰਨਾ ੮੭੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)। "*ਰਾਮਕਲੀ ਮਹਲਾ ੫ ॥ ਕਰ ਕਰਿ ਤਾਲ ਪਖਾਵਜੁ ਨੈਨਹੁ ਮਾਥੈ ਵਜਹਿ ਰਬਾਬਾ ॥ ਕਰਨਹੁ ਮਧੁ ਬਾਸੁਰੀ ਬਾਜੈ ਜਿਹਵਾ ਧੁਨਿ ਆਗਾਜਾ ॥ ਨਿਰਤਿ ਕਰੇ ਕਰਿ ਮਨੂਆ ਨਾਚੈ ਆਣੇ ਘੂਘਰ ਸਾਜਾ ॥ ੧ ॥ ਰਾਮ ਕੋ ਨਿਰਤਿਕਾਰੀ ॥ ਪੇਖੈ ਪੇਖਨਹਾਰੁ ਦਇਆਲਾ ਜੇਤਾ ਸਾਜੁ ਸੀਗਾਰੀ ॥ ੧ ॥ ਰਹਾਉ ॥ ਆਖਾਰ ਮੰਡਲੀ ਧਰਣਿ ਸਬਾਈ ਊਪਰਿ ਗਗਨੁ ਚੰਦੋਆ ॥ ਪਵਨੁ ਵਿਚੋਲਾ ਕਰਤ ਇਕੇਲਾ ਜਲ ਤੇ ਓਪਤਿ ਹੋਆ ॥ ਪੰਚ ਤਤੁ ਕਰਿ ਪੁਤਰਾ ਕੀਨਾ ਕਿਰਤ ਮਿਲਾਵਾ ਹੋਆ ॥ ੨ ॥ ਚੰਦੁ ਸੂਰਜੁ ਦੁਇ ਜਰੇ ਚਰਾਗਾ ਚਹੁ ਕੁੰਟ ਭੀਤਰਿ ਰਾਖੇ ॥ ਦਸ ਪਾਤਉ ਪੰਚ ਸੰਗੀਤਾ ਏਕੈ ਭੀਤਰਿ ਸਾਥੇ ॥ ਭਿੰਨ ਭਿੰਨ ਹੋਇ ਭਾਵ ਦਿਖਾਵਹਿ ਸਭਹੁ ਨਿਰਾਰੀ ਭਾਖੇ ॥ ੩ ॥ ਘਰਿ ਘਰਿ ਨਿਰਤਿ ਹੋਵੈ ਦਿਨੁ ਰਾਤੀ ਘਟਿ ਘਟਿ ਵਾਜੈ ਤੂਰਾ ॥ ਏਕਿ ਨਚਾਵਹਿ ਏਕਿ ਭਵਾਵਹਿ ਇਕਿ ਆਇ ਜਾਇ ਹੋਇ ਧੂਰਾ ॥ ਕਹੁ ਨਾਨਕ ਸੋ ਬਹੁਰਿ ਨ ਨਾਚੈ ਜਿਸੁ ਗੁਰੁ ਭੇਟੈ ਪੂਰਾ ॥ ੪ ॥ ੭ ॥*" (ਪੰਨਾ ੮੮੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

[੧੭] "*ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ ॥ ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥*" (ਰਾਗੁ ਬਿਲਾਵਲੁ, ਮਹਲਾ ੫, ਚਉਪਦੇ ਦੁਪਦੇ, ਘਰੁ ੬ , ਪੰਨਾ ੮੨੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ।

ਜੋ ਸਿਖ, ਸਿਖ ਦੀ ਚੁਗਲੀ ਕਰੈ, ਸੋ ਤਨਖਾਹੀਆ । ਗ੍ਰੰਥ ਸਾਹਿਬ ਜੀ ਦੀ ਸਾਖ, "*ਜਿਸੁ ਅੰਦਰਿ ਚੁਗਲੀ ਚੁਗਲੋ ਵਜੈ ਕੀਤਾ ਕਰਤਿਆ ਓਸ ਦਾ ਸਭੁ ਗਇਆ ॥*"[੧੯]

ਜੋ ਸਿਖ ਸਿਖਾਂ ਵਿਚ ਮਨਸੂਬਾ ਕਰਿ ਦੁਬਿਧਾ ਪਵਾਏ, ਸੋ ਤਨਖਾਹੀਆ । ਜੋ ਸਿਖ ਕੂੜ ਸੱਚ ਆਖ ਕੇ ਸਿਖਾਂ ਨੋ ਲੜਾਏ, ਸੋ ਤਨਖਾਹੀਆ ।

ਜੋ ਪ੍ਰਸਾਦਿ ਪਾਂਵਦਿਆਂ ਆਏ ਸਿਖ ਨੂੰ ਸੁਲਾਹ[੨੦] ਨ ਕਰੈ, ਸੋ ਭੀ ਤਨਖਾਹੀਆ । ਜੋ ਸਿਖ ਪਾਸਹੁੰ ਮੂੰਹ ਛਿਪਾਏ- ਚੋਰੀ ਖਾਏ, ਸੋ ਭੀ ਤਨਖਾਹੀਆ ।

ਜਿਸ ਦੇ ਸਿਖ ਭੁੰਞੇ ਸਵਣ, ਆਪ ਮਾਨੀ ਹੋਇ ਕਰਿ ਮੰਜੀ ਉਪਰਿ ਚੜ੍ਹ ਕਰਿ ਸਵੈਂ, ਸੋ ਪਾਖੰਡੀ ਤਨਖਾਹੀਆ । ਜੇ ਦਸ ਸਿਖ ਮੰਜੇ ਚੜ੍ਹਿ ਸਵਨਿ, ਗ਼ਰੀਬ ਸਿਖ ਭੁੰਞੇ ਸਵਨਿ - ਆਦਰ ਨਾ ਕਰਨ, ਸੋ ਤਨਖਾਹੀਏ ।

ਜੋ ਸਰਬਤ੍ਰ ਦੀ ਮਰਜ਼ੀ ਬਿਨਾਂ ਵਧੀਕੀ ਆਪ ਕਰੇ, ਸੋ ਤਨਖਾਹੀਆ ।

ਜੋ ਸਿਖ ਦਾ ਮੰਦਾ ਹੋਵਣ ਲਗੇ-ਕਾਰਜ ਵਿਗੜੇ, ਜਾਂਦਿਆਂ ਦੱਸੇ ਨਾਹੀਂ, ਸੋ ਭੀ ਤਨਖਾਹੀਆ ।

ਆਪ ਚੰਗਾ ਚੋਖਾ ਖਾਏ, ਸਿਖ ਨੂੰ ਮਾੜਾ ਖਵਾਏ, ਸੋ ਤਨਖਾਹੀਆ ।

ਜੋ ਕੰਨਯਾ ਮਾਰੇ, ਸੋ ਖ਼ੂਨੀ ਤਨਖਾਹੀਆ ।

ਸਿਖ ਦੀ ਵਸਤੂ ਚੁਰਾਏ, ਸੋ ਪ੍ਰੇਤ ਤਨਖਾਹੀਆ ।[੨੧]

---

[੧੮] ਚਿੱਟੇ ਕੇਸ ਪੁੱਟੇ । ਕਈ ਲੋਕ, ਖ਼ਾਸ ਕਰਕੇ ਅਧਖੜ੍ਹ ਉਮਰ ਦੇ, ਜਵਾਨ ਦਿਖਾਈ ਦੇਣ ਲਈ ਆਪਣੇ ਸਫ਼ੇਦ ਕੇਸ ਉਖਾੜ ਦਿੰਦੇ ਹਨ ।

[੧੯] ਸਲੋਕ, ਮਹਲਾ ੪, ਗਉੜੀ ਕੀ ਵਾਰ, ਪੰਨਾ ੩੦੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੨੦] ਸੁਲਾਹ ਮਾਰਨੀ, ਸੱਦਾ ਦੇਣਾ ।

[੨੧] "*ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ ॥ ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ ॥*" (ਗਉੜੀ ਚੇਤੀ ਮਹਲਾ ੧, ਪੰਨਾ ੧੫੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) । "*ਚੋਰੁ ਸਲਾਹੇ ਚੀਤੁ ਨ ਭੀਜੈ ॥ ਜੇ ਬਦੀ ਕਰੇ ਤਾ ਤਸੂ ਨ ਛੀਜੈ ॥ ਚੋਰ ਕੀ ਹਾਮਾ ਭਰੇ ਨ ਕੋਇ ॥ ਚੋਰੁ ਕੀਆ ਚੰਗਾ ਕਿਉ ਹੋਇ ॥*" (ਧਨਾਸਰੀ ਮਹਲਾ ੧, ਪੰਨਾ ੬੬੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) । "*ਚੋਰ ਜਾਰ ਜੂਆਰ ਪੀੜੇ ਘਾਣੀਐ ॥*" (ਪਉੜੀ, ਵਾਰ ਮਲਾਰ ਕੀ, ਪੰਨਾ ੧੨੮੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ।

ਗ਼ਰੀਬਾਂ ਸਿਖਾਂ ਦਾ ਨਿਰਾਦਰ ਕਰੇ, ਸੋ ਅਹੰਕਾਰੀ ਤਨਖਾਹੀਆ । ਸਿਖ ਵਾਹਗੁਰੂ ਜੀ ਕੀ ਫ਼ਤਹਿ ਬੁਲਾਵੇ, ਅਗੋਂ ਨਾ ਬੋਲੇ, ਸੋ ਭੀ ਤਨਖਾਹੀਆ ।

ਗ੍ਰਿਹਸਤੀ ਸਿਖ ਕਿਰਤੀ ਘਰਿ ਹੋਂਦੇ ਅਰਦਾਸ ਦੀ ਕੌਡੀ ਖਾਏ, ਸੋ ਦਰਿੱਦਰੀ ਤਨਖਾਹੀਆ । ਪੂਜਾ ਦੀ ਕੌਡੀ ਅਧਿਕਾਰੀ ਦੇਖ ਕੇ ਨਾ ਦੇਵੇ, ਸੋ ਭੀ ਤਨਖਾਹੀਆ । ਜੋ ਇਹ ਅਰਦਾਸ ਦੀ ਕੌਡੀ ਗੁਰੂ ਕਾ ਦਾਨ ਜਾਣੈ, ਸੋ ਮੂਰਖ ਤਨਖਾਹੀਆ । ਗੁਰੂ ਕੀ ਅੰਸ ਅਰਦਾਸ ਮਲੇਛਾਂ ਨੂੰ ਦੇਵੇ, ਸੋ ਤਨਖਾਹੀਆ ।

ਜੋ ਸਿਖ ਕਬੀਲੇ ਨਾਲ ਰੈਣ-ਬਿਲਾਸ ਕਰਿ ਇਸ਼ਨਾਨ ਨਾ ਕਰੇ, ਸੋ ਪ੍ਰੇਤ ਤਨਖਾਹੀਆ ।

ਜੋ ਸਰਬਤ ਦੀ ਮਰਜ਼ੀ ਨਾ ਮੰਨੇ, ਸੋ ਤਨਖਾਹੀਆ ।

ਜੋ ਸਿਖ ਪਰਾਈ ਇਸਤ੍ਰੀ ਦੇ ਘਰਿ ਜਾਇ ਹਰਾਮੀ ਕਰੈ, ਸੋ ਤਨਖਾਹੀਆ ।[੨੨]

ਜੋ ਮਾਤਾ ਪਿਤਾ ਦੀ ਆਗਿਆ ਨਾ ਮੰਨੇ, ਸੋ ਭੀ ਤਨਖਾਹੀਆ ।[੨੩]

ਜੋ ਕੁੱਠਾ ਖਾਏ, ਸੋ ਨੀਚ ਤਨਖਾਹੀਆ ।[੨੪]

ਜੋ ਨਿਗੁਰੇ, ਅਣਪਾਹੁਲੀਏ ਨਾਲ ਵਰਤੇ, ਸੋ ਭੀ ਤਨਖਾਹੀਆ ।[੨੫] ਨਿਗੁਰਾ ਪੁੱਤ੍ਰ ਘਰ ਵਿਚ ਰਖੇ, ਸੋ ਤਨਖਾਹੀਆ ।[੨੬]

---

[੨੨] "*ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ ॥ ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ ॥*" (ਸੋਰਠਿ ਮਹਲਾ ੫, ਪੰਨਾ ੬੧੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ।

[੨੩] "ਪੁਤੁ ਨ ਮੰਨੈ ਮਾਪਿਆਂ, ਕਮਜਾਤੀਂ ਵੜੀਐ ॥"" (ਪਉੜੀ ੨੧, ਵਾਰ ੩੪, ਵਾਰਾਂ ਭਾਈ ਸਾਹਿਬ ਗੁਰਦਾਸ ਜੀ) ।

[੨੪] "*ਲੈ ਤੁਰਕਨ ਤੇ ਮਾਸ ਜੁ ਖਾਵਹਿ । ਬਿਨ ਗੁਰਸ਼ਬਦ ਬਚਨ ਜੋ ਗਾਵਹਿ । ਤ੍ਰਿਯਾ ਰਾਗ ਸੁਨਹਿ ਚਿਤ ਲਾਇ । ਸੁਨਹੁ ਲਾਲ, ਸੋ ਜਮਪੁਰਿ ਜਾਇ ।*" (ਤਨਖਾਹਨਾਮਾ ਭਾਈ ਨੰਦ ਲਾਲ) । "*ਕੁੱਠਾ, ਹੁੱਕਾ, ਚਰਸ, ਤਮਾਕੂ । ਗਾਂਜਾ, ਟੋਪੀ, ਤਾੜੀ, ਖਾਕੂ । ਇਨ ਕੀ ਓਰ ਨ ਕਬਹੂ ਦੇਖੈ । ਰਹਤਵੰਤ ਜੋ ਸਿੰਘ ਬਿਸੇਖੈ ।*" (ਰਹਿਤਨਾਮਾ ਭਾਈ ਦੇਸਾ ਸਿੰਘ) ।

[੨੫] "*ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥*" (ਰਾਗੁ ਆਸਾ, ਮਹਲਾ ੩, ਪਟੀ, ਪੰਨਾ ੪੩੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) । "*ਜਿਉ ਨਿਗੁਰਾ ਬਹੁ ਬਾਤਾ ਜਾਣੈ ਓਹੁ ਹਰਿ ਦਰਗਹ ਹੈ ਭ੍ਰਸਟੀ ॥*" (ਦੇਵਗੰਧਾਰੀ, ਮਹਲਾ ੪, ਪੰਨਾ ੫੨੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) । "*ਗੁਰੁ ਦਾਤਾ ਮੇਲੇ ਤਾ ਮਤਿ ਹੋਵੈ ਨਿਗੁਰੇ ਮਤਿ ਨ ਕਾਈ ॥*" (ਸੋਰਠਿ ਮਹਲਾ ੧, ਅਸਟਪਦੀਆਂ, ਚਉਤੁਕੀ, ਪੰਨਾ ੬੩੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) । "*ਬਿਨੁ ਸਤਿਗੁਰ ਪਚਿ ਮੂਏ ਸਾਕਤ ਨਿਗੁਰੇ ਗਲਿ ਜਮ ਫਾਸਾ ਹੇ ॥*" (ਮਾਰੂ ਸੋਲਹੇ, ਮਹਲਾ ੫, ਪੰਨਾ ੧੦੭੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) । "*ਨਿਗੁਰੇ ਕਉ ਗਤਿ ਕਾਈ ਨਾਹੀ ॥ ਅਵਗਣਿ ਮੁਠੇ ਚੋਟਾ ਖਾਹੀ ॥*" (ਰਾਗੁ ਆਸਾ, ਘਰੁ ੨, ਮਹਲਾ ੩ , ਪੰਨਾ ੩੬੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) । "*ਪਾਠੁ ਪੜੈ ਮੁਖਿ ਝੂਠੋ ਬੋਲੈ*

ਅਰਦਾਸ ਕੀਤੇ ਬਿਨਾ ਪ੍ਰਸਾਦਿ ਵਰਤਾਏ, ਸੋ ਤਨਖਾਹੀਆ । ਪਰਸਾਦਿ ਲੈਂਦਾ ਸਿਖ ਬਹੁਤਾ ਬੋਲੇ, ਤ੍ਰਿਸ਼ਨਾ ਕਰੈ, ਸੋ ਤਨਖਾਹੀਆ । [੨੭]

ਗੁਰੂ ਕੇ ਬਚਨ ਉਪਰਿ ਪ੍ਰਤੀਤ ਨ ਕਰੈ, ਸੋ ਭੀ ਤਨਖਾਹੀਆ । [੨੮]

ਗੁਰੂ ਕੀ ਅਰਦਾਸੋਂ ਮੁੜੇ, ਸੋ ਭੀ ਤਨਖਾਹੀਆ ।

ਕੇਸਧਾਰੀ ਬਗਲਬੰਦੀ ਜਾਮਾ ਪਾਏ, ਸੋ ਤਨਖਾਹੀਆ ।

ਸੂਹਾ ਪਹਿਰੇ, ਸੋ ਤਨਖਾਹੀਆ । [੨੯] ਸੁਰਮਾ ਪਾਏ, ਸੋ ਤਨਖਾਹੀਆ ।

---

*ਨਿਗੁਰੇ ਕੀ ਮਤਿ ਓਹੈ ॥ ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ ॥'* (ਮਾਰੂ ਮਹਲਾ ੧, ਪੰਨਾ ੧੦੧੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ।

[੨੬] ਭਾਵ, ਜੋ ਆਪਣੇ ਪੁੱਤਰ ਨੂੰ ਖੰਡੇ ਦਾ ਅੰਮ੍ਰਿਤ ਨਹੀਂ ਛਕਾਉਂਦਾ, ਉਹ ਦੋਸ਼ੀ ਹੈ ।

[੨੭] ਕਈ ਲੋਕ ਪ੍ਰਸ਼ਾਦਿ ਜਾਂ ਲੰਗਰ ਵੇਲੇ 'ਹੋਰ ਪਾਉ, ਹੋਰ ਪਾਉ' ਜਾਂ 'ਇਧਰ ਆਉ ਜੀ' ਆਦਿ ਚੀਖ ਕੇ ਸੇਵਾਦਾਰ ਨੂੰ ਪ੍ਰੇਸ਼ਾਨ ਕਰਦੇ ਹਨ, ਜਦੋਂ ਕਿ ਸੇਵਾਦਾਰ ਹੋਰਨਾਂ ਨੂੰ ਪ੍ਰਸ਼ਾਦਿ ਦੇਣ ਜਾਂ ਲੰਗਰ ਵੰਡਣ ਵਿੱਚ ਰੁੱਝਿਆ ਹੁੰਦਾ ਹੈ ।

[੨੮] "*ਸਤਿਗੁਰ ਕੀ ਪਰਤੀਤਿ ਨ ਆਈਆ ਸਬਦਿ ਨ ਲਾਗੋ ਭਾਉ ॥ ਓਸ ਨੋ ਸੁਖੁ ਨ ਉਪਜੈ ਭਾਵੈ ਸਉ ਗੇੜਾ ਆਵਉ ਜਾਉ ॥ ਨਾਨਕ ਗੁਰਮੁਖਿ ਸਹਜਿ ਮਿਲੈ ਸਚੇ ਸਿਉ ਲਿਵ ਲਾਉ ॥*" (ਸਲੋਕੁ, ਮਹਲਾ ੩, ਵਡਹੰਸ ਕੀ ਵਾਰ, ਪੰਨਾ ੫੯੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) । "*ਅੰਤਰਿ ਅਗਿਆਨੁ ਭਈ ਮਤਿ ਮਧਿਮ ਸਤਿਗੁਰ ਕੀ ਪਰਤੀਤਿ ਨਾਹੀ ॥ ਅੰਦਰਿ ਕਪਟੁ ਸਭੁ ਕਪਟੋ ਕਰਿ ਜਾਣੈ ਕਪਟੇ ਖਪਹਿ ਖਪਾਹੀ ॥ ਸਤਿਗੁਰ ਕਾ ਭਾਣਾ ਚਿਤਿ ਨ ਆਵੈ ਆਪਣੈ ਸੁਆਇ ਫਿਰਾਹੀ ॥ ਕਿਰਪਾ ਕਰੇ ਜੇ ਆਪਣੀ ਤਾ ਨਾਨਕ ਸਬਦਿ ਸਮਾਹੀ ॥*" (ਸਲੋਕੁ, ਮਹਲਾ ੪, ਸੋਰਠਿ ਵਾਰ, ਪੰਨਾ ੬੫੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ।

[੨੯] "*ਲੋਕਾ ਵੇ ਹਉ ਸੂਹਵੀ ਸੂਹਾ ਵੇਸੁ ਕਰੀ ॥ ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ ॥*" (ਸਲੋਕੁ, ਮਹਲਾ ੩, ਵਾਰ ਸੂਹੀ ਕੀ, ਪੰਨਾ ੭੮੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) । "*ਸੂਹਾ ਰੰਗੁ ਵਿਕਾਰੁ ਹੈ ਕੰਤੁ ਨ ਪਾਇਆ ਜਾਇ ॥ ਇਸੁ ਲਹਦੇ ਬਿਲਮ ਨ ਹੋਵਈ ਰੰਡ ਬੈਠੀ ਦੂਜੈ ਭਾਇ ॥ ਮੁੰਧ ਇਆਣੀ ਦੁੰਮਣੀ ਸੂਹੈ ਵੇਸਿ ਲੋੁਭਾਇ ॥ ਸਬਦਿ ਸਚੈ ਰੰਗੁ ਲਾਲੁ ਕਰਿ ਭੈ ਭਾਇ ਸੀਗਾਰੁ ਬਣਾਇ ॥ ਨਾਨਕ ਸਦਾ ਸੋਹਾਗਣੀ ਜਿ ਚਲਨਿ ਸਤਿਗੁਰ ਭਾਇ ॥ ੨ ॥*" (ਸਲੋਕੁ, ਮਹਲਾ ੩, ਵਾਰ ਸੂਹੀ ਕੀ, ਪੰਨਾ ੭੮੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) । "*ਸਲੋਕੁ ਮ ੩ ॥ ਸੂਹੈ ਵੇਸਿ ਕਾਮਣਿ ਕੁਲਖਣੀ ਜੋ ਪ੍ਰਭ ਛੋਡਿ ਪਰ ਪੁਰਖ ਧਰੇ ਪਿਆਰੁ ॥ ਓਸੁ ਸੀਲੁ ਨ ਸੰਜਮੁ ਸਦਾ ਝੂਠੁ ਬੋਲੈ ਮਨਮੁਖਿ ਕਰਮ ਖੁਆਰੁ ॥ ਜਿਸੁ ਪੂਰਬਿ ਹੋਵੈ ਲਿਖਿਆ ਤਿਸੁ ਸਤਿਗੁਰੁ ਮਿਲੈ ਭਤਾਰੁ ॥ ਸੂਹਾ ਵੇਸੁ ਸਭੁ ਉਤਾਰਿ ਧਰੇ ਗਲਿ ਪਹਿਰੈ ਖਿਮਾ ਸੀਗਾਰੁ ॥ ਪੇਈਐ ਸਾਹੁਰੈ ਬਹੁ ਸੋਭਾ ਪਾਏ ਤਿਸੁ ਪੂਜ ਕਰੇ ਸਭੁ ਸੈਸਾਰੁ ॥ ਓਹ ਰਲਾਈ ਕਿਸੈ ਦੀ ਨਾ ਰਲੈ ਜਿਸੁ ਰਾਵੇ ਸਿਰਜਨਹਾਰੁ ॥ ਨਾਨਕ ਗੁਰਮੁਖਿ ਸਦਾ ਸੁਹਾਗਣੀ ਜਿਸੁ ਅਵਿਨਾਸੀ ਪੁਰਖੁ ਭਰਤਾਰੁ ॥ ੧ ॥ ਮ ੧ ॥ ਸੂਹਾ ਰੰਗੁ ਸੁਪਨੈ ਨਿਸੀ ਬਿਨੁ ਤਾਗੇ ਗਲਿ ਹਾਰੁ ॥ ਸਚਾ ਰੰਗੁ ਮਜੀਠ ਕਾ ਗੁਰਮੁਖਿ ਬ੍ਰਹਮ ਬੀਚਾਰੁ ॥ ਨਾਨਕ ਪ੍ਰੇਮ ਮਹਾ ਰਸੀ ਸਭਿ ਬੁਰਿਆਈਆ ਛਾਰੁ ॥ ੨ ॥*" (ਵਾਰ ਸੂਹੀ ਕੀ, ਪੰਨਾ ੭੮੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) । "*ਸਲੋਕੁ ਮ ੩ ॥ ਸੂਹਵੀਏ ਸੂਹਾ ਵੇਸੁ ਛਡਿ ਤੂ ਤਾ ਪਿਰ ਲਗੀ ਪਿਆਰੁ ॥ ਸੂਹੈ ਵੇਸਿ ਪਿਰੁ ਕਿਨੈ ਨ ਪਾਇਓ ਮਨਮੁਖਿ ਦਝਿ ਮੁਈ ਗਾਵਾਰਿ ॥ ਸਤਿਗੁਰਿ ਮਿਲਿਐ ਸੂਹਾ ਵੇਸੁ ਗਇਆ ਹਉਮੈ ਵਿਚਹੁ ਮਾਰਿ ॥ ਮਨੁ ਤਨੁ ਰਤਾ ਲਾਲੁ ਹੋਆ ਰਸਨਾ ਰਤੀ ਗੁਣ ਸਾਰਿ ॥ ਸਦਾ ਸੋਹਾਗਣਿ*

ਦੁਤਾਰਾ, ਪੋਥੀ ਚੋਰੀ, ਰੁਮਾਲ ਚੁਰਾਏ, ਸੋ ਤਨਖਾਹੀਆ।

ਟੋਪੀ ਵਾਲੇ ਦੇ ਕੇਸਧਾਰੀ ਪੈਰੀਂ ਪਵੈ, ਸੋ ਤਨਖਾਹੀਆ। ਟੋਪੀ ਵਾਲੇ ਦਾ ਜੂਠਾ ਖਾਏ, ਸੋ ਤਨਖਾਹੀਆ।

ਤੁਰਕ ਦੇ ਅੱਖਰ ਸਿਰਿ ਧਰੇ, ਸੋ ਤਨਖਾਹੀਆ। ਗੋਰ, ਮੜ੍ਹੀ ਪੂਜਣ ਜਾਇ, ਸੋ ਤਨਖਾਹੀਆ।[੩੦]

ਸ਼ਬਦ-ਕੀਰਤਨ ਪਾਠ ਵਿਚ ਗੱਲਾਂ ਚਰਚਾ ਕਰੈ, ਸੋ ਤਨਖਾਹੀਆ।

ਹੋਂਦੇ ਬਲ ਅਰਥੀ ਸਿਖ ਗ਼ਰੀਬ ਦੀ ਗ਼ੌਰ ਨ ਕਰੈ, ਸੋ ਪੱਕਾ ਤਨਖਾਹੀਆ।

ਸਾਬੁਣ ਕੱਲਰ ਕੇਸੀਂ ਪਾਏ, ਸੋ ਤਨਖਾਹੀਆ। ਘਰਿ ਹੋਂਦੇ ਦਹੀਂ ਸਿਖਾਂ ਨੂੰ ਕੇਸੀਂ ਇਸਨਾਨ ਵਾਸਤੇ ਨਾ ਦੇਵੇ, ਸੋ ਭੀ ਤਨਖਾਹੀਆ।

ਬਾਹਰਿ ਬੋਹਲ ਵਿਚਹੁੰ ਗੁਰੂ ਕਾ ਹਿੱਸਾ ਨਾ ਕੱਢੈ, ਸੋ ਭੀ ਤਨਖਾਹੀਆ।

ਘਰ ਹੋਂਦੇ, ਅਰਥੀ ਗ਼ਰੀਬ ਦੇ ਬਸਤ੍ਰ ਨਾ ਧੁਵਾਇ ਦੇਵੈ, ਸੋ ਭੀ ਤਨਖਾਹੀਆ।

ਸਿਖ ਦੇਵਣ ਲਗੇ, ਦੂਜਾ ਸਿਖ ਮਨਹਿ ਕਰੇ, ਸੋ ਭੀ ਤਨਖਾਹੀਆ।

ਜੋ ਸਿਖ, ਸਿਖ ਪਾਸਹੁੰ ਮਾਇਆ ਲੈ ਕੇ ਜੂਆ ਖੇਡੇ, ਸੋ ਭੀ ਤਨਖਾਹੀਆ।

ਜੋ ਸਿਖ ਮਲੇਛਣੀ-ਬੇਸਵਾ ਕਾ ਸੰਗ ਕਰੇ, ਸੋ ਮਲੇਛ ਤਨਖਾਹੀਆ।

---

*ਸਬਦੁ ਮਨਿ ਭੈ ਭਾਇ ਕਰੇ ਸੀਗਾਰੁ ॥ ਨਾਨਕ ਕਰਮੀ ਮਹਲੁ ਪਾਇਆ ਪਿਰੁ ਰਾਖਿਆ ਉਰ ਧਾਰਿ ॥ ੧ ॥ ਮ ੩ ॥ ਮੁੰਧੇ ਸੂਹਾ ਪਰਹਰਹੁ ਲਾਲੁ ਕਰਹੁ ਸੀਗਾਰੁ ॥ ਆਵਣ ਜਾਣਾ ਵੀਸਰੈ ਗੁਰ ਸਬਦੀ ਵੀਚਾਰੁ ॥ ਮੁੰਧ ਸੁਹਾਵੀ ਸੋਹਣੀ ਜਿਸੁ ਘਰਿ ਸਹਜਿ ਭਤਾਰੁ ॥ ਨਾਨਕ ਸਾ ਧਨ ਰਾਵੀਐ ਰਾਵੇ ਰਾਵਣਹਾਰੁ ॥ ੨ ॥'* (ਵਾਰ ਸੂਹੀ ਕੀ, ਪੰਨਾ ੭੮੬-੭੮੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)। ਹੋਰ ਦੇਖੋ, "*ਸੂਹਾ ਪਹਿਨ ਲਏ ਨਸਵਾਰ। ਗੋਬਿੰਦ ਸਿੰਘ ਜਮ ਕਰੈ ਖੁਆਰ।*" (ਤਨਖਾਹਨਾਮਾ ਭਾਈ ਨੰਦ ਲਾਲ)। "*ਸੂਹੇ ਅੰਬਰ ਪਹਿਨ ਕਰ, ਜੋ ਨਾਸੇ ਨਸਵਾਰ। ਲਗੇ ਤਾੜਨਾ ਸੀਸ ਪਰ, ਸੁਨੀਏ ਨਰਕ ਮੰਝਾਰ।*" (ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ)।

[੩੦] *ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥* (੩੩ ਸਵੈਯੇ, ਪੰਨਾ ੭੧੨, ਸ੍ਰੀ ਦਸਮ ਗ੍ਰੰਥ ਸਾਹਿਬ)।

ਜੋ ਸਿਖ ਪਾਸਹੁੰ ਮਾਇਆ ਲੈਕਰ ਬਿਕਰਮ [੩੧] ਕਰੇ, ਸੋ ਨੀਚ ਤਨਖਾਹੀਆ ।

ਜੋ ਸਿਖ ਪਾਸੋਂ ਮਾਇਆ ਲੈ ਕੇ ਨ ਖਵਾਏ, ਸੋ ਕ੍ਰਿਪਨ ਤਨਖਾਹੀਆ ।

ਸਿਖ ਪ੍ਰਸਾਦਿ ਛਕਦਾ ਚੁਗਲੀ ਕਰੈ, ਸੋ ਤਨਖਾਹੀਆ ।

ਸਿਖ ਜੋੜ-ਮੇਲੇ ਵਿਚਹੁੰ ਉਠਿ ਜਾਏ, ਸੋ ਪੱਕਾ ਤਨਖਾਹੀਆ ।

ਜੋ ਭਲਾ ਸਿਖ ਹੈ, ਸੋ ਰਹਿਤ ਕੁਰਹਿਤ ਦਾ ਵਿਚਾਰ ਕਰ ਲਏ ।

ਜੋ ਗ਼ਰੀਬ ਨਿਮਾਣਾ ਹੋਇ ਕੈ ਗੁੱਸਾ ਕਰੈ, ਸੋ ਝੱਲਣਾ । ਸਾਖ ਗ੍ਰੰਥ ਸਾਹਿਬ ਜੀ ਦੀ, "*ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ ॥*"[੩੨]

ਜੋ ਘਰਿ ਆਏ ਸਿੰਘ ਨੂੰ ਭੁਖਿਆਂ ਟੋਰੇ, ਹੋਂਦੈ ਸ਼ਕਤਿ, ਸੋ ਤਨਖਾਹੀਆ ।

ਜੋ ਸਿਖ ਕਰਜ਼ ਲੈ ਕੇ ਵੇਸਵਾ ਦਾ ਤਮਾਸ਼ਾ ਦੇਖੇ ਬਿਆਹੁ ਵਿਚ, ਸੋ ਤਨਖਾਹੀਆ ।

ਜੋ ਸਿਖ, ਸਰਵਰ ਮੁਕਾਮ, ਮਾੜੀ ਜਾਏ, ਸੋ ਤਨਖਾਹੀਆ । ਤੁਰਕ ਦੀ ਯਾਰ੍ਹਵੀਂ ਮਨਾਏ, ਸੋ ਤਨਖਾਹੀਆ ।

ਜੋ ਸਿਖ ਦਾ ਅੱਧਾ ਨਾਉਂ ਸੱਦੇ, ਸੋ ਤਨਖਾਹੀਆ ।

ਜੋ ਕੇਸਧਾਰੀ ਹੋਇ ਕੇ, ਬੇਟੇ ਕਤਰੂ [੩੩] ਰਖੇ, ਸੋ ਤਨਖਾਹੀਆ । [੩੪] ਜੋ ਕੇਸਧਾਰੀ ਦੰਦਾਂ ਨਾਲ ਦਾੜ੍ਹੀ ਟੁਕੇ ਅਥਵਾ ਕੈਂਚੀ ਮੋਚਨਾ ਲਵਾਏ, ਸੋ ਤਨਖਾਹੀਆ ।

ਗ਼ਰੀਬ ਅਰਥੀ ਸਿਖ ਬੈਠਾ ਰਹੇ, ਆਪ ਖਾਇ ਆਵੈ, ਸੋ ਤਨਖਾਹੀਆ ।

---

[੩੧] ਕੁਕਰਮ, ਬੁਰੇ ਕੰਮ ।

[੩੨] ਰਾਗੁ ਗਉੜੀ ਪੂਰਬੀ, ਮਹਲਾ ੪, ਪੰਨਾ ੧੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੩੩] ਕੇਸ ਕਤਰਣ ਵਾਲਾ, ਕੇਸ ਕਟਾਉਣ ਵਾਲਾ ।

[੩੪] ਉਹ ਅਖੌਤੀ ਸਿੱਖ ਨੇਤਾ, ਜਿਨ੍ਹਾਂ ਦੇ ਬੱਚੇ ਕੇਸ ਕਟਾਉਂਦੇ ਹਨ, ਇਸ ਪੰਕਤੀ ਦੀ ਵੀਚਾਰ ਕਰਨ ।

ਭਲੇ ਸਿਖ ਮੰਨੇ-ਪ੍ਰਮੰਨੇ, ਅਥਵਾ ਸਾਹਿਬਜ਼ਾਦੇ, ਹੁਕਮਨਾਂਵੀਏ ਵਾਸੀ ਵਿਚੋਂ ਆਵਣ, ਵਾਸੀ ਵਾਲੇ ਸਿਖ ਨਾ ਲੇਵਨ, ਸੋ ਤਨਖਾਹੀਆ।

ਜੋ ਸਿਖ ਆਪਣੇ ਪੁਤ੍ਰ ਨੂੰ ਪੋਥੀ, ਗ੍ਰੰਥ ਸਾਹਿਬ ਜੀ ਨਾ ਸਿਖਾਏ, ਸੋ ਭੀ ਤਨਖਾਹੀਆ।[੩੫]

ਜੋ ਸਿਖ ਦੀ ਬੋਲੀ ਠਠੋਲੀ ਕਰੇ, ਸੋ ਤਨਖਾਹੀਆ।

ਜੋ ਸਿਖ ਨੂੰ ਗੁਰੂ ਕੇ ਦਰਸਨਿ, ਸ਼ਬਦ-ਕੀਰਤਨ, ਕਥਾ ਜੋੜ (ਮੇਲੇ) ਜਾਂਦਿਆਂ ਮਨ੍ਹਾ ਕਰੇ, ਸੋ ਤਨਖਾਹੀਆ।

ਜੋ ਸਿਖ ਨੂੰ ਤੁਰਕਾਂ[੩੬] ਮਾਰੇ, ਸੋ ਤਨਖਾਹੀਆ।

ਜੋ ਸਿਖ ਨੂੰ ਸਿਖ ਹੋਂਦੇ ਬਲ, ਰਣ ਵਿਚ ਟੁਟੇ-ਭੁੰਨੇ, ਹਾਰੇ ਫੱਟੜ ਨੂੰ ਸਟਿ ਆਵੈ, ਸੋ ਤਨਖਾਹੀਆ।

ਜੋ ਸਿਖ ਨੂੰ ਗ਼ੈਰ ਮਾਰਗ ਲਾਏ, ਸੋ ਤਨਖਾਹੀਆ।

ਜੋ ਸਿਖ ਦਾ ਮੁਰਦਾ, ਹੋਂਦੇ ਬਲ, ਰਣ ਵਿਚ ਸਸਕਾਰ ਨਾ ਕਰੈ, ਸੋ ਤਨਖਾਹੀਆ।

ਜੋ ਸਿਖ, ਸਿਖ ਨੂੰ ਗੁਰੂ ਕਾ ਵਾਸਤਾ ਪਾਏ, ਜੋ ਨਾ ਮੰਨੇ, ਸੋ ਤਨਖਾਹੀਆ। ਜੋ ਕਿਸੇ ਸਿਖ ਨੂੰ ਕਿਸੇ ਬੇਪ੍ਰਯੋਜਨ ਵਾਸਤਾ ਪਾਏ, ਸੋ ਤਨਖਾਹੀਆ। ਇਹੁ ਓੜਕੁ ਦਾ ਬਚਨ ਹੈ।

ਜੋ ਗੁਰੂ ਕਾ ਸਿਖ ਪ੍ਰਸਾਦਿ ਗੁਰੂ ਕਾ ਕਰਕੇ, ਮੁਲਾਹਜ਼ੇ ਵਾਲੇ ਸੱਦ ਕਰ ਲੈ ਜਾਏ, ਗ਼ਰੀਬਾਂ ਨੂੰ ਨਾ ਸੱਦੇ, ਸੋ ਲਿਬਾਸੀ ਤਨਖਾਹੀਆ।

ਜੋ ਸਿਖ ਹੋਇ ਕੇ ਲੜਾਕਾ ਛਿਪਰਾ ਹੋਵੇ, ਤਨਖਾਹੀਆ।[੩੭]

---

[੩੫] ਆਧੁਨਿਕ ਕਾਲ ਦੇ ਜ਼ਿਆਦਾਤਰ ਸਿੱਖ ਆਪਣੇ ਬੱਚਿਆਂ ਨੂੰ ਦੁਨੀਆਵੀ ਸਿੱਖਿਆ ਦੇਣ ਲਈ ਲੱਖਾਂ ਰੁਪਏ ਖ਼ਰਚ ਦਿੰਦੇ ਹਨ, ਪਰ ਧਾਰਮਿਕ ਸਿੱਖਿਆ ਦੇਣ ਦਾ ਪ੍ਰਬੰਧ ਨਹੀਂ ਕਰਦੇ।

[੩੬] ਚੋਭਵੀਂ ਨੁਕਤਚੀਨੀ ਕਰਨੀ, ਮਿਹਣੇ ਦੇਣੇ, ਤਾਹਣੇ ਮਾਰਨੇ।

[੩੭] ਸਿੱਖ ਇੱਕ ਯੋਧਾ ਹੈ, ਜੋ ਸਮਾਜ ਵਿੱਚ ਅਮਨ ਲਈ ਕੰਮ ਕਰਦਾ ਹੈ। ਗੱਲ-ਗੱਲ 'ਤੇ ਲੜ੍ਹਨ ਨੂੰ ਤਿਆਰ ਵਿਅਕਤੀ ਸਮਾਜ ਵਿੱਚਲੇ ਅਮਨ ਲਈ ਖ਼ਤਰਾ ਹੈ। ਦਲੀਲ ਦਾ ਜਵਾਬ ਦਲੀਲ ਨਾਲ ਹੀ ਦਿੱਤਾ ਜਾਣਾ ਚਾਹੀਦਾ ਹੈ। ਵੀਚਾਰ-ਚਰਚਾ ਦੌਰਾਨ ਆਪਣਾ ਨੁਕਤਾ ਸਪਸ਼ਟ ਕਰਨ ਤੋਂ ਅਸਮਰਥ ਵਿਅਕਤੀ ਲੜਾਈ-ਝਗੜਾ ਕਰਨ 'ਤੇ ਉਤਰ ਪੈਂਦਾ ਹੈ। ਅਜਿਹੇ ਵਿਅਕਤੀ ਨੂੰ ਹੀ ਲੜਾਕਾ ਕਿਹਾ ਜਾਂਦਾ ਹੈ। ਅਜਿਹਾ ਵਿਅਕਤੀ ਤਨਖਾਹੀਆ (ਦੋਸ਼ੀ) ਹੈ। ਗੁਰਦੁਆਰੇ ਦੀਆਂ ਗੋਲਕਾਂ ਲਈ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਲੜ੍ਹਦੇ ਲੋਕ ਵੀ ਇਸ ਰਹਿਤਨਾਮੇ ਦੀ ਇਸ ਪੰਕਤੀ ਤੋਂ ਪ੍ਰੇਰਨਾ ਪ੍ਰਾਪਤ ਕਰਨ।

ਜੋ ਗ਼ਰੀਬ ਹੋਇ ਕੈ ਮਸ਼ਕਰਾ ਹੋਵੈ, ਤਿਸ ਨੂੰ ਮਤ ਦੇਣੀ ਨਾਹੀਂ, ਗੁਰੂ ਕਾ ਬਚਨ ਹੈ, "*ਮੂਰਖ ਗੰਢੁ ਪਵੈ ਮੁਹਿ ਮਾਰ ॥*"[੩੮]

ਜੋ ਸਿਖ ਮਾਪਿਆਂ ਦੀ ਟਹਿਲ ਨਾ ਕਰੇ, ਸੋ ਅਕ੍ਰਿਤਘਨ ਤਨਖਾਹੀਆ । ਸਾਖ, "*ਪੁਤੁ ਨ ਮੰਨੈ ਮਾਪਿਆਂ, ਕਮਜਾਤੀਂ ਵੜੀਐ ॥*" [੩੯]

ਕੇਸਧਾਰੀ ਹੋਂਦੇ, ਸਹਿਜਧਾਰੀ ਜੋੜ-ਮੇਲ ਵਿਚ ਪ੍ਰਸਾਦਿ ਵਰਤਾਏ, ਸੋ ਤਨਖਾਹੀਆ ।

ਜੋ ਸਿਖ ਮਾਤਾ ਪਿਤਾ ਅੱਗੇ ਜਵਾਬ ਦੇਵੇ, ਸੋ ਤਨਖਾਹੀਆ । ਸਾਖ, "*ਕਾਹੇ ਪੂਤ ਝਗਰਤ ਹਉ ਸੰਗਿ ਬਾਪ॥*"[੪੦] ਜੋ ਮਾਪੇ ਗੁਰੂ ਪਾਸੋਂ ਬੇਮੁਖ, ਸੋ ਤਨਖਾਹੀਏ । ਪ੍ਰਹਲਾਦ[੪੧] ਨੇ ਪਿਤਾ ਤਿਆਗਿਆ, ਭਰਥਰੀ[੪੨] ਮਾਈ ਤਿਆਗੀ ।

---

[੩੮] ਸਲੋਕ, ਮਹਲਾ ੧, ਵਾਰ ਮਾਝ ਕੀ, ਪੰਨਾ ੧੪੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੩੯] ਪਉੜੀ ੨੧, ਵਾਰ ੩੪, ਭਾਈ ਗੁਰਦਾਸ ਜੀ ।

[੪੦] ਸਾਰਗ, ਮਹਲਾ ੪, ਪੰਨਾ ੧੨੦੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ । ਪੂਰਾ ਸ਼ਬਦ ਇਸ ਪ੍ਰਕਾਰ ਹੈ, "*ਸਾਰਗ ਮਹਲਾ ੪ ਘਰੁ ੩ ਦੁਪਦਾ ੴ ਸਤਿਗੁਰ ਪ੍ਰਸਾਦਿ ॥ ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥ ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ॥ ੧ ॥ ਰਹਾਉ ॥ ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ ॥ ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪ ॥ ੧ ॥ ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨ ਕੇ ਜਾਪਹੁ ਜਾਪ ॥ ਉਪਦੇਸੁ ਕਰਤ ਨਾਨਕ ਜਨ ਤੁਮ ਕਉ ਜਉ ਸੁਨਹੁ ਤਉ ਜਾਇ ਸੰਤਾਪ ॥ ੨ ॥ ੧ ॥ ੭ ॥*"

[੪੧] ਪ੍ਰਹਿਲਾਦ ਇੱਕ ਪ੍ਰਸਿੱਧ ਭਗਤ ਹੋਇਆ ਹੈ, ਜੋ ਹਰਨਾਕਸ਼ ਦਾ ਪੁੱਤਰ ਤੇ ਰਾਜਾ ਬਲਿ ਦਾ ਪਿਤਾ ਸੀ । ਪਿਤਾ ਵੱਲੋਂ ਰੋਕਣ ਦੇ ਬਾਵਜੂਦ ਪ੍ਰਹਿਲਾਦ ਨੇ ਭਗਤੀ ਦਾ ਰਾਹ ਨਹੀਂ ਛੱਡਿਆ । ਆਖ਼ਿਰ, ਭਗਤ ਪ੍ਰਹਿਲਾਦ ਦੀ ਰੱਖਿਆ ਲਈ ਨਰਸਿੰਘ ਨੇ ਹਰਨਾਕਸ਼ ਨੂੰ ਮਾਰਿਆ । ਗੁਰਬਾਣੀ ਵਿੱਚ ਅਨੇਕ ਵਾਰ ਪ੍ਰਹਿਲਾਦ ਦਾ ਜ਼ਿਕਰ ਆਇਆ ਹੈ । "*ਪ੍ਰਹਲਾਦ ਪਠਾਏ ਪੜਨ ਸਾਲ ॥ ਸੰਗਿ ਸਖਾ ਬਹੁ ਲੀਏ ਬਾਲ ॥*" (ਬਸੰਤੁ, ਕਬੀਰ ਜੀ, ਪੰਨਾ ੧੧੯੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ।

[੪੨] ਭਰਥਰੀ (ਭਰਤਰੀ ਹਰੀ) ਇੱਕ ਰਾਜਾ ਸੀ, ਜੋ ਆਪਣੀ ਪਤਨੀ ਦਾ ਦੁਰਾਚਾਰ ਦੇਖ ਕੇ ਰਾਜ ਤਿਆਗ ਕੇ ਯੋਗੀ ਬਣ ਗਿਆ ਸੀ । ਇਹ ਸੰਸਕ੍ਰਿਤ ਦਾ ਵਿਦਵਾਨ ਸੀ । 'ਨੀਤੀ ਸ਼ਤਕ', 'ਸ਼੍ਰਿੰਗਾਰ ਸ਼ਤਕ' ਤੇ 'ਵੈਰਾਗਯ ਸ਼ਤਕ' ਇਸ ਦੀਆਂ ਬੜੀਆਂ ਪ੍ਰਸਿੱਧ ਰਚਨਾਵਾਂ ਹਨ । "*ਭਿਕਸ਼ਾਸ਼ਨੰ ਤਦਪਿ ਨੀਰਸਮੇਕਵਾਰੰ, ਸ਼ੱਯਾ ਚ ਭੂ: ਪਰਿਜਨੋ ਨਿਜਦੇਹਮਾਤ੍ਰਮ । ਵਸਤ੍ਰੰ ਚ ਜੀਰਣਸ਼ਤਖੰਡਮਯੀ ਚ ਕੰਥਾ, ਹਾ ਹਾ ਤਥਾਪਿ ਵਿਸ਼ਯਾਂਨ ਪਰਿਤ੍ਯਜੰਤਿ ॥*" ਭਾਵ, ਭੀਖ ਦਾ ਰੁੱਖਾ-ਸੁੱਕਾ ਇੱਕ ਵਾਰ ਦਾ ਭੋਜਨ, ਧਰਤੀ 'ਤੇ ਸੌਣਾ, ਕੇਵਲ ਆਪਣਾ ਸ਼ਰੀਰ ਹੀ ਪਰਿਵਾਰ, ਸੈਂਕੜੇ ਟੁੱਕੜੇ ਜੋੜ ਕੇ ਬਣਾਈ ਗੁੱਦੜੀ ਦਾ ਹੀ ਕੱਪੜਾ । ਹਾਏ ਹਾਏ, ਅਜਿਹੀ ਸਥਿੱਤੀ ਵਿੱਚ ਪਿਆ ਮਨੁੱਖ ਵੀ ਵਿਸ਼ਿਆਂ ਦਾ ਤਿਆਗ ਨਹੀਂ ਕਰਦਾ । (ਵੈਰਾਗਯ ਸ਼ਤਕ, ੧੮ ਵਾਂ ਛੰਦ) । ਗੁਰੂ ਨਾਨਕ ਦੇਵ ਜੀ ਜਿਸ ਭਰਥਰੀ ਯੋਗੀ ਨੂੰ ਮਿਲੇ ਸਨ, ਉਹ ਵੱਖਰਾ ਭਰਥਰੀ ਸੀ । "*ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ ॥*" (ਆਸਾ ਮਹਲਾ ੧, ਪੰਨਾ ੩੬੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ।

ਜੋ ਸਿਖ ਅਨੰਦ ਪੜ੍ਹੇ ਬਿਨ੍ਹਾਂ ਕੜਾਹ ਵਰਤਾਏ, ਸੋ ਤਨਖਾਹੀਆ । ਜੋ ਕੜਾਹ ਪ੍ਰਸਾਦਿ ਲੰਗਰ ਦਾ ਅਦਬ ਨਾਲ ਸੁੱਚੇ ਬਾਸਨ ਪਾਇਕੇ ਚੌਂਕਾ ਨਾ ਕਰੇ, ਸੋ ਤਨਖਾਹੀਆ । ਭਾਦਣੀ, ਹੁਕਈ, ਕੁਰਹਿਤੀਏ ਪਾਸੋਂ ਕੜਾਹ (ਪ੍ਰਸਾਦ) ਕਰਾਏ, ਸੋ ਤਨਖਾਹੀਆ । ਕੜਾਹ ਪ੍ਰਸਾਦਿ ਕਰਕੇ ਤੱਕੜੀ ਤੋਲੇ, ਸੋ ਤਨਖਾਹੀਆ ।

ਗ੍ਰੰਥ ਸਾਹਿਬ ਜੀ ਪਾਸ ਪਿੱਠ ਕਰਿ ਬੈਠੇ, ਸੋ ਤਨਖਾਹੀਆ । ਸ਼ਬਦ ਹੇਠ ਪੜ੍ਹਨਿ, ਆਪ ਮੰਜੇ ਚੜ੍ਹਿ ਬੈਠਨਿ, ਸੋ ਭੀ ਤਨਖਾਹੀਏ ।

ਤੁਰਕਾਂ ਦੇ ਵਿਚ ਆ ਬੈਠੇ ਆਪ ਪ੍ਰਸਾਦਿ ਖਾਏ-ਖਵਾਏ, ਸੋ ਤਨਖਾਹੀਆ ।

ਹੱਥ ਧੋਤੇ ਬਿਨਾਂ ਪ੍ਰਸਾਦਿ ਵਰਤਾਏ, ਹੱਥ ਧੋਤੇ ਬਿਨਾਂ ਗ੍ਰੰਥ ਸਾਹਿਬ ਪੋਥੀ ਨੂੰ ਹੱਥ ਲਾਏ, ਸੋ ਤਨਖਾਹੀਆ । ਸਾਖ ਗ੍ਰੰਥ ਸਾਹਿਬ ਜੀ ਦੀ, "*ਪੋਥੀ ਪਰਮੇਸਰ ਕਾ ਥਾਨੁ ॥*"[੪੩]

ਜੋ ਸਿਖ, ਬਿਖਿਆ ਪੀਂਦੇ ਦੇ ਕੋਲ ਬੈਠੇ, ਮੁਸ਼ਕ ਲਏ, ਸੋ ਪੱਕਾ ਤਨਖਾਹੀਆ ।

ਜੋ ਗੁਰੂ ਕਾ ਸਿਖ ਹੋਇਕੇ, ਸਿਰੰਦ ਵਾਲੇ ਖਤ੍ਰੀ [੪੪] ਅਤੇ ਚੰਦੂਸ਼ਾਹੀ ਖਤ੍ਰੀ [੪੫] ਇਨ੍ਹਾਂ ਦਾ ਸੱਤ ਵਾਰੀ ਮੂੰਹ ਫਿਟਕਾਰੇ ਬਿਨਾਂ ਨਾਇ ਲਵੇ, ਸੋ ਤਨਖਾਹੀਆ । [੪੬]

ਜੋ ਸਿਖ ਪ੍ਰਸਾਦਿ ਵਰਤਾਂਵਦਾ ਪਹਿਲੇ ਰਖੇ, ਸੋ ਤਨਖਾਹੀਆ ।

ਜੋ ਸਿਖ ਆਪਣੇ ਘਰ ਦੇ ਕੰਮ ਵਿਚ ਤੁਰਕ ਮੁਖਤਿਆਰ ਕਰੇ, ਸੋ ਤਨਖਾਹੀਆ । ਜੋ ਸਿਖ ਘਰ ਦੇ ਭੇਤ ਤੁਰਕ ਨੂੰ ਦੇਵੇ, ਸੋ ਤਨਖਾਹੀਆ ।

ਜੋ ਲੱਛਮੀ ਦਾ ਮੂੰਹ ਫਿਟਕਾਰੇ, ਸੋ ਭਲਾ ਨਹੀਂ ਜਾਨਣਾ ।

ਤੁਰਕ ਕੀ ਚਾਕਰੀ ਕਰਿ ਹੱਥ ਜੁੜਾਇ ਲੈਣੇ ।

---

[੪੩] ਸਾਰਗ, ਮਹਲਾ ੫, ਪੰਨਾ ੧੨੨੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੪੪] ਸਰਹਿੰਦ ਦੇ ਸੂਬੇ ਦੇ ਦਰਬਾਰੀ ਸੁੱਚਾਨੰਦ ਵੱਲ ਇਸ਼ਾਰਾ ਹੈ, ਜੋ ਜਾਤ ਦਾ ਪੁਰੀ ਖਤਰੀ ਸੀ ।

[੪੫] ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਲਈ ਜ਼ਿੰਮੇਦਾਰ ਚੰਦੂਸ਼ਾਹ ਵੱਲ ਇਸ਼ਾਰਾ ਹੈ, ਜੋ ਜਾਤ ਦਾ ਸਾਹੀ ਖਤਰੀ ਸੀ ।

[੪੬] ਚੰਦੂ ਅਤੇ ਸੁੱਚਾਨੰਦ ਨੇ ਗੁਰੂ-ਪਰਿਵਾਰਾਂ ਨਾਲ ਵੈਰ ਕਮਾਇਆ ਸੀ, ਇਸ ਕਾਰਣ ਸਿੱਖਾਂ ਦੀ ਉਨ੍ਹਾਂ ਪ੍ਰਤੀ ਨਫ਼ਰਤ ਸੁਭਾਵਿਕ ਹੀ ਜਾਪਦੀ ਹੈ । ਰਹਿਤਨਾਮੇ ਦੀ ਇਹ ਪੰਕਤੀ ਵੀ ਇਸੇ ਨਫ਼ਰਤ ਦੀ ਪ੍ਰਤੀਕ ਹੈ । ਜਦਕਿ ਚੰਦੂ ਅਤੇ ਸੁੱਚਾਨੰਦ ਨੂੰ ਮਰੇ ਹੋਏ ਸੈਂਕੜੇ ਸਾਲ ਹੋ ਚੁੱਕੇ ਹਨ, ਅਜੇ ਵੀ ਉਨ੍ਹਾਂ ਨੂੰ ਫਿਟਕਾਰਦੇ ਰਹਿਣਾ ਗੁਰਸਿੱਖ ਨੂੰ ਸ਼ੋਭਾ ਨਹੀਂ ਦਿੰਦਾ ।

ਜੋ ਸਿਖ ਆਪਣੇ ਘਰ ਦੇ ਕੰਮੋਂ ਸਿਖ ਨੂੰ ਦੂਰ ਕਰੇ, ਸੇਵਕ ਨ ਰਖੇ, ਸੋ ਤਨਖਾਹੀਆ ।

ਜੋ ਸਿਖ ਕੰਮ ਵਿਚ ਸਿਖ ਰਹਿ ਕੇ ਖਿਆਨਤ ਕਰੇ, ਸੋ ਬਡਾ ਤਨਖਾਹੀਆ ।

ਜੋ ਸਿਖ ਦਾ ਚਲਾਣਾ ਸੁਣ ਕੇ ਨਾਲ ਨਾ ਜਾਏ, ਸੋ ਪੱਕਾ ਤਨਖਾਹੀਆ ।

ਜੋ ਸ਼ਬਦ ਨਾਲ ਹਾਸਾ ਕਰੇ, ਸੋ ਪੱਕਾ ਤਨਖਾਹੀਆ ।

ਜੋ ਮੰਜੇ ਉਤੈ ਬਹੇ, ਅਤੇ ਸ਼ਬਦ ਸੁਣ ਕੇ ਹੇਠਾਂ ਨਾ ਬਹੇ, ਯਾ ਪੜ੍ਹਨ ਵਾਲੇ ਨੂੰ ਪਾਸ ਬਹਾਵੈ ਨਾਹੀਂ, ਸੋ ਤਨਖਾਹੀਆ ।

ਜੋ ਸਿਖ, ਸਿਖ (ਪਾਸਹੁੰ) ਝੂਠੀ ਸਪਤ ਕਰਾਏ, ਸੋ ਤਨਖਾਹੀਆ । ਜੋ ਕਿਸੇ ਦਾ ਸਰੀਰ ਹਤ ਹੋਵੇ, ਇਕੇ ਭਲਾ ਹੋਵੈ, ਇਸ ਦੀ ਸਪਤ ਕੀਤਿਆਂ, ਸਪਤ ਨਾ ਕਰੇ, ਰਾਖਸ਼ ਤਨਖਾਹੀਆ ।

ਜੋ ਸਿਖ, ਗੁਰ-ਦੋਹੀ ਬਾਰ ਬਾਰ ਸ਼ਬਦ ਵਿਚ ਗੱਲਾਂ ਕਰੈ, ਸੋ ਤਨਖਾਹੀਆ ।

ਜੋ ਸਿਖ, ਸਿਖ ਨਾਲ ਗੰਦ-ਜਬਾਬ ਕਰੈ, ਸੋ ਗੰਦਾ ਤਨਖਾਹੀਆ ।

ਜੋ ਸਿਖ, ਸਿਖਾਂ ਨੂੰ ਮਾਇਆ ਦੇ ਕੇ ਕਿਰਤੇ ਲਾਵੇ, ਉਹ ਮਾਇਆ ਛਲ ਕਰਕੇ ਖਾਇ ਲਏ, ਸਿਖ ਨੂੰ ਜਬਾਬ ਦੇਵੇ, ਤਿਸ ਨਾਲ ਨਹੀਂ ਵਰਤਣਾ, ਤੇ ਨਾਲ ਭੀ ਨਾ ਰਲਾਵਣਾ। ਅਰਜ਼ ਦੇਵੇ, ਤਾਂ ਬਖ਼ਸ਼ਣਾ ।

ਜੋ ਸਿਖ ਪਾਸਹੁੰ ਵਣਜ ਨਾਲ ਵਧ-ਘਟ ਜਾਇ, ਤਾਂ ਕਿਰਤੇ ਲਾਇਕੇ ਉਤਾਰ ਲੈਣਾ ।

ਅਤੇ ਸਿਖ ਭਲੇ ਕੰਮ ਵਿਚ ਸਿਖ ਨੂੰ ਰਖੇ । ਜੋ ਸਿਖ ਜਾਣ ਬੁਝ ਕੇ ਸਿਖ ਨੂੰ ਦੁਖ ਦੇਵੇ, ਸੋ ਤਨਖਾਹੀਆ ।

ਸਿਖ ਦਾ ਮਾਮਲਾ ਸਿਖਾਂ ਵਿਚ ਨਿਬੇੜੇ, ਦੇਣੇ-ਲੈਣੇ ਵਾਲਾ ਜੋ ਬੇਮੁਖ ਹੋਵੇਗਾ, ਸੋ ਨ ਨਿਬੜੇਗਾ, ਦੁਹਾਂ ਵਿਚੋਂ । ਦੋਵੇਂ ਸਿਖ ਸਿਖੀ ਰਲਣ, ਗੋਬਿੰਦ ਅੰਤਰਜਾਮੀ ਹੈ, ਲੇਖਾ ਧਰਮਰਾਇ ਲੈਸੀ ਝੂਠੇ ਪਾਸਹੁੰ, ਜੋ ਸਿਖ ਦਾ ਆਖਿਆ ਨਾ ਮੰਨੇਗਾ, ਸੋ ਦੋਹਾਂ ਵਿਚਹੁੰ ਤਨਖਾਹੀਆ । ਸਿਖ ਭੀ ਸਾਲਸ ਹੋਇ ਕੈ ਆਖਣ ।

ਜੋ ਸਿਖ, ਸਿਖ ਨੂੰ ਜਾਣ ਕੇ ਕੈਦ ਕਰਾਏ, ਲੁਟਾਏ, ਮਰਵਾਏ, ਸੋ ਦੈਂਤ ਜਾਨਣਾ । ਗੁਰੂ ਕੇ ਸਿਖ ਐਸੇ ਨਾਲ ਨਾ ਵਰਤਣ, ਬੇਮੁਖ ਤਨਖਾਹੀਆ ।

ਜੋ ਸਿਖ ਦੇ ਪਾਸਹੁੰ ਚਾਕਰੀ ਕਰਾਇਕੇ, ਨਾ ਦੇਵੇ, ਸੋ ਤਨਖਾਹੀਆ ।

ਬਚਨ ਕਰਕੇ ਮੁੜਿ ਜਾਏ, ਸੋ ਤਨਖਾਹੀਆ । [੪੭]

ਜੋ ਸਿਖ ਦੇ ਦੋਵੇਂ ਹਥ ਸਾਬਿਤ ਹੋਵਣ ਅਤੇ ਸੱਜੇ ਨਾਲ ਸੌਚ ਕਰੇ, ਸੋ ਪੱਕਾ ਤਨਖਾਹੀਆ ।

ਜੋ ਸਿਖ ਸਰੀਰ ਦੀ ਸੁਧਿ ਤਥਾ ਇਸ਼ਨਾਨ, ਪੰਜ-ਇਸ਼ਨਾਨਾ, ਹੋਂਦੇ ਬਲ ਨਾ ਕਰੇ, ਏਵੇਂ ਪ੍ਰਸਾਦਿ ਛਕੇ ਅਥਵਾ ਗ੍ਰੰਥ ਸਾਹਿਬ ਜੀ ਦਾ ਪਾਠ ਕਰੈ, ਸੋ ਅਚੇਤ ਤਨਖਾਹੀਆ ।

ਜੋ ਸਿਖ, ਸਿਖ ਨੂੰ ਤੁੱਛ ਬਚਨ ਕਰੇ, ਘਰਿ ਹੋਂਦੇ ਬਰੜਾਇਕੇ ਦੇਵੈ, ਸੋ ਪੱਕਾ ਤਨਖਾਹੀਆ ।

ਜੋ ਸਿਖ ਦਾ ਕਾਰਜ ਤੋੜੇ, ਸੋ ਬੇਮੁਖ ਤਨਖਾਹੀਆ । ਜੋ ਸਿਖ ਅਰੁ ਸੇਵਕ ਦਾ ਆਪਸ ਵਿਚ ਕਾਰਜ ਪੈ ਜਾਏ ਝਗੜੇ ਦਾ ਅਤੇ ਸਿਖ ਮੁਨਸਬ ਹੋਵੇ, ਤਾਂ ਧਰਮ ਵੀ ਕਰੈ, ਅਤੇ ਸਿਖ ਦਾ ਭਲਾ ਭੀ ਚਾਹੇ ।

ਜੋ ਸਿਖ ਨਾਲ ਅੰਦਰੋਂ ਹੋਰ, ਬਾਹਰੋਂ ਹੋਰੁ- ਮੰਦਾ ਕਰੇਗਾ, ਸੋ ਗੁਰੂ ਕਾ ਚੋਰ ਤਨਖਾਹੀਆ ।

ਗੁਰੂ ਕਾ ਸਿਖ ਇਸ਼ਨਾਨ ਕਰੇ, ਕੇਸਾਂ ਨੂੰ ਹੱਥਾਂ ਨਾਲ ਛਣਕੇ, ਸੋ ਤਨਖਾਹੀਆ ।

ਜਿਥੇ ਸਿਖਾਂ ਸੀਸ ਦਿਤੇ ਹੋਵਣ, ਸਿਖੀ ਬਦਲੇ, ਸੋ ਸ਼ਹੀਦਗੰਜ ਜਾਨਣਾ ਅਤੇ ਦੀਵਾ ਬਾਲਣਾ ।

ਅੰਨ ਦੇ ਪੱਕੇ ਖੇਤ ਵਿਚ ਕਾਵ੍ਹੇ ਬੈਠੇ, ਸੋ ਪੱਕਾ ਤਨਖਾਹੀਆ । ਪਿਸ਼ਾਬ ਕਰਕੇ ਹੱਥ ਨਾ ਧੋਇ, ਸੋ ਭੀ ਤਨਖਾਹੀਆ । ਜਲ ਦੇ ਕੰਢੇ ਉਪਰਿ ਕਾਵ੍ਹੇ ਬੈਠੇ, ਸੋ ਭੀ ਤਨਖਾਹੀਆ ।

ਕੱਛਾ ਲਾਹਿ ਕਰਿ ਰਾਤੀਂ ਨੰਗਾ ਸਵੇਂ, ਸੋ ਭੀ ਤਨਖਾਹੀਆ । ਪੱਗ ਰਾਤੀਂ ਲਾਹਿ ਕੇ ਸਵੇਂ, ਸੋ ਭੀ ਤਨਖਾਹੀਆ ।

[੪੭] "*ਪਉੜੀ ॥ ਨਿਰਭਉ ਨਾਮੁ ਵਿਸਾਰਿਆ ਨਾਲਿ ਮਾਇਆ ਰਚਾ ॥ ਆਵੈ ਜਾਇ ਭਵਾਈਐ ਬਹੁ ਜੋਨੀ ਨਚਾ ॥ ਬਚਨੁ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ ॥ ਅੰਦਰਹੁ ਥੋਥਾ ਕੂੜਿਆਰੁ ਕੂੜੀ ਸਭ ਖਚਾ ॥ ਵੈਰੁ ਕਰੇ ਨਿਰਵੈਰ ਨਾਲਿ ਝੂਠੇ ਲਾਲਚਾ ॥ ਮਾਰਿਆ ਸਚੈ ਪਾਤਿਸਾਹਿ ਵੇਖਿ ਧੁਰਿ ਕਰਮਚਾ ॥ ਜਮਦੂਤੀ ਹੈ ਹੇਰਿਆ ਦੁਖ ਹੀ ਮਹਿ ਪਚਾ ॥ ਹੋਆ ਤਪਾਵਸੁ ਧਰਮ ਕਾ ਨਾਨਕ ਦਰਿ ਸਚਾ ॥ ੧੫ ॥*" (ਮਾਰੂ ਵਾਰ ਮਹਲਾ ੫, ਪੰਨਾ ੧੦੯੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ।

ਜੋ ਸਿਖ, ਸਿਖਾਂ ਬਿਨਾਂ, ਗ਼ੈਰ ਸੰਗਤਿ ਕਰੇ, ਸੋ ਭੀ ਤਨਖਾਹੀਆ।

ਜੋ ਸਿਖ, ਸਿਖਾਂ ਦੇ ਕੰਮ ਵਿਚ ਦਲਾਲੀ ਖਾਏ, ਸੋ ਭੀ ਤਨਖਾਹੀਆ।

ਜੋ ਸਿਖ, ਬਿਰਧ ਅਥਵਾ ਸੂਰਮੇ ਸਿੰਘ ਨੂੰ ਪ੍ਰਸਾਦ ਖਵਾਵਣੇ ਲਗੇ, ਅਤੇ (ਪੱਖਾ) ਝੁੱਲ ਕਰਿ ਨਾ ਖਵਾਏ, ਸੋ ਤਨਖਾਹੀਆ।

ਜੋ ਸਿਖ, ਭੇਡਾਂ ਦਾ ਦੁਧ-ਦਹੀਂ ਖਾਏ, ਸੋ ਭੀ ਤਨਖਾਹੀਆ।

ਜੋ ਸਿਖ, ਸ਼ਬਦ ਪੜ੍ਹਦੇ ਚਰਚਾ ਕਰਦੇ ਸਿਖ ਨੂੰ ਟੋਕੇ, ਸੋ ਤਨਖਾਹੀਆ।

ਜੋ ਸਿਖ, ਕਿਸੇ ਸਿਖ ਦਾ ਮਾਨ ਭੰਗ ਕਰੇ, ਸੋ ਤਨਖਾਹੀਆ। ਸਾਖ, "*ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ ॥*"[੪੮]

ਜੋ ਬੇਕਾਰਤੀ ਬਗ਼ੈਰ ਵਸਤ ਨਾ ਖਾਏ, ਸੋ ਅਚੇਤ ਤਨਖਾਹੀਆ।

ਜੋ ਸਿਖ ਨੂੰ ਕਰੂਰ ਨੇਤ੍ਰ ਦੇਖੇ, ਸੋ ਭੀ ਤਨਖਾਹੀਆ।

ਪੰਥ ਏਹੁ ਵਾਹੁਗੁਰੂ ਪੂਰਨ ਪੁਰਖ ਦਾ ਹੈ। ਸੰਮੁਦ੍ਰ ਵਿਚ ਰਤਨ ਭੀ ਹੋਂਦੇ ਹੈਨਿ ਅਤੇ ਘੁਗੇ, ਸੰਖ ਸਿਪੀਆਂ ਭੀ। ਮਾਣਕ-ਮੋਤੀ ਨੂੰ ਖਰੀਦੇ, ਘੁਗੇ ਨਾ ਖਰੀਦੇ।

ਜੋ ਸਿਖ ਆਪ ਸੰਸਾਰ ਦੀ ਕਾਣ ਵਿਚ ਵਰਤੇ, ਅਤੇ ਬਾਹਰੋਂ 'ਮੁਕਤਾ' ਸਦਾਏ, ਸੋ ਕੂੜਾ ਤਨਖਾਹੀਆ।

ਜੋ ਸਿਖ ਸੁਸਤ ਹੋਵੇ, ਨਿਤ ਅਰਦਾਦਿ ਕਰਾਏ, ਤਾਜ਼ਾ ਹੋਵੇ। ਸਿਖਾਂ ਦੇ ਹੱਥ ਨ ਧੁਆਏ, ਸੋ ਤਨਖਾਹੀਆ।

ਜੋ ਸਿਖ ਕਤੀਰਾ, ਮਹਿੰਦੀ ਹੱਥੀਂ ਲਾਏ, ਸੋ ਤਨਖਾਹੀਆ।

[੪੮] ਸਲੋਕ ੧੩੦, ਫ਼ਰੀਦ, ਪੰਨਾ ੧੩੮੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਜੋ ਸਿਖ ਗ੍ਰੰਥ ਸਾਹਿਬ ਜੀ ਅਥਵਾ ਪੋਥੀ ਸਾਹਿਬ ਬੇਅਦਬ ਜਗ੍ਹਾ ਰਖੇ, ਸੋ ਤਨਖਾਹੀਆ । ਜੋ ਸਿਖ ਪੋਥੀ ਗ੍ਰੰਥ ਅੰਦਰ ਰਖੇ ਅਰੁ ਪੜ੍ਹੇ ਨਾਹੀਂ, ਸੋ ਪੱਕਾ ਤਨਖਾਹੀਆ । ਜੋ ਨਗਰੀ ਵਿਚ ਧਰਮਸਾਲ ਹੋਵੇ, ਸਿਖ ਨਾ ਜਾਇ, ਸੋ ਤਨਖਾਹੀਆ ।

ਜੋ ਸਿਖ, ਸਿਖਾਂ ਨੂੰ ਪ੍ਰਸਾਦਿ ਆਖ ਕੇ, ਫੇਰ ਫੇਰ ਤ੍ਰੈ ਵੇਰੀ ਅਗਹੁੰ ਮੋੜੇ, ਸੋ ਤਨਖਾਹੀਆ ।

ਸਿਖ ਪ੍ਰਸਾਦਿ ਖਾਵਣੇ ਵਾਲਾ ਆਪ ਨੂੰ ਗੁਰੂ-ਪੀਰ ਨਾ ਜਾਣੇ । ਵਡਿਆਈ ਗੁਰੂ ਕੀ ਜਾਣੇ ਅਤੇ ਸਿਖ ਛਕਾਵਣੇ ਵਾਲਾ ਆਪ ਨੂੰ ਦਾਤਾ ਨ ਜਾਣੈ । ਅਰੁ ਜਾਣੇ ਇਹ ਦਾਤ ਸਾਰੀ ਨਿਰੰਕਾਰ ਦੀ ਹੈ । ਨਿਰਅਭਿਮਾਨ ਹੋਇ ਰਹੈ ।

ਇਕ ਦਿਨ ਗੁਰੂ ਜੀ ਪਾਸ ਇਕ ਸਿਖ ਬੇਨਤੀ ਕੀਤੀ, "ਜੀ, ਮੇਰੀ ਅਰਜ਼ ਹੈ ਰਾਗੀ ਸਿਖਾਂ ਪਰ। ਜੋ ਸੁਖਮਨੀ ਪੜ੍ਹਦਾ ਸਾਂ, ਇਕੋ ਅਸ਼ਟਪਦੀ ਰਹਿੰਦੀ ਸੀ । ਮੈਂ ਰਾਗੀਆਂ ਨੂੰ ਕਹਿਆ, 'ਮੈਂ ਪੜ੍ਹ ਲਵਾਂ', ਤਾਂ ਤੁਸਾਂ ਗਾਵਣਾ । ਮੇਰੇ ਕਹਿੰਦਿਆ ਲਾਗੇ ਸ਼ਬਦ ਪੜ੍ਹਨੇ । ਮੈਨੂੰ ਭੋਗ ਨਾ ਪਾਵਣ ਦਿਤਾ । ਤਾਂ ਮੈਂ ਕਹਿਆ ਹਜ਼ੂਰਿ ਅਰਦਾਸ ਕਰਕੇ ਫੇਰਿ ਤੁਸਾਂ ਨੂੰ ਤਨਖਾਹੀਆ ਕਰਾਵਾਂਗਾ । ਸੱਚੇ ਪਾਤਿਸ਼ਾਹ ਮੇਰਾ ਨਿਆਇ ਕਰਨਾ ।" ਫੇਰਿ ਤਾਂ ਬਚਨ ਹੋਇਆ, "ਤਿਨ੍ਹਾਂ ਰਾਗੀਆਂ ਨੂੰ ਤਨਖਾਹ ਨਾਹੀਂ ਭਾਈ ਸਿਖਾ! ਤੂ ਸੰਗਤਿ ਨੂੰ ਚਬੀਨਾ ਛਕਾਂਵਦਾ ਸੈਂ ਅਤੇ ਰਾਗੀ ਲਗੇ ਪ੍ਰਸਾਦਿ ਛਕਾਵਣ । ਇਨ੍ਹਾਂ ਨੂੰ ਗੁਰੂ ਕੀ ਖ਼ੁਸ਼ੀ ਹੋਈ 'ਕਲਿ ਕੀਰਤਨ ਨਾਮ ਅਧਾਰ' । ਭਾਈ, ਜੇ ਭਾਵਣੀ ਨਾਲ ਕੀਰਤਨ ਕਰਨਗੇ, ਸੋ ਮੁਕਤਿ ਨੂੰ ਪ੍ਰਾਪਤ ਹੋਣਗੇ । ਈਹਾਂ ਭੁਗਤਿ ਅਗੇ ਮੁਕਤਿ ਹੋਵੇਗੀ ਅਤੇ ਗੁਰੂ ਨਾਲ ਬਣ ਆਵੈਗੀ ।"

ਗੁਰੂ ਕਾ ਸਿਖ ਮਾਰਗਿ ਜਾਂਦੇ, ਧਰਮਸਾਲਾ ਆਵੈ, ਅਥਵਾ ਕੀਰਤਨ ਸੰਤ-ਜਨ ਅਥਵਾ ਗ੍ਰੰਥ ਸਾਹਿਬ ਜੀ ਪੋਥੀ ਪੜ੍ਹਦੇ ਹੋਵਨਿ, ਮੱਥਾ ਟੇਕਣ ਨ ਜਾਏ, ਸੋ ਤਨਖਾਹੀਆ ।

ਜੋ ਸਿਖ, ਸਿਖਾਂ ਨੂੰ ਅਤੇ ਬ੍ਰਾਹਮਣਾਂ ਨੂੰ ਪ੍ਰਸਾਦਿ ਆਖੇ, ਤਾਂ ਅਗੇ ਪਿੱਛੇ ਨਾ ਕਰੈ । ਇਕੱਠੇ ਦੋਨੋਂ ਪੰਗਤਾਂ ਬਹਾਲੇ । ਬ੍ਰਾਹਮਣਾਂ ਨੂੰ ਅੱਗੇ ਬਿਠਾਲੇ ਤੇ ਪਾਛੇ ਸਿਖਾਂ ਨੂੰ ਬੈਠਾਲੇ, ਸੋ ਤਨਖਾਹੀਆ । [੪੯] ਜੋ ਸਿਖ ਜਾਣ ਕੇ ਪੰਗਤਿ ਬ੍ਰਾਹਮਣ ਖਾ ਜਾਏ, ਤੇ ਮਗਰੋਂ ਜਾ ਖਾਵੇ, ਸੋ ਤਨਖਾਹੀਆ ।

ਸ਼ਬਦ-ਪਾਠ, ਕੀਰਤਨ ਹੋਂਦੇ ਕੋਈ ਮਾਇਆ ਦਾ ਝਗੜਾ ਆਇ ਪਾਏ, ਸੋ ਤਨਖਾਹੀਆ ।

ਜੋ ਦਸਾਂ ਜਾਮਿਆਂ ਵਿਚ ਭੇਦ ਜਾਣੈ, ਸੋ ਪੱਕਾ ਤਨਖਾਹੀਆ ।

---

[੪੯] ਸਪਸ਼ਟ ਹੈ ਕਿ ਸਿੱਖੀ ਵਿੱਚ ਬ੍ਰਾਹਮਣਾਂ ਦੀ ਕੋਈ ਵਿਸ਼ੇਸ ਥਾਂ ਨਹੀਂ ਹੈ ।

ਗੁਰੂ ਕਾ ਸਿਖ ਜੰਵ ਨਾਲ ਜਾਏ, ਘਰਿ ਸੇਵਕਾਂ ਦੇ ਆਵੇ, ਤਾਂ ਹੱਥ ਜੋੜ ਕੇ ਭੁਲ-ਚੁਕ ਬਖ਼ਸ਼ਾਇ ਲਏ, ਨਹੀਂ ਤਾਂ ਤਨਖਾਹੀਆ ਰਹੈਗਾ ।

ਗੁਰੂ ਕਾ ਸਿਖ ਸਾਸ ਵਾਹਗੁਰੂ ਉਚਾਰ ਕਰਦਾ ਰਹੈ ।

ਜੇ ਦੀਪਕ ਨੂੰ ਠੰਢਾ ਕਰਨਾ ਹੋਵੇ, ਤਾਂ ਪੱਖਾ ਪੱਲਾ ਹਿਲਾਇ ਕੇ ਕਰੇ । ਮੂੰਹ ਦੀ ਫੂਕ, ਹਥ ਦਾ ਬੁੱਜਾ ਮਾਰੇ, ਸੋ ਤਨਖਾਹੀਆ ।

ਜੋ ਸਿਖ ਸਿਖਣੀ ਨੂੰ ਖੰਡੇ ਦੀ ਪਾਹੁਲ ਨਾ ਦੇਵੇ, ਸੋ ਤਨਖਾਹੀਆ ।

ਆਏ ਪ੍ਰਸਾਦਿ ਨਿਰਾਦਰ ਕਰੇ, ਸੋ ਤਨਖਾਹੀਆ । ਸਾਖ, "*ਆਦਿ ਪੁਰਖ ਤੇ ਹੋਇ ਅਨਾਦਿ ॥ ਜਪੀਐ ਨਾਮੁ ਅੰਨ ਕੈ ਸਾਦਿ ॥*" [੫੦]

ਗੁਰੂ ਕਾ ਸਿਖ ਪੋਥੀ ਗ੍ਰੰਥ ਸਾਹਿਬ ਜੀ ਹੋਰ ਬਾਣੀ ਪੜ੍ਹਨ ਲਈ ਆਖੇ, ਜੋ ਆਖੇ ਪੜ੍ਹਿ ਛਡਿਆ ਹੈ, ਸੋ ਤਨਖਾਹੀਆ ।

ਜੂਠੇ ਪ੍ਰਸਾਦਿ ਨੂੰ ਕਰਦ ਭੇਟਾ ਕਰੈ, ਸੋ ਤਨਖਾਹੀਆ । [੫੧]

ਪੋਥੀ ਗ੍ਰੰਥ ਸਾਹਿਬ ਜੀ ਪੜ੍ਹ ਕੇ ਨਿਸ਼ਾਨੀ ਵਿਚ ਕੱਖ[੫੨] ਦੀ ਰਖੇ, ਸੋ ਤਨਖਾਹੀਆ ।

---

[੫੦] ਗੋਂਡ, ਕਬੀਰ, ਪੰਨਾ ੮੭੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਪੂਰਾ ਸ਼ਬਦ ਇਸ ਪ੍ਰਕਾਰ ਹੈ, "*ਗੋਂਡ ॥ ਧੰਨੁ ਗੁਪਾਲ ਧੰਨੁ ਗੁਰਦੇਵ ॥ ਧੰਨੁ ਅਨਾਦਿ ਭੂਖੇ ਕਵਲੁ ਟਹਕੇਵ ॥ ਧਨੁ ਓਇ ਸੰਤ ਜਿਨ ਐਸੀ ਜਾਨੀ ॥ ਤਿਨ ਕਉ ਮਿਲਿਬੋ ਸਾਰਿੰਗਪਾਨੀ ॥ ੧ ॥ ਆਦਿ ਪੁਰਖ ਤੇ ਹੋਇ ਅਨਾਦਿ ॥ ਜਪੀਐ ਨਾਮੁ ਅੰਨ ਕੈ ਸਾਦਿ ॥ ੧ ॥ ਰਹਾਉ ॥ ਜਪੀਐ ਨਾਮੁ ਜਪੀਐ ਅੰਨੁ ॥ ਅੰਭੈ ਕੈ ਸੰਗਿ ਨੀਕਾ ਵੰਨੁ ॥ ਅੰਨੈ ਬਾਹਰਿ ਜੋ ਨਰ ਹੋਵਹਿ ॥ ਤੀਨਿ ਭਵਨ ਮਹਿ ਅਪਨੀ ਖੋਵਹਿ ॥ ੨ ॥ ਛੋਡਹਿ ਅੰਨੁ ਕਰਹਿ ਪਾਖੰਡ ॥ ਨਾ ਸੋਹਾਗਨਿ ਨਾ ਓਹਿ ਰੰਡ ॥ ਜਗ ਮਹਿ ਬਕਤੇ ਦੂਧਾਧਾਰੀ ॥ ਗੁਪਤੀ ਖਾਵਹਿ ਵਟਿਕਾ ਸਾਰੀ ॥ ੩ ॥ ਅੰਨੈ ਬਿਨਾ ਨ ਹੋਇ ਸੁਕਾਲੁ ॥ ਤਜਿਐ ਅੰਨਿ ਨ ਮਿਲੈ ਗੁਪਾਲੁ ॥ ਕਹੁ ਕਬੀਰ ਹਮ ਐਸੇ ਜਾਨਿਆ ॥ ਧੰਨੁ ਅਨਾਦਿ ਠਾਕੁਰ ਮਨੁ ਮਾਨਿਆ ॥ ੪ ॥ ੮ ॥੧੧ ॥*"

[੫੧] ਪ੍ਰਸ਼ਾਦਿ ਨੂੰ ਕਰਦ (ਕ੍ਰਿਪਾਨ) ਭੇਟ ਕਰਨ ਦਾ ਅਰਥ ਹੈ ਕਿ ਇਹ ਪ੍ਰਸ਼ਾਦਿ ਗੁਰੂ ਨੇ ਪ੍ਰਵਾਨ ਕਰ ਲਿਆ ਹੈ । ਜੇ ਪ੍ਰਸ਼ਾਦਿ ਪਹਿਲਾਂ ਹੀ ਕਿਸੇ ਵਿਅਕਤੀ ਨੇ ਜੂਠਾ ਕਰ ਦਿੱਤਾ ਹੈ, ਤਾਂ ਇਸ ਦਾ ਸਿੱਧਾ ਭਾਵ ਇਹ ਹੀ ਹੋਇਆ ਕਿ ਗੁਰੂ ਨੂੰ ਜੂਠਾ ਪ੍ਰਸ਼ਾਦਿ ਪੇਸ਼ ਕੀਤਾ ਗਿਆ; ਜੋ ਕਿ ਪ੍ਰਤੱਖ ਰੂਪ ਵਿੱਚ ਅਪਮਾਨ ਹੈ । ਇਸ ਤਰ੍ਹਾਂ ਦਾ ਅਪਮਾਨ ਜੋ ਕਰਦਾ ਹੈ, ਉਹ ਦੋਸ਼ੀ ਹੈ ।

[੫੨] ਘਾਹ । ਗੁਰੂ ਗ੍ਰੰਥ ਸਾਹਿਬ ਜੀ, ਗੁਰਬਾਣੀ ਦੀ ਪੋਥੀ ਜਾਂ ਗੁਟਕੇ ਵਿੱਚ ਪਾਠ ਕਰਦਿਆਂ ਪੰਨਾ ਯਾਦ ਰੱਖਣ ਲਈ ਕਿਸੇ ਪ੍ਰਕਾਰ ਦੀ ਨਿਸ਼ਾਨੀ ਰੱਖਣੀ ਅਸ਼ਰਧਾ ਹੀ ਹੈ । ਬੇਹਤਰ ਹੋਏਗਾ, ਜੇ ਕਿਸੇ ਵੱਖਰੇ ਕਾਗ਼ਜ਼ ਜਾਂ ਕਿਸੇ ਨੋਟ-ਬੁੱਕ ਆਦਿ ਵਿੱਚ ਪੰਨਾ ਨੰਬਰ ਆਦਿ ਨੋਟ ਕਰ ਲਿਆ ਜਾਏ ।

ਕੇਸ ਧੋਇ ਕੇ ਹਰੇ ਕਰਨੇ ਦੀ ਥਾਂ 'ਸੁਕਾਵਣੇ' ਆਖੇ, ਸੋ ਤਨਖਾਹੀਆ । ਪੱਟੀ ਲਿਖਣ ਵਾਲਾ ਧੋਇ ਕੇ 'ਸੁਕਾਵਣੀ' ਆਖੈ, ਸੋ ਤਨਖਾਹੀਆ ।

ਰਾਹ ਚਲਦੇ ਸਿਖ ਦਾ ਸਾਥ ਛੋਡ ਜਾਏ, ਸੋ ਤਨਖਾਹੀਆ ।

ਸਿਖ, ਸਿਖ ਨੂੰ ਦਗ਼ਾ ਦੇ ਕੇ ਕੁਮਾਰਗ ਪਾਏ, ਸੋ ਤਨਖਾਹੀਆ ।

ਖੂਹੇ ਉਪਰਿ ਸਿਖ ਪਾਣੀ ਭਰਦਾ ਹੋਵੈ ਅਤੇ ਸਿਖ ਪਾਣੀ ਮੰਗੇ, ਨਾ ਪਿਆਏ, ਸੋ ਤਨਖਾਹੀਆ । ਜੋ ਸਿਖ ਮਾਰਗੋਂ ਆਏ ਥੱਕੇ ਹੋਏ ਨੂੰ ਖੇਚਲ ਕਰਾਏ, ਸੋ ਤਨਖਾਹੀਆ ।

ਜੋ ਸੂਰਜ ਦੇਵਤੇ ਨੂੰ ਨਮਸਕਾਰ ਕਰੇ, ਸੋ ਤਨਖਾਹੀਆ । [੫੩]

ਜੋ ਸਿਖ, ਕੂਲਕ ਰਖੇ, ਤਨਖਾਹੀਆ ।

ਨੰਗੇ ਕੇਸੀਂ ਫਿਰੇ, ਰਵਾਲ ਪਾਏ, ਸੋ ਤਨਖਾਹੀਆ । ਨੰਗੇ ਕੇਸੀਂ ਮਾਰਗ ਟੁਰੇ, ਸੋ ਤਨਖਾਹੀਆ । ਨੰਗੇ ਕੇਸੀਂ ਭੋਜਨ ਕਰੇ, ਸੋ ਤਨਖਾਹੀਆ ।

ਦਾੜ੍ਹੀ ਵਾਲਾ ਤ੍ਰੀਮਤ ਪਾਸੋਂ ਕੇਸ ਦਿਖਾਏ, ਸੋ ਤਨਖਾਹੀਆ ।

ਬੇ-ਪ੍ਰਯੋਜਨ ਕੁੱਤੇ ਨੂੰ ਸੋਟਾ ਵੱਟਾ ਮਾਰੇ, ਸੋ ਤਨਖਾਹੀਆ ।

ਤ੍ਰੀਮਤਾਂ ਵਿਚ ਕੇਸ ਖੋਲ੍ਹ ਬੈਠੇ, ਸੋ ਤਨਖਾਹੀਆ । ਕੇਸਾਂ ਨੂੰ 'ਵਾਲ' ਆਖੇ, ਸੋ ਤਨਖਾਹੀਆ । [੫੪] ਕੇਸਾਂ ਵਿਚ ਜੀ ਪਵਨ [੫੫], ਖ਼ਬਰ ਨਾ ਲਏ, ਸੋ ਤਨਖਾਹੀਆ । ਕੇਸਾਂ ਮੰਦਾ ਹੱਥ ਲਾਏ, ਸੋ ਤਨਖਾਹੀਆ ।

---

[੫੩] ਇਸੇ ਰਹਿਤਨਾਮੇ ਵਿੱਚ ਪਹਿਲਾਂ ਸੂਰਜ, ਚੰਦ ਨੂੰ ਨਮਸਤੇ/ਨਮਸਕਾਰ ਕਰਨ ਲਈ ਆਖਿਆ ਗਿਆ ਹੈ ਤੇ ਹੁਣ ਇੱਥੇ ਸੂਰਜ ਨੂੰ ਨਮਸਕਾਰ ਕਰਨ ਵਾਲੇ ਤਨਖਾਹੀਆ ਮੰਨਿਆ ਹੈ । ਇਸ ਤੋਂ ਸਪਸ਼ਟ ਹੈ ਕਿ ਇਸ ਰਹਿਤਨਾਮੇ ਵਿੱਚ ਸਮੇਂ-ਸਮੇਂ 'ਤੇ ਕਈ ਫੇਰ-ਬਦਲ ਕੀਤੇ ਗਏ ਹਨ । ਵਧੇਰੇ ਵਿਸਥਾਰ ਲਈ ਦੇਖੋ ਇਸੇ ਪੁਸਤਕ ਵਿੱਚਲਾ ਲੇਖ 'ਰਹਿਤਨਾਮਾ ਭਾਈ ਚਉਪਾ ਸਿੰਘ ਵਿੱਚ ਫੇਰ-ਬਦਲ' ।

[੫੪] ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 'ਕੇਸ' ਨੂੰ 'ਵਾਲ' ਵੀ ਆਖਿਆ ਗਿਆ ਹੈ, "*ਵਿਚਿ ਕਰਤਾ ਪੁਰਖੁ ਖਲੋਆ ॥ ਵਾਲੁ ਨ ਵਿੰਗਾ ਹੋਆ ॥*" (ਸੋਰਠਿ ਮਹਲਾ ੫, ਪੰਨਾ ੬੨੩) । "*ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥*" (ਰਾਮਕਲੀ ਮਹਲਾ ੩, ਅਨੰਦੁ, ਪੰਨਾ ੯੧੮) । "*ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀ ਆਇ ॥*" (ਸਲੋਕ ਸੇਖ ਫਰੀਦ ਕੇ, ਪੰਨਾ ੧੩੭੭) ।

[੫੫] ਭਾਵ, ਜੂੰਆਂ ਪੈਣ ।

ਗੁਰੂ ਕੇ ਕੀਰਤਨ ਵਿਚ ਹੋਰ ਗੱਲਾਂ ਕਰੇ, ਸੋ ਤਨਖਾਹੀਆ ।

ਸਿਖ ਸੁੱਤੇ ਨੂੰ ਪੈਰ ਮਾਰ ਕੇ ਜਗਾਏ, ਸੋ ਤਨਖਾਹੀਆ ।

ਜੋ ਗੁਰੂ ਕਾ ਸਿਖ ਗੁਰੂ ਮਾਨ ਭੰਗ ਕਰੈ, ਸੋ ਤਨਖਾਹੀਆ ।

ਜੋ ਦੁਇ ਸਿਖ ਆਪਸ ਵਿਚ ਲੜਨ, ਸਿਖ ਮਨ੍ਹਾ ਕਰਨ, ਅਤੇ ਲੜਾਈ ਨਾ ਛਡਣ, ਸੋ ਤਨਖਾਹੀਏ । ਜੇਹੜਾ ਸਿਖ, ਸਿਖ ਦੇ ਕਹੇ ਉਪਰਿ ਚਲੇ ਨਾਹੀਂ, ਸੋ ਤਨਖਾਹੀਆ ।

ਜੋ ਸਿਖ ਆਪਣੇ ਗੁਰਾਂ ਦੀ ਹਾਣਤ ਕਰੇ, ਸੋ ਤਨਖਾਹੀਆ ।

ਜੋ ਸਤਿਗੁਰੂ ਦੇ ਕੀਤੇ ਉਤੈਂ ਬਾਕੀ ਕੱਢੇ, ਸੋ ਤਨਖਾਹੀਆ । ਸਾਖ ਗ੍ਰੰਥ ਸਾਹਿਬ ਜੀ ਦੀ, "*ਆਪਿ ਸਤਿ ਕੀਆ ਸਭੁ ਸਤਿ ॥*" [੫੬] ਹੋਰ, "*ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ ॥*" [੫੭]

ਪਰਦੇਸੀ ਸਿਖ ਨੂੰ ਮੀਂਹ ਝੜ ਵਿਚ ਬਿਸਰਾਮ ਨੂੰ ਜਾਹਗਾ ਨਾ ਦੇਵੈ, ਸੋ ਤਨਖਾਹੀਆ ।

ਗੁਰੂ ਕੇ ਸਿਖ ਸੁਚੇਤ ਰਹਿਣ । ਠੱਗ, ਉਚੱਕੇ, ਭੇਖੀ ਦਾ ਵਿਸਾਹ ਨਾਹੀਂ ਕਰਨਾ । ਪੰਥ ਗੁਰੂ ਕਾ ਵਧੇਗਾ ਸਮਾਂ ਪਾਇਕੈ, ਅਤੇ ਮੁਹੱਬਤ ਘਟੇਗੀ । ਵਾਧੇ ਵਿਚ ਮੰਦਾ ਚੰਗਾ ਸਮਾਂਵਦਾ ਹੈ । ਗੁਰੂ ਕੇ ਸਿਖ ਸੁਚੇਤੀ ਨਾਲ ਵਰਤਨਗੇ । ਦਰਬਾਰ ਸਿਖਾਂ ਦੇ ਲਗੇ ਵਿਚ ਮਾਈ ਦਾ ਜਾਮਾ, ਪੋਥੀ ਗ੍ਰੰਥ ਸਾਹਿਬ ਨਾ ਪੜ੍ਹੈ, ਸੁਣੇ ਸਹੀ ।

ਮਾਈ ਮਾਈਆਂ ਵਿਚ ਬੈਠੇ । ਸਿਖ, ਸਿਖਾਂ ਵਿਚ ਬੈਠਣ ।

ਜੋ ਸਿਖ ਕਾਵ੍ਹੇ ਬੈਠਾ ਗੱਲਾਂ ਕਰੇ, ਸੋ ਤਨਖਾਹੀਆ ।

ਤੁਰਕ-ਮੰਤ੍ਰੀ ਸੀਰਨੀ ਲੈ ਕਰ ਵਸਤੁ ਸਿਖ ਖਾਏ, ਸੋ ਤਨਖਾਹੀਆ ।

ਪਗੜੀ ਲਾਹਿ ਕਰ ਸਿਖ ਪ੍ਰਸਾਦਿ ਖਾਏ, ਸੋ ਤਨਖਾਹੀਆ । [੫੮]

---

[੫੬] ਗਉੜੀ, ਸੁਖਮਨੀ, ਮਹਲਾ ੫, ਪੰਨਾ ੨੮੪ ਅਤੇ ੨੯੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੫੭] ਮਹਲਾ ੧, ਸਲੋਕ ਵਾਰਾਂ ਤੇ ਵਧੀਕ, ਪੰਨਾ ੧੪੧੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੫੮] "*ਪਾਗ ਉਤਾਰਿ ਪ੍ਰਸਾਦਿ ਜੋ ਖਾਵੈ । ਸੋ ਸਿਖ ਕੁੰਭੀ ਨਰਕ ਸਿਧਾਵੈ ।*" (ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ) ।

ਬਸਤ-ਨੂੰ ਪਾਣੀ ਜੂਠੇ ਨਾਲ ਠੰਢਾ ਕਰੈ, ਸੋ ਭੀ ਤਨਖਾਹੀਆ ।

ਸਿਖਾਂ ਵਿਚ ਬੈਠ ਕੇ ਬੇਮ੍ਰਿਜਾਦਾ ਬੋਲੇ, ਸੋ ਤਨਖਾਹੀਆ । ਸਾਖ ਗ੍ਰੰਥ ਸਾਹਿਬ ਜੀ ਦੀ, "*ਮੁਹਿ ਚਲੈ ਸੁ ਅਗੈ ਮਾਰੀਐ ॥*"[੫੯] ਹੋਰ ਸਾਖ, "*ਜੇ ਕੋ ਦਰਗਹ ਬਹੁਤਾ ਬੋਲੈ ਨਾਉ ਪਵੈ ਬਾਜਾਰੀ ॥*"[੬੦]

ਜਿਹੜਾ ਸਿਖ ਬਿਅਦਬੀ, ਕੁਰਹਿਤ ਕਰੇ, ਉਸ ਪਾਸੋਂ ਤਨਖਾਹ ਨ ਲਵਾਇ, ਨਾ ਬਖ਼ਸ਼ਾਏ ਤੇ ਉਹ ਭੀ ਤਨਖਾਹੀਆ ।

ਜੋ ਕੁਰਹਿਤੀ ਚੋਰ, ਯਾਰ, ਲੰਪਟ ਦੀ ਹਮਾਇਤ ਕਰੇ, ਸੋ ਭੀ ਤਨਖਾਹੀਆ ।

ਸਿਖ ਹੋਇ ਕੈ ਕੰਨਿਆ ਮਾਰੇ, ਪੰਜੀਂ ਮੇਲੀਂ ਵਰਤੇ, ਸੋ ਪੱਕਾ ਤਨਖਾਹੀਆ ।

ਧਾੜਾ ਕਰਕੇ ਬਖ਼ਸ਼ਾਇ ਨਹੀਂ, ਤਿਸ ਨਾਲ ਨਹੀਂ ਵਰਤਣਾ ।

ਗੁਰੂ ਕਾ ਸਿਖ ਐਸੀ ਸਿਖੀ ਰਖੈ, ਜੈਸੇ ਗ੍ਰੰਥ ਸਾਹਿਬ ਜੀ ਵਿਚ ਬਚਨ ਕੀਤਾ ਹੈ । ਸਿਖ ਨੋ ਸੰਸਾਰ ਦਾ ਰਹਿਣਾ ਐਸੇ ਹੈ, ਜੈਸੇ ਰਾਤਿ ਦਾ ਰਹਿਣਾ ਪਰਦੇਸੀ । ਸਾਖ ਗ੍ਰੰਥ ਸਾਹਿਬ ਜੀ ਦੀ, "*ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ ॥*"[੬੧]

(ਚਲਦਾ)

---

[੫੯] ਪਉੜੀ ੧੨, ਵਾਰ ਆਸਾ, ਮਹਲਾ ੧, ਪੰਨਾ ੪੬੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੬੦] ਆਸਾ, ਮਹਲਾ ੧, ਪੰਨਾ ੩੫੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੬੧] ਆਸਾ ਕਾਫੀ, ਮਹਲਾ ੧, ਪੰਨਾ ੪੧੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ । ਪੂਰਾ ਸ਼ਬਦ ਇਸ ਪ੍ਰਕਾਰ ਹੈ, "*ੴ ਸਤਿਗੁਰ ਪ੍ਰਸਾਦਿ ॥ ਆਸਾ ਕਾਫੀ ਮਹਲਾ ੧ ਘਰੁ ੮ ਅਸਟਪਦੀਆ ॥ ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ ॥ ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ ॥ ੧ ॥ ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ ॥ ੧ ॥ ਰਹਾਉ ॥ ਨੀਤ ਨੀਤ ਘਰ ਬਾਂਧੀਅਹਿ ਜੇ ਰਹਣਾ ਹੋਈ ॥ ਪਿੰਡੁ ਪਵੈ ਜੀਉ ਚਲਸੀ ਜੇ ਜਾਣੈ ਕੋਈ ॥ ੨ ॥ ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ ॥ ਤੁਮ ਰੋਵਹੁਗੇ ਓਸ ਨੋ ਤੁਮ੍ ਕਉ ਕਉਣੁ ਰੋਈ ॥ ੩ ॥ ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ ॥ ਓਹੁ ਨ ਸੁਣਈ ਕਤ ਹੀ ਤੁਮ੍ ਲੋਕ ਸੁਣਾਵਹੁ ॥ ੪ ॥ ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ ॥ ਜੇ ਘਰੁ ਬੂਝੈ ਆਪਣਾ ਤਾਂ ਨੀਦ ਨ ਹੋਈ ॥ ੫ ॥ ਜੇ ਚਲਦਾ ਲੈ ਚਲਿਆ ਕਿਛੁ ਸੰਪੈ ਨਾਲੇ ॥ ਤਾ ਧਨੁ ਸੰਚਹੁ ਦੇਖਿ ਕੈ ਬੂਝਹੁ ਬੀਚਾਰੇ ॥ ੬ ॥ ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥ ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥ ੭ ॥ ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥ ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥ ੮ ॥ ਕਰਮੁ ਹੋਵੈ ਸਤਿਗੁਰੁ ਮਿਲੈ ਬੂਝੈ ਬੀਚਾਰਾ ॥ ਨਾਮੁ ਵਖਾਣੈ ਸੁਣੇ ਨਾਮੁ ਨਾਮੇ ਬਿਉਹਾਰਾ ॥ ੯ ॥ ਜਿਉ ਲਾਹਾ ਤੋਟਾ ਤਿਵੈ ਵਾਟ ਚਲਦੀ ਆਈ ॥ ਜੋ ਤਿਸੁ ਭਾਵੈ ਨਾਨਕਾ ਸਾਈ ਵਡਿਆਈ ॥ ੧੦ ॥ ੧੩ ॥*"

## ਰਹਿਤਨਾਮਾ ਭਾਈ ਚਉਪਾ ਸਿੰਘ ਜੀ (ਮੂਲ ਪਾਠ) (ਭਾਗ ਛੇਵਾਂ)

(ਪੈਰ-ਟਿਪਣੀਆਂ : - ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ')

### ਸਿਖਣੀ ਹਿਤ ਰਹਿਤ

ਏਹੁ ਜੁਗਤਾਂ ਅਤੇ ਰਹਿਤਾਂ, ਤਨਖਾਹਾਂ ਗੁਰਾਂ ਦੀ ਆਗਿਆ ਅਨੁਸਾਰ ਆਖੀਆਂ ਹੈਨਿ ਸੇਵਕਾਂ ਨੂੰ, ਸੰਸਾਰੀਆਂ ਨੋ ਨਹੀਂ ਕਹੀਆਂ।

ਜੋ ਗੁਰੂ ਕੀ ਸਿਖਣੀ ਹੋਵੈ, ਜਲ ਵਿਚ ਇਸ਼ਨਾਨ ਨੰਗੀ ਨਾ ਕਰੈ। ਸੂਰਜ ਸਨਮੁਖ ਨੰਗੀ ਜਲ ਨਾ ਦੇਵੈ। ਜਲ ਅਤੇ ਸੂਰਜ ਪਿਤਾ ਹੈਨਿ।

ਗੁਰੂ ਕੀ ਸਿਖਣੀ ਮੈਲੀ ਹੋਇਕੈ ਨਾ ਪ੍ਰਸਾਦਿ ਪਕਾਇ ਅਤੇ ਨਾ ਖਵਾਇ।

ਗੁਰੂ ਕੀ ਸਿਖਣੀ ਮਰਦ ਦਾ ਮੂੰਹ ਨਾ ਫਿਟਕਾਰੇ।

ਗੁਰੂ ਕੀ ਸਿਖਣੀ ਸਾਧਸੰਗਤਿ ਵਿਚ ਮੱਥਾ ਕਜਿ ਬੈਠੇ।

ਗੁਰੂ ਕੀ ਸਿਖਣੀ ਗ੍ਰੰਥ ਸਾਹਿਬ ਪੋਥੀ ਪੜ੍ਹਨ ਸਿਖੇ, ਤਾਂ ਪਰ-ਕ੍ਰਿਤਾਂ ਸੰਸਾਰੀ ਤਿਆਗ ਦੇਵੇ। ਸੋ ਕਉਣ ਪਰ-ਕ੍ਰਿਤਾਂ: ਗੀਤ, ਟੱਪੇ ਗਾਵਣੇ, ਮਸ਼ਕਰੀਆਂ ਗੰਦੀ ਜ਼ਬਾਨ ਨਾ ਕਰੇ। ਆਪਣੇ ਧਰਮ-ਪਰਾਇਣ ਰਹੇ। ਕਾਹੇ ਤੇ? ਜੋ ਆਪਣਾ ਧਰਮ ਕਲਿਆਣ-ਕਰਤਾ ਹੈ। ਬੁਰੀ ਇਸਤ੍ਰੀ ਨਾਲ ਏਕਲੀ ਬੈਠ ਕਰਿ ਗੱਲਾਂ ਨਾ ਕਰੈ।

ਗੁਰੂ ਕੀ ਸਿਖਣੀ ਸੀਲ-ਧਰਮ ਰਖੇ। ਆਪਣੇ ਭਰਤੇ ਨੂੰ ਭਰਤਾ ਜਾਣੈ, ਹੋਰ ਸਭ ਪਿਤਾ, ਭਾਈ, ਪੁਤ੍ਰ ਕਰਿ ਜਾਣੇ। ਭਰਤੇ ਨੂੰ ਸਿਖੀ ਦਾ ਉਪਦੇਸ਼ ਕਰੈ। ਕਲਿਜੁਗ ਦੇ ਪੁਰਖ ਨਾਰੀ ਦੇ ਮੁਰੀਦ ਹੋਸਨ, ਸਿਖਣੀ ਦਾ ਉਪਦੇਸ਼ ਉਨ੍ਹਾਂ ਨੂੰ ਕਾਰੀ ਲਗਦਾ ਹੈ। ਗੁਰੂ ਕੀ ਜੋ ਸਿਖਣੀ ਹੋਵੈ, ਸੋ ਟੱਬਰ ਨਾਲੋਂ ਅਰਥੀ ਸਿਖ ਨੂੰ ਪ੍ਰਸਾਦਿ ਹੱਛਾ ਛਕਾਇ।

ਗੁਰੂ ਕੀ ਸਿਖਣੀ ਸ਼ਬਦ ਬਾਣੀ ਗੁਰੂ ਕੀ ਕੰਠ ਕਰੈ। ਧਰਮਸਾਲ ਦੁਇ ਵਕਤ ਮੱਥਾ ਟੇਕਣੇ ਜਾਇ।

ਪੱਛੀ ਵਿਚਹੁ ਪੂਣੀ, ਸੂਤਰ ਵਿਚੋਂ ਛੱਲੀ, ਅੱਟੀ, ਗੋਹੜਾ ਵਟੀਆਂ ਨੂੰ, ਤਾਣੀ ਵਿਚਹੁੰ ਰੁਮਾਲ, ਚਾਦਰ ਯਥਾ ਸ਼ਕਤਿ ਗੁਰੂ ਕੇ ਨਮਿਤ ਦੇਵੇ।

ਗੁਰੂ ਕੀ ਸਿਖਣੀ ਚੌਂਕੇ ਵਿਚੋਂ ਪ੍ਰਸਾਦੀ, ਤੌਣ ਵਿਚਹੁੰ ਮੁਠ ਆਟੇ ਦੀ ਗੁਰੂ ਕੇ ਅਰਥ ਦੇਵੇ, ਧਰਮਸਾਲੇ ਅਰਥੀ ਸਿਖ ਨੂੰ। ਗੁਰੂ ਕਾ ਬਚਨ ਹੈ। ਸਾਖ ਗ੍ਰੰਥ ਸਾਹਿਬ ਜੀ ਦੀ, "*ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ ॥*" [1]

ਗੁਰੂ ਕੀ ਸਿਖਣੀ ਸੁਚੇਤ ਰਹੈ। ਸਰੀਰ ਦੀ ਕ੍ਰਿਆ ਪਵਿਤ੍ਰ ਰਖੇ। ਸੌਚ ਜਲ ਮ੍ਰਿਤਕਾ [2] (ਨਾਲ) ਕਰਕੇ ਚੌਂਕੇ ਵਿਚ ਜਾਇ।

ਆਟਾ ਗੁੰਨ੍ਹਦੀ, ਪ੍ਰਸਾਦਿ ਪਕਾਂਵਦੀ ਗੱਲਾਂ ਨਾ ਕਰੈ, ਜੁ ਪ੍ਰਸਾਦਿ ਤੇ ਥੁੱਕਾਂ ਪਉਂਦੀਆਂ ਹੈਨਿ।

ਗੁਰੂ ਕੀ ਸਿਖਣੀ ਪ੍ਰਸਾਦਿ ਕਰਦੀ ਨੱਕ ਸੁਨਕੇ ਯਾ ਪਿੰਡਾ ਖੁਰਕੇ, ਹਥ ਧੋਇ ਲਏ। ਬਾਲਕਾ ਬਾਲਕੀ ਨਿਦਾਨ[3] ਚੌਂਕੇ ਵਿਚ ਨਾ ਲੈ ਬੈਠੇ। ਪ੍ਰਸਾਦਿ ਤੋੜੀਂ ਨੈਦਾਨ ਦੀ ਸ਼ੰਕਾ ਰਖੇ।

ਗੁਰੂ ਕੀ ਸਿਖਣੀ ਪੰਜੀਂ ਮੇਲੀਂ ਸਿਆਪੇ ਨਾ ਜਾਏ। ਭਾਜੀ ਭੀ ਲੇਵੈ-ਦੇਵੇ ਨਾਹੀਂ।

ਆਪਣੇ ਘਰਿ ਸੁਆਰਥ ਹੋਵੇ, ਤਾਂ ਭਾਜੀ ਧਰਮਸਾਲੇ ਦੇਵੇ।

ਠੱਠਾ ਮਸ਼ਕਰੀ ਸਿੱਠਣੀਆਂ ਨਾ ਦੇਵੇ। ਗਾਵੈ, ਤਾਂ ਸੁਭ ਗੀਤ, ਘੋੜੀਆਂ, ਸੁਹਾਗ ਗਾਏ। ਗੰਦੇ ਬੋਲ ਨ ਆਖੇ।

ਗੁਰੂ ਕੀ ਸਿਖਣੀ ਇਸਨਾਨ ਅਥਵਾ ਪੰਜ-ਇਸ਼ਨਾਨੀ ਕਰਕੇ ਗੁਰਮੰਤ੍ਰ ਪੜ੍ਹੇ, ਗੋਰ ਮੜ੍ਹੀ ਨਾ ਮੰਨੇ, ਦਇਆ (ਦਿਤਾ) ਗੁਰੂ ਕਾ ਲਏ। ਗੁਰ ਬਿਨਾਂ, ਭਗਤਾਂ ਬਿਨ, ਸਤਿਸੰਗਤਿ ਬਿਨਾਂ ਹੋਰਥੇ ਨਾ ਜਾਇ।

ਪਤਿਬ੍ਰਤ ਧਰਮ ਰਖੇ, ਜੈਸੇ ਗ੍ਰੰਥ ਸਾਹਿਬ ਵਿਚ ਕਹਿਆ ਹੈ।

---

[1] ਗਉੜੀ ਗੁਆਰੇਰੀ, ਮਹਲਾ ੪, ਪੰਨਾ ੧੬੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਪ੍ਰੋ. ਪਿਆਰਾ ਸਿੰਘ 'ਪਦਮ' ਵੱਲੋਂ ਸੰਪਾਦਤ ਪੁਸਤਕ 'ਰਹਿਤਨਾਮੇ' ਵਿੱਚ "ਸਤਿਗੁਰੂ ਤ੍ਰਿਪਤੈ ਗੁਰੂ-ਸਿਖ ਮੁਖਿ ਪਾਇ" ਦਰਜ ਹੈ।

[2] ਮ੍ਰਿਤਿਕਾ, ਮਿੱਟੀ।

[3] ਨਾਦਾਨ, ਬੇਸਮਝ।

ਰਹਿਤਵਾਨ, ਬੁਧਿਮਾਨ, ਸੀਲਮਾਨ, ਮਿਸ਼ਟ-ਬੈਨੀ[੪], ਲਾਜ-ਚੱਛਾ, ਦਯਾਵਾਨ, ਏਹੁ ਉਪਦੇਸ਼ ਗੁਰੂ ਕੇ ਸਿਖ ਅਤੇ ਸਿਖਣੀ ਨੂੰ ਹੈਨਿ । ਏਹੁ ਮਾਨਸੁ ਦਾ ਜਨਮ ਹਥ ਲਗਾ ਹੈ, ਸੋ ਦੁਰਲਭ ਹੈ । ਇਸ ਕਉ ਬਿਰਥਾ ਨਾ ਗਵਾਏ ।[੫] ਸਾਖ ਗ੍ਰੰਥ ਸਾਹਿਬ ਜੀ ਦੀ, "*ਗੁਰ ਸੇਵਾ ਤੇ ਭਗਤਿ ਕਮਾਈ ॥ ਤਬ ਇਹ ਮਾਨਸ ਦੇਹੀ ਪਾਈ ॥ ਇਸ ਦੇਹੀ ਕਉ ਸਿਮਰਹਿ ਦੇਵ ॥ ਸੋ ਦੇਹੀ ਭਜੁ ਹਰਿ ਕੀ ਸੇਵ ॥*"[੬]

ਸਰਬਤ ਵਿਚ ਵਾਹਗੁਰੂ ਹੈ । ਸਰਬਤ ਜੋੜ-ਮੇਲ ਸਿਖਾਂ ਦਾ ਦੀਦਾਰ, ਗੁਰੂ ਕਾ ਦੀਦਾਰ ਹੈ । ਗੁਰੂ ਕਾ ਬਚਨ ਹੈ - ਸਰਬਤ ਵਿਚ ਮੈਂ ਹਾਂ । ਸੋ ਸਰਬਤ ਸਿਖ ਸੰਗਤਿ ਵਿਚ ਗੁਰਦੇਵ ਜਾਨਣਾ । ਸਿਖੀ ਰੱਖਣੀ ਅਤੇ ਰਹਿਤ ਕਮਾਵਣੀ ।

[੭] ਏਕ ਸਮੇਂ ਪੂਰਨ ਪੁਰਖ ਬਚਨ ਕੀਤਾ ਹੈ ਸੀ, ਜੋ ਸੌ ਬਰਸ ਨੂੰ ਮੇਰਾ ਪੰਥ ਜੁਆਨ ਹੋਸੀ । ਸੋ ਜੁਆਨੀ ਕਾ ਵਾਧਾ ਪਵੈਗਾ ਅਤੇ ਪਰਪਕ ਹੋਵੇਗਾ । ਪਰ ਜੋ ਵਿਕਾਰ ਹੈਨਿ, ਸੋ ਜੁਆਨੀ ਵਿਚ ਹੈਨਿ । ਸੋ ਵਿਕਾਰ ਕਿਆ ? ਸਭ ਜਾਤਿ- ਵਰਨ ਪੰਥ ਵਿਚ ਧਸ ਜਾਣਗੇ, ਮਲੇਛਾਂ ਥੀਂ ਆਦਿ ਲੈ ਕੇ ਮੰਦੇ ਚੰਗੇ ਪੰਥ ਵਿਚ ਧਸ ਜਾਣਗੇ । ਸੋ ਮੰਦਿਆਂ ਪਾਸੋਂ ਮੰਦੇ ਕਰਮ ਹੋਸਣ । ਦੇਖਣੇ ਨੂੰ ਸਿਖ ਅਤੇ ਕਰਮ ਚੋਰਾਂ ਠੱਗਾਂ ਦੇ ਅਤੇ ਮਲੇਛਾਂ ਦੇ । ਦੇਖਣ ਨੂੰ ਸਿਖ, ਕਰਮ ਸਾਕਤਾਂ ਦੇ, ਪੰਜਾਂ ਮੇਲਾਂ ਦੀ ਵਰਤਨ ਕਰਨ ਵਾਲੇ, ਪੰਜ-ਪੀਰੀਏ, ਵਿਸ਼ਵਾਸ਼ਘਾਤੀ, ਅਕ੍ਰਿਤਘਨ, ਜ਼ਨਾਹੀ, ਨਿੰਦਕ, ਦੁਸ਼ਟ, ਹਤਿਆਰੇ, ਧਾੜਵੀ, ਨਿਗੁਰੇ, ਮੰਦਵਾਕੀਏ, ਐਸੇ ਵੇਖਣ ਨੂੰ ਸਿਖ ਗਿਆਨੀ ਬੁਧਿਮਾਨ । ਰਉਲਾ ਪੈ ਜਾਸੀ । ਜੁਆਨੀ ਵਿਕਾਰਾਂ ਦਾ ਮੂਲ ਹੈ । ਸਿਖ ਗੁਰੂ ਕੇ ਪ੍ਰੀਤਿਵਾਨ ਭੀ ਹੋਸਨ । ਰੌਲਾ-ਗਉਲਾ ਪਉਸੀ । ਸਾਖ ਗ੍ਰੰਥ ਸਾਹਿਬ ਜੀ ਦੀ, "*ਹੈਨਿ ਵਿਰਲੇ, ਨਾਹੀ ਘਣੇ, ਫੈਲ ਫਕੜੁ ਸੰਸਾਰੁ ॥*"[੮]

ਗੁਰੂ ਕੇ ਸਿਖ ਜੋ ਉਸ ਸਮੇਂ ਵਿਚ ਹੋਸਨ, ਸੋ ਵਿਚਾਰ ਰਹਿਤ ਦੇ ਨਾਲ ਵਰਤਣਗੇ । ਜੇ ਕੋਈ ਮਲੇਛ ਕਿ ਸੁਪਚ ਭੇਖ ਸਿਖੀ ਦਾ ਰਖ ਕੇ, ਦੂਰੋਂ ਨੇੜੇ ਆ ਜਾਣ ਜਾਗ੍ਹਾ ਸਿਖਾਂ ਨਾਲ ਵਰਤ ਆਵੈ । ਤਿਸ ਨੂੰ ਸਹੀ ਹੋਵੇ, ਤਾਂ ਪਹਿਲੇ ਉਸ ਦੇ ਸਿਰੋਂ ਬਿਰਦ ਦਾ ਦੂਰ ਕਰਨਾ ਫੇਰ ਮ੍ਰਿਤੂ ਨੂੰ ਪਹੁੰਚਾਵਨਾ ।

---

[੪] ਮਿੱਠ-ਬੋਲੀ, ਮਿੱਠ-ਬੋਲਾ ।

[੫] "*ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ ॥*" (ਗਉੜੀ ਮਹਲਾ ੯, ਪੰਨਾ ੨੧੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ।

[੬] ਭੈਰਉ, ਕਬੀਰ ਜੀ, ਪੰਨਾ ੧੧੫੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੭] ਇਸ ਤੋਂ ਅਗਲੀ ਲਿੱਖਤ ਦਾ ਜ਼ਿਆਦਾਤਰ ਭਾਗ 'ਰਹਿਤਨਾਮਾ ਭਾਈ ਚਉਪਾ ਸਿੰਘ' ਦੀ ਅਸਲ ਲਿੱਖਤ ਦਾ ਹਿੱਸਾ ਨਹੀਂ ਜਾਪਦਾ । ਇਹ ਕਿਸੇ ਨੇ ਬਾਅਦ ਵਿੱਚ ਸ਼ਾਮਿਲ ਕਰ ਦਿੱਤਾ ਹੈ । ਇਸ ਲਈ, ਵਿਵਾਦਿਤ ਪੰਕਤੀਆਂ ਨੂੰ ਗ਼ੈਰ-ਜ਼ਰੂਰੀ ਸਮਝ ਕੇ ਟਿੱਪਣੀਆਂ ਨਹੀਂ ਕੀਤੀਆਂ ਗਈਆਂ ।

[੮] ਸਲੋਕ ੧੨, ਸਲੋਕ ਵਾਰਾਂ ਤੇ ਵਧੀਕ, ਮਹਲਾ ੧, ਪੰਨਾ ੧੪੧੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਪੂਰਨ ਪੁਰਖ ਪੰਥ ਜੁਦਾ ਕੀਤਾ ਹੈ ਪਾਤਿਸ਼ਾਹੀ ੧੦, "*ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥ ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸਟ ਦੋਖਿਯਨਿ ਪਕਰਿ ਪਛਾਰੋ ॥*"[੯] ਸੋ ਏਹੁ ਪੂਰਨ ਪੁਰਖ ਦਾ ਪੰਥ ਹੈ । ਕੁਬੁਧੀਏ ਨੂੰ ਸਜ਼ਾਇ ਦੇਣੀ ।[੧੦]

ਚਾਰੇ ਬਰਨ ਗੁਰੂ ਕੇ ਸਿਖ ਹੈਨਿ । ਸਿਖੀ ਦਾ ਸਾਕ, ਰਹਿਤ ਕੁਰਹਿਤ ਸਰਬਤ ਸਾਂਝੀ ਇਕੋ ਜੇਹੀ । ਅਤੇ ਬਰਨ ਆਪਣੇ ਆਪਣੇ ਦੀ ਵਰਤਣ । ਇਕ ਸਮੇਂ, ਸੰਮਤ ੧੭੫੯ ਮੇਲਾ ਵਿਸਾਖੀ ਦਾ ਹੋਇ ਬੀਤਿਆ, ਬਚਨ ਹੋਇਆ ਨਕੀਬ ਨੂੰ, 'ਆਵਾਜ਼ ਕਰ ਸੰਗਤਾਂ ਘਰਾਂ ਨੂੰ ਟੁਰ ਜਾਣ ।' ਸੋ ਨਕੀਬ ਨੇ ਉਚੇ ਚੜ੍ਹ ਕੇ ਬੋਲਿਆ, 'ਬਚਨ ਹੈ ਸਤਿਗੁਰੂ ਜੀ ਦਾ ਜੁ ਸੰਗਤਾਂ ਘਰੋ ਘਰੀਂ ਟੁਰ ਜਾਣ ।'

ਸੋ ਬਚਨ ਸੁਣ ਕੇ ਸਰਬਤ ਸੰਗਤਾਂ ਟੁਰ ਗਈਆਂ । ਨਕੀਬ ਨੇ ਖ਼ਬਰ ਲਈ ਸੰਗਤ ਸਾਰੀ ਟੁਰ ਗਈ । ਇਕ ਰਾਇ ਸਿੰਘ ਹੀ ਰਹਿਆ । ਸੰਗਤਿ ਵਿਚੋਂ ਤਿਸਨੂੰ ਬਚਨ ਹੋਆ, 'ਸਿਖਾ, ਜੇ ਸਿਖੀ ਰੱਖਣੀ ਹੈ, ਤਾਂ ਘਰਿ ਜਾਹੁ।' ਤਿਨ ਕਹਿਆ ਜੀ, 'ਸੱਚੇ ਪਾਤਸ਼ਾਹ, ਮੈਂ ਘਰ ਦੀ ਸਾਰੀ ਆਸਾਂ ਚੁਕਾਇ ਕੇ ਆਇ ਰਹਿਆ ਹਾਂ । ਘਰਿ ਕੀਕੂੰ ਸਿਖੀ ਰਹਿਣੀ ਹੈ?' ਬਚਨ ਹੋਆ, 'ਤੇਰੀ ਸਿਖੀ ਘਰਿ ਹੀ ਰਹਿਸੀ । ਇਥੇ ਨਾ ਰਹਿਸੀ । ਤੂੰ ਹੈਂ ਪੜ੍ਹਿਆ ਹੋਯਾ ਫ਼ਾਰਸੀ, ਅਤੇ ਅਸਾਂ ਕਰਨੇ ਹਨ ਜੁੱਧ, ਲੋਕਾਂ ਦੇ ਸਲਾਹ ਤੇ ਮਨਸੂਬੇ, ਅਸਾਡਾ ਰਉਲਾ । ਤੁਧੁ ਰਉਲਾ ਦੇਖ ਕੈ ਆਖਣਾ ਹੈ ਤਤਵੀਜ਼ਾਂ ਕਰਕੇ, ਜੁ ਏਹੁ ਕੰਮੁ ਨਹੀਂ ਸੀ ਕਰਨਾ, ਇਥੋਂ ਸਾਹਿਬ ਚੁਕ ਗਏ ਹੈਨਿ । ਤੁਧੁ ਬੈਠੇ, ਸੁਣਿ ਵੀਚਾਰਾਂ ਕਰਨੀਆਂ ਹੈਨਿ, ਦੇਖ ਦੇਖ ਕੇ ਗਣਤੀਆਂ। ਅਸਾਂ ਪਾਵਣਾ ਹੈ ਰਉਲਾ । ਜਾਂ ਰਉਲਾ ਪੰਥ ਵਿਚ ਪਾਇਆ, ਤਾਂ ਜੁਧ ਹੋਇ, ਜੇ ਰਉਲਾ ਨਾ ਪਾਈਏ, ਤਾਂ ਹੁਣੇ ਸਿਖ ਘਰਾਂ ਨੂੰ ਤੁਰ ਜਾਣਗੇ ਧੀਆਂ ਪੁਤਰ ਮਾਲ-ਧਨ ਦਾ ਮੋਹੁ ਉਪਜਿ ਖਲੋਵੇਗਾ । ਹੁਣ ਰਉਲੇ ਕਰਕੇ ਮੋਹ ਨਹੀਂ ।'

ਤਾਂ ਉਸ ਨੂੰ ਤੋਰ ਛਡਿਆ । ਏਹੁ ਪੁਰਖੁ ਦਾ ਰਉਲਾ ਹੈ ।

ਤਿਸ ਸਮੇਂ ਮਾਮੇ ਕ੍ਰਿਪਾਲ ਸਿੰਘ ਅਤੇ ਦੀਵਾਨ ਸਾਹਿਬ ਚੰਦ ਅਤੇ ਧਰਮਚੰਦ ਖ਼ਜ਼ਾਨਚੀ, ਅਤੇ ਕਉਰ ਸਿੰਘ ਚੰਦ੍ਰਾ, ਦਰਬਾਰੀ ਅਤੇ ਘਰਬਾਰੀ ਮੱਲ ਭਾਈ ਛਉਨ ਸਿੰਘ ਹੋਰ ਸਿਖ ਸਭਨਾਂ ਰਲ ਕੇ ਅਰਦਾਸਿ ਕੀਤੀ, 'ਜੀ ਸਚੇ ਪਾਤਸ਼ਾਹ, ਬਚਨ ਹੋਆ ਹੈ ਜੀ 'ਮੇਰੇ ਰਉਲਾ' । ਗ਼ਰੀਬ ਨਿਵਾਜ਼, ਰਉਲੇ ਵਿਚ ਬੁਧਿ ਨਾ ਰਹੇਗੀ, ਬੁਧਿ ਚਲਿ ਜਾਇਗੀ । ਬੁਧਿ ਗਈ, ਸਿਖੀ ਕੀਕੂੰ ਰਹਿਣੀ ਹੈ, ਜਾਂ ਸਿਖੀ ਗਈ, ਤਾਂ ਨਰਕ ਦਾ ਅਧਿਕਾਰੀ ਹੋਆ ।'

---

[੯] 'ਅਪੁਨੀ ਕਥਾ', ਬਚਿਤ੍ਰ ਨਾਟਕ, ਛੰਦ ੪੨, ਖਸ਼ਟਮੋ ਧਿਆਇ, ਪੰਨਾ ੫੭, ਸ੍ਰੀ ਦਸਮ ਗ੍ਰੰਥ ਸਾਹਿਬ । ਪ੍ਰੋ. ਪਿਆਰਾ ਸਿੰਘ 'ਪਦਮ' ਵਾਲੇ ਸੰਸਕਰਣ ਵਿੱਚ "*ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸਟ ਦੋਖਿਯਨਿ ਪਕਰਿ ਪਛਾਰੋ ॥*" ਦੀ ਜਗ੍ਹਾ "*ਜਾਹਿ ਤਹਾਂ ਤੈ ਧਰਮੁ ਚਲਾਇ ॥ ਕਬੁਧਿ ਕਰਨ ਤੇ ਲੋਕ ਹਟਾਇ ॥*" ਪਾਠ ਦਰਜ ਹੈ, ਜੋ ਕਿ ਇਸੇ ਬਾਣੀ ਵਿੱਚੋਂ ਹੀ ਹੈ, ਪਰ ੨੯ਵੇਂ ਛੰਦ ਵਿੱਚ ਦਰਜ ਹੈ ।

[੧੦] "*ਖ਼ਾਲਸਾ ਸੋਇ ਦੁਸ਼ਟ ਕੋ ਗਾਲੈ ।*" ਤੇ "*ਖ਼ਾਲਸਾ ਸੋਇ ਦੁਸ਼ਟਿ ਕਉ ਮਾਰੈ ।*" (ਤਨਖਾਹਨਾਮਾ ਭਾਈ ਨੰਦ ਲਾਲ) ।

ਤਾਂ ਬਚਨ ਹੋਆ, "ਮਾਮਾ ਜੀ, ਸਿਖਾਂ ਮੁਰੀਦਾਂ ਦੀ ਬੁਧਿ ਨਾ ਚਲੇਗੀ। ਰਉਲੇ ਦੇ ਸਿਖ ਹੋਣਗੇ ਮਾਇਕੀ, ਪੰਥ ਵਿਚ ਕੱਚੇ-ਪਿੱਲੇ ਤਿਨ੍ਹਾਂ ਦੀ ਬੁਧਿ ਜਾਸੀ।"

ਸੋ ਐਸੇ ਭੀ ਸਿਖ ਪੰਥ ਵਿਚ ਹੋਸਨ, ਤਦ ਮਾਇਕੀ ਪੰਥ ਵਿਚ ਹੋਸਨ, ਹੁਣ ਭੀ ਕੋਈ ਕੋਈ ਹੈ।

ਦੀਵਾਨ ਸਾਹਿਬ ਚੰਦ ਅਤੇ ਛਉਨਾ ਸਿੰਘ ਅਰਦਾਸਿ ਕੀਤੀ, "ਜੀ ਸਚੇ ਪਾਤਿਸ਼ਾਹੁ, ਉਹ ਰਉਲੇ ਦੇ ਸਿਖ ਪੰਥ ਵਿਚ ਪੈਦੇ ਹੋਸਨ ? ਉਹ ਭੀ ਛਿੰਨਵੈ ਦੀ ਪੁਰੀ ਵਿਚ ਹੋਸਨ ?"

ਬਚਨ ਹੋਆ, "ਦੀਵਾਨ ਜੀ, ਛਿੰਨਵਿਆਂ ਵਿਚਹੁ ਜੋ ਹੈਨ, ਸੋ ਹੁਣ ਅਸਾਡੇ ਨਾਲ ਹੈਨਿ ਅਤੇ ਪਿਛੋਂ ਭੀ ਪੰਥ ਵਿਚ ਹੋਸਨ, ਅਗੇ ਭੀ ਪੰਥ ਵਿਚ ਹੋਸਨ। ਅਤੇ ਕੁਛ ਨਵਾਂ ਮਹਲਾਂ ਨੂੰ ਮਿਲ ਕੇ ਮੁਕਤ ਹੋਇ ਗਏ ਹੈਨਿ। ਸੋ ਬਹੁਤ। ਉਨ੍ਹਾਂ ਆਪ ਲਖਾਇਆ ਨਹੀਂ। ਅਤੇ ਕੁਝ ਸੰਸਾਰ ਵਿਚ ਭੀ ਹੈਨਿ ਅਤੇ ਕੁਝ ਥੋੜੇ, ਮਾਇਕੀ ਵਿਚ ਵੀ ਹੋਸਨ। ਅਤੇ ਜੋ ਰਉਲੇ ਦੇ ਸਿਖ ਹੋਸਨ, ਸੋ ਦੈਂਤ ਸਿਖਾਂ ਦੇ ਘਰੀਂ ਆਇ ਜਨਮ ਲੈਣਗੇ। ਅਤੇ ਦੈਂਤ ਸਿਖ ਬਣ ਕੇ ਪੰਥ ਵਿਚ ਵੜਿ ਜਾਣਗੇ।"

ਸੋ ਜਾਣੀਦਾ ਹੈ ਜੈਸੇ ਖਤ੍ਰੀਆਂ ਦੀ ਕੁਲ ਵਿਚ ਤ੍ਰੇਤੇ ਜੁਗ ਦੈਂਤ ਆਇ ਜਨਮੇ ਸੇ ਅਤੇ ਪਰਸਰਾਮ[੧੧] ਮਾਰੇ ਖਤ੍ਰੀ। ਕਿਉਂ ਮਾਰਨੇ ਸੇ ? ਕੋਈ ਸੇਵਕਾਂ ਨੂੰ ਭੀ ਮਾਰਦਾ ਹੈ ? ਖਤ੍ਰੀ ਬ੍ਰਾਹਮਣਾਂ ਦੇ ਸੇਵਕ ਹੈਸਨ। ਖਤ੍ਰੀ ਨਹੀਂ ਬਰੋਬਰੀ ਬ੍ਰਾਹਮਣਾਂ ਦੀ ਕਰਦੇ। ਦੈਂਤ-ਬੀਜ ਸਹੰਸ੍ਰਬਾਹੂ[੧੨] ਹੋਆ, ਸੋ ਖਤ੍ਰੀਆਂ ਦੇ ਘਰਿ, ਤਿਸ ਵਿਗਾੜੀ।

ਸੋਈ ਦੈਂਤ ਯਾਦਵ ਕੁਲ ਵਿਖੇ ਆਏ। ਕੋਈ ਸੇਵਕ ਵੀ ਗੁਰਾਂ ਨਾਲ ਮਸ਼ਕਰੀ ਕਰਦਾ ਹੈ ? ਉਹ ਬਾਲਕੇ ਯਾਦਵਾਂ ਦੇ ਦੈਂਤ ਜਨਮੇ ਸੇ। ਸੋ ਕ੍ਰਿਸ਼ਨ ਜੀ ਯਾਦਵ ਦੇ ਪਾਸਹੁ ਸ੍ਰਾਪ ਦਿਵਾਇਆ ਅਤੇ ਖਟਾਏ। ਜੇ ਸਿਖੋ, ਕਿਸੇ ਦਾ ਰਾਜ ਹੋਂਦਾ ਹੈ, ਤਿਸ ਦੇ ਰਾਜ ਵਿਚ ਦੈਂਤ ਵੜ ਜਾਂਦੇ ਹੈਨਿ। ਸੋ ਰਉਲੇ ਦੇ ਦੈਂਤ-ਬੁਧਿ ਸਿਖ ਮਾਇਕੀ ਪੰਥ ਵਿਚ ਰਲ ਜਾਣਗੇ। ਸੇਵਾ, ਭਗਤਿ ਭਾਉ, ਟਹਿਲ, ਭਜਨ, ਦਯਾ, ਰਹਿਤ, ਸ਼ਬਦ ਜੋ ਭਲੇ

---

[੧੧] ਪਰਸ਼ੂਰਾਮ। ਇਸ ਦੀ ਗਿਣਤੀ ਵਿਸ਼ਨੂੰ ਦੇ ੧੦ ਅਵਤਾਰਾਂ ਵਿੱਚ ਹੁੰਦੀ ਹੈ। "*ਗਾਵੈ ਜਮਦਗਨਿ ਪਰਸਰਾਮੇਸੁਰ ਕਰ ਕੁਠਾਰੁ ਰਘੁ ਤੇਜੁ ਹਰਿਓ ॥*" (ਭਟ ਕਲ ਜੀ, ਪੰਨਾ ੧੩੮੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)। "*ਪਰਸ ਰਾਮੁ ਰੋਵੈ ਘਰਿ ਆਇਆ ॥*" (ਸਲੋਕੁ, ਮਹਲਾ ੧, ਵਾਰ ਆਸਾ ਪੰਨਾ ੯੫੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)। ਸ੍ਰੀ ਦਸਮ ਗ੍ਰੰਥ ਸਾਹਿਬ ਵਿੱਚ 'ਚਉਬੀਸ ਅਵਤਾਰ' ਵਿੱਚ ਪਰਸਰਾਮ ਦੀ ਕਥਾ ਦਿੱਤੀ ਹੈ। ਦੇਖੋ, ਪੰਨਾ ੧੬੯, ਸ੍ਰੀ ਦਸਮ ਗ੍ਰੰਥ ਸਾਹਿਬ ਜੀ।

[੧੨] ਕਾਰਤਵੀਰਯ ਸਹਸ੍ਰਬਾਹੂ। ਇਸ ਨੇ ਪਰਸ਼ੂਰਾਮ ਦੇ ਪਿਤਾ ਜਮਦਗਨੀ ਨੂੰ ਮਾਰ ਦਿੱਤਾ ਸੀ। ਜ਼ਾਲਿਮ ਸਹਸ੍ਰਬਾਹੂ ਨੂੰ ਪਰਸ਼ੂਰਾਮ ਨੇ ਮਾਰ ਮੁਕਾਇਆ। ਪਰਸ਼ੂਰਾਮ ਨੇ ਇੱਥੇ ਹੀ ਬੱਸ ਨਹੀਂ ਕੀਤੀ। ਪੌਰਾਣਿਕ ਕਥਾਵਾਂ ਅਨੁਸਾਰ ਉਸ ਨੇ ਇੱਕੀ ਵਾਰ ਖਤਰੀਆਂ ਦਾ ਕਤਲੇਆਮ ਕੀਤਾ। ਅਖ਼ੀਰ ਪਰਸ਼ੂਰਾਮ ਦਾ ਹਿਰਦਾ ਤੱਪਣ ਲੱਗਾ ਤੇ ਉਹ ਪਹਾੜਾਂ ਵੱਲ ਚਲਾ ਗਿਆ। ਇਹ ਵੀ ਕਿਹਾ ਜਾਂਦਾ ਹੈ ਕਿ ਰਿਸ਼ੀ ਵਸ਼ਿਸ਼ਠ ਦੇ ਵੰਸ਼ਜਾਂ ਨੇ ਉਸ ਨੂੰ ਖਤਰੀਆਂ ਦਾ ਕਤਲੇਆਮ ਬੰਦ ਕਰਨ ਲਈ ਮਨਾਇਆ।

ਕਰਮ ਹੈਨਿ, ਸੋ ਦੂਰ ਹੋ ਜਾਸਨਿ । ਉਹ ਆਪਣੇ ਸੁਭਾਉ ਅਧੀਨ ਦੈਂਤ-ਕਰਮ ਕਰਸਨ, ਕਿਆ ਰਾਜਾ ਕਿਆ ਰੰਕ ।

ਏਕ ਸਮੇਂ ਧਰਮਚੰਦ ਬ੍ਰਾਹਮਣ ਖ਼ਜ਼ਾਨਚੀ ਗੁਰਾਂ ਕਾ, ਤਿਸ ਨੇ ਬੇਨਤੀ ਕੀਤੀ, "ਸਚੇ ਪਾਤਿਸ਼ਾਹ, ਹਮਾਰਾ ਹਾਲ ਕਿਸ ਤਰ੍ਹਾਂ ਹੋਸੀ ? ਅਸੀਂ ਗੁਰੂ ਕੀ ਅੰਸ਼ ਖਾਂਦੇ ਹਾਂ । ਅੰਸੁ ਭਾਰੀ ਦਾਨ ਹੈ । ਅਸੀਂ ਕੀਕੂੰ ਕਰੀਐ ?"

ਬਚਨ ਹੋਆ, "ਧਰਮਚੰਦਾ, ਤੁਸਾਡੇ ਵੱਡੇ ਭੀ ਗੁਰੂ ਕੇ ਘਰਿ ਹੋਇ ਅਤੇ ਰਹੇ ਹਨ ਅਤੇ ਪਿਉ ਤੇਰਾ ਦਰਗਾਹ ਮੱਲ, ਸੱਤਵੀਂ ਪਾਤਸ਼ਾਹੀ ਦੇ ਕੰਮ ਆਇਆ ਸੀ, ਦੀਵਾਨੀ ਕਰਦਾ, ਤੂੰ ਨਿਕਾ ਜੇਹਾ ਚਾਚਿਆਂ-ਤਾਇਆਂ ਪਾਸ ਰਹਿਓਂ । ਸੋ ਚਾਚੇ ਤਾਏ ਤੇਰੇ, ਦੀਵਾਨ ਹੈਸਨ । ਸੋ ਗੁਰੂ ਤੇਗ਼ ਬਹਾਦੁਰ ਜੀ ਦੇ ਨਾਲ ਨਿਭੇ । ਤੁਸੀਂ ਗੁਰੂ ਕੇ ਹੋ, ਤੁਸਾਂ ਕਿਥੈ ਜਾਣਾ ਹੈ । ਤੁਸਾਨੂੰ ਗੁਰੂ ਕੇ ਘਰ ਬਿਨਾਂ ਹੋਰ ਜਗਹ ਨਹੀਂ ਝੱਲਦੀ । ਪਾਣੀ ਮਣਤਾਰੂ ਨੂੰ ਡੋਬਦਾ ਹੈ, ਕੋਈ ਮੱਛੀਆਂ ਨੂੰ ਨਹੀਂ ਡੋਬਦਾ ।"

"ਮਸੰਦ ਫਿੱਟੇ, ਤਾਂ ਮਾਰੇ । ਤੁਸੀਂ ਘਰੇ ਹੀ ਜੰਮੇ, ਵੱਡੇ ਹੋਏ, ਪੱਲੇ । ਤੁਸੀਂ ਛਡਿ ਜਾਓ, ਤਾਂ ਨਰਕੇ ਪਓ । ਖਾਓ, ਪਹਿਰੋ, ਪੜਦਾ ਨਾ ਕੀਤਾ ਕਰੋ ।" ਤਾਂ ਧਰਮਚੰਦ ਮੱਥਾ ਟੇਕਿਆ, ਤਾਂ ਚਉਪਾ ਸਿੰਘ ਚਰਨਾਂ ਪਾਸਿ ਖੜੋਤਾ ਸੀ ।

ਬਚਨ ਹੋਆ, "ਚਉਪਾ ਸਿੰਘ, ਕਾਗਦ ਲੈ ਆਉ ।" ਮੈਂ ਕਾਗਦ ਲੈ ਆਇਆ, ਸਹੀ ਪਾਇ ਮਿਲੀ, "ਧਰਮ ਚੰਦ ਮੇਰਾ ਹੈ । ਧਰਮਚੰਦ ਨੋ ਮੰਨੇਗਾ, ਤਾਂ ਭਲਾ ਹੋਇਗਾ ।"

ਜੋ ਸਿਖ ਨੂੰ ਸਾਹਿਬ ਉਪਰਿ ਪ੍ਰਤੀਤ ਕਰਨੀ ਭਲੀ ਹੈ । ਜੋ ਅਚਲ-ਮਤੀ, ਅਹਿਰਨ-ਬੁੱਧੀ ਸਿਖ ਹੋਸਨ, ਸੋ ਨਾ ਭੁਲਣਗੇ । ਅਤੇ ਜੋ ਰਉਲੇ ਦੇ ਸਿਖ ਹੋਸਨ, ਸੋ ਸਰਬਤ ਵਿਕਾਰਾਂ ਸੰਜੁਗਤਿ ਹੋਸਨ । ਉਨ੍ਹਾਂ ਨੂੰ ਪਰਤੀਤਿ ਗੁਰੂ ਉਪਰਿ ਨ ਹੋਸੀ, ਜੋ ਪਾਪ ਹੈ, ਸੋ ਉਨ੍ਹਾਂ ਪਾਸੋਂ ਹੋਸੀ । ਇਕ ਰਾਜੇ ਹੋਸਨ, ਸੋ ਮਾਇਆ ਦੇ ਮਦ ਕਰਿ ਅੰਧੇ ਹੋਸਨ । ਸਾਖ ਗ੍ਰੰਥ ਸਾਹਿਬ ਜੀ ਦੀ, "*ਮਾਇਆਧਾਰੀ ਅਤਿ ਅੰਨਾ ਬੋਲਾ ॥ ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥*" [੧੩]

ਏਹ ਪਦਾਰਥਾਂ ਨਾਲ ਪਰਚੇ ਰਹਿਨਗੇ । ਸਾਖ, "*ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ ॥*" [੧੪] ਹੋਰੁ, "*ਨਾਨਕ ਨਦਰੀ ਬਾਹਰੇ, ਰਾਚਹਿ ਦਾਨ ਨ ਨਾਇ ॥*" [੧੫]

---

[੧੩] ਸਲੋਕ, ਮਹਲਾ ੩, ਗਉੜੀ ਕੀ ਵਾਰ, ਪੰਨਾ ੩੧੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੧੪] ਸਲੋਕ, ਮਹਲਾ ੨, ਵਾਰ ਮਾਝ ਕੀ, ਪੰਨਾ ੧੩੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੧੫] ਸਿਰੀਰਾਗੁ ਮਹਲਾ ੧, ਪੰਨਾ ੧੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਜੋ ਰਉਲੇ ਦੇ ਸਿਖ ਹੋਸਨ, ਸੋ ਦੇਣ ਵਾਲੇ ਨੂੰ ਤਾਂ ਨਾ ਪਛਾਨਣਗੇ । ਜੈਸੇ ਪਿਛਲਾ ਤਪੁ ਕਰਿਆ ਹੋਆ ਹੈ, ਤਿਸ ਦੇ ਅਨੁਸਾਰ ਫਲ ਭੋਗਣਗੇ ।

ਸਾਖ ਗ੍ਰੰਥ ਸਾਹਿਬ ਜੀ ਦੀ, "*ਦਾਨੰ ਪਰਾ ਪੂਰਬੇਣ ਭੁੰਚੰਤੇ ਮਹੀਪਤੇ ॥ ਬਿਪਰੀਤ ਬੁਧੰ ਮਾਰਤ ਲੋਕਹ ਨਾਨਕ ਚਿਰੰਕਾਲ ਦੁਖ ਭੋਗਤੇ ॥*" [੧੬]

ਅੰਤ ਨੂੰ ਨਰਕ ਭੋਗਣਗੇ । ਸੋ ਕੈਸੇ ਹੋਸਨ ? ਸਾਖ ਗ੍ਰੰਥ ਸਾਹਿਬ ਜੀ ਦੀ, "*ਖਾਇ ਖਾਇ ਕਰੇ ਬਦਫੈਲੀ ਜਾਣੁ ਵਿਸੂ ਕੀ ਵਾੜੀ ਜੀਉ ॥*" [੧੭]

ਅਤੇ ਰਾਜੇ ਕੈਸੇ, "*ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ ਬੈਠੇ ਸੁਤੇ ॥ ਚਾਕਰ ਨਹਦਾ ਪਾਇਨਿ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥*" [੧੮] ਜੈਸੇ ਰਾਜੇ, ਅਤੇ ਤੈਸੀ ਸੰਗਤਿ, ਐਸੇ ਹੋਸਨ ਤਾਂ ਨਰਕ ਵੀ ਭਰੀਐਗਾ । ਪਹਿਲੇ ਜਾਮੇ ਨਰਕ ਖਾਲੀ ਕੀਤਾ ਹੈ, ਅਤੇ ਦਸਮੇ ਜਾਮੇ ਭਰਨਾ ਹੈ ।

ਇਕ ਸਮੇਂ ਧਰਮਰਾਇ, ਗੁਪਤਿ ਹਜ਼ੂਰ ਆਇਆ ਸੀ, "ਜੀ ਸੱਚੇ ਪਾਤਸ਼ਾਹ, ਤੁਸਾਂ ਇਕਰਾਰ ਕੀਤਾ ਸੀ, "ਅਸੀਂ ਦਸਮੇਂ ਜਾਮੇ ਨਰਕ ਭਰ ਦੇਵਾਂਗੇ', ਸੁ ਹੁਣ ਨਰਕ ਭਰ ਦਿਓ ।"

ਬਚਨ ਹੋਆ, "ਤੁਸੀਂ ਚਲੋ, ਅਸੀਂ ਭਰ ਦੇਵਾਂਗੇ" ।

ਜਾਣੀਦਾ ਹੈ, ਪੰਥ ਦੇ ਚਾਰ ਭਾਗ ਇਸੇ ਵਾਸਤੇ ਕੀਤੇ ਹੈਨ । ਸੋ ਅਗੇ ਬੇਮੁਖ ਹੋਣਗੇ । ਜੈਸੇ ਰੂ-ਬ-ਰੂ ਪੂਰਨ ਪੁਰਖੁ ਇਹੁ ਰਾਮ ਸਿੰਘ ਮੇਵੜਾ ਬੇਮੁਖ ਹੋਇਆ । ਧਰਮਚੰਦ ਖ਼ਜ਼ਾਨਚੀ ਆਖ ਰਿਹਾ, ਨਾ ਮੰਨਿਆ । ਉਸ ਨੂੰ ਕੈਦ ਕਰਕੇ ਆਦਮੀ ਏਸ ਦੇ ਘਰੋਂ ਗੁੱਲੀਆਂ ਅਤੇ ਮੋਤੀ ਲੈ ਆਇਆ । ਸ਼ਰਮਿੰਦਾ ਹੋਇਆ, ਅਤੇ ਕੰਮੋਂ ਦੂਰ ਕੀਤਾ । ਜੇ ਗੁਰੂ ਜਾਣਦਾ, ਤਾਂ ਕਿਉਂ ਮੁਕਰਦਾ ? ਸੋ ਰਉਲੇ ਦਾ ਹੋਇਆ, ਸੋ ਹੁਣ ਜੇਹੜੇ ਰੂ-ਬ-ਰੂ ਮੁਕਰਦੇ ਹੈਨ, ਗੁਰੂ ਪਾਸਹੁੰ ਪਿਛੇ ਮਾਇਕੀ ਪੰਥ ਵਿਚ ਤਾਂ ਬਹੁਤ ਹੀ ਦੁਰਬੁਧੀ ਨੀਚ ਦੁਸਟ ਅਪਧਰਮੀ ਹੋਸਨ । ਜੋ ਹੁਣਿ ਨਸਿ ਨਸਿ ਜਾਂਦੇ ਹੈਨਿ, ਸੋ ਇਨ੍ਹਾਂ ਦੇ ਗਲਿ ਪਉਣਾ ਹੈ । ਜਦ ਇਨ੍ਹਾਂ ਨੂੰ ਰਾਜ ਪ੍ਰਾਪਤਿ ਹੋਇਆ, ਤਾਂ ਏਹੁ ਦੁਰਬੁਧੀ ਆਪਸ ਬੀਚ ਲੜ ਕਰਿ ਮਰਸਨ । ਇਹੁ ਤਾਂ ਬਚਨ ਹੈ, 'ਧਨੁ ਅਰੁ ਭੂਮਿ ਪੁਰਾਤਨ ਬੈਰਾ' ।

ਸੋ ਸਾਹਿਬ ਜੋ ਮਾਇਕੀ ਪੰਥ, ਕਾਲਕਾਦਾਸ ਨੂੰ ਆਖਿਆ ਹੈ, ਸੋ ਕੋਈ ਏਹੋ ਜੇਹਾ ਹੋਸੀ ।

---

[੧੬] ਸਲੋਕ ਸਹਸਕ੍ਰਿਤੀ, ਮਹਲਾ ੫, ਪੰਨਾ ੧੩੫੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੧੭] ਮਾਝ, ਮਹਲਾ ੫, ਪੰਨਾ ੧੦੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੧੮] ਸਲੋਕ, ਮਹਲਾ ੧, ਵਾਰ ਮਲਾਰ ਕੀ, ਪੰਨਾ ੧੨੮੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਅਤੇ ਦੀਦਾਰੀ - ਜੋ ਪੁੰਨ ਕਰਨੇ ਵਾਲੇ ਹੈਨ, ਸੋ ਆਪਣਾ ਜਨਮ ਸੁਧਾਰ ਜਾਸਨਿ। ਮੁਕਤਿ ਭੀ ਲੰਘ ਜਾਸਨਿ। ਸਾਖ ਗ੍ਰੰਥ ਸਾਹਿਬ ਜੀ ਦੀ, "*ਹਰਿ ਦਰਸਨ ਕੇ ਜਨ ਮੁਕਤਿ ਨ ਮਾਂਗਹਿ ਮਿਲਿ ਦਰਸਨ ਤ੍ਰਿਪਤਿ ਮਨ ਧੀਜੈ ॥*"[੧੯]

ਇਕ ਸਮੇਂ, ਡੱਲੇ ਬੈਰਾੜ ਸਾਹਿਬ ਪਾਸਹੁੰ ਪੁਛਿਆ, "ਜੀ ਸੱਚੇ ਪਾਤਿਸ਼ਾਹ", ਲੱਖੀ ਜੰਗਲ ਵਿਚ ੧੭੬੧ ਸੰਮਤ ਮਾਘੀ ਦੇ ਮੇਲੇ ਉਪਰਿ ਦਰਬਾਰ ਲਗਾ ਹੋਇਆ ਹੈਸੀ, ਦਾਸ ਚਉਪਾ ਸਿੰਘ ਪਾਸ ਖੜੋਤਾ ਸਾ, "ਏ ਸੱਚੇ ਪਾਤਿਸ਼ਾਹ, ਚਾਰ ਸਾਹਿਬਜ਼ਾਦੇ, ਚਾਰੇ ਦੇਵ ਲੋਕ ਨੂੰ ਟੋਰ ਛੱਡੇ, ਇਕ ਭੀ ਨਾ ਰਖਿਆ। ਇਹੁ ਪੰਥ ਕਿਸ ਦੇ ਆਸਰੇ ਠਹਿਰੇਗਾ। ਪੰਥ ਦਾ ਵਾਲੀ ਕਉਣ ਹੋਸੀ ? ਤੁਰਕਾਂ ਨਾਲ ਵੈਰ ਹੈ। ਤੁਰਕ ਪੰਥ ਨਾਲ ਅੜਨਗੇ, ਸੰਗਤਾਂ ਨੂੰ ਭੰਨਕੇ ਸਿੰਘ ਕੀਤੇ। ਸੰਗਤਾਂ ਨੂੰ ਹਥਿਆਰ ਪਕੜਾਏ, ਤੁਰਕ ਡਾਢੇ ਹੈਨਿ।"

ਤਾਂ ਬਚਨ ਹੋਇਆ, "ਡੱਲਿਆ, ਅਗੇ ਮੰਜੀ ਨਹੀਂ ਸੀ ਰੱਖਣੀ। ਦਸਾਂ ਜਾਮਿਆਂ ਦਾ ਬਚਨ ਸੀ। ਇਸੇ ਵਾਸਤੇ ਮਸੰਦ ਕਢਿ ਛੋਡੇ, ਪਿਛੇ ਅਸਾਡੇ ਮਤਾਂ ਆਪ ਗੁਰੂ ਬਣਿ ਬਹਿਣ।"

"ਗੁਰਿਆਈ ਸਰਬਤ ਖ਼ਾਲਸੇ ਦੀ, ਅਤੇ ਆਸਰਾ ਗੁਰੂ ਕੇ ਸ਼ਬਦ ਦਾ ਅਤੇ ਵਾਲੀ ਪੁਰਖੁ। ਅਤੇ ਚਿੜੀਆਂ ਪਾਸਹੁੰ ਬਾਜ਼ ਤੁੜਾਵਣੇ ਹੈਨਿ, ਬਲ ਭਗਵਤੀ ਦਾ ਹੋਸੀ। ਅਤੇ ਜ਼ੋਰ ਤੁਰਕਾਂ ਦਾ ਭੰਨ ਛਡਿਆ ਹੈ। ਇਕ ਬੰਦਾ ਭੇਜਾਂਗੇ, ਵੈਰ ਲੈ ਛੱਡਾਂਗੇ। ਅਤੇ ਤੁਰਕਾਂ ਨੂੰ ਆਪਣੇ ਦਾਉਣੋਂ ਲੁਹਾਵਾਂਗੇ। ਅਤੇ ਪੰਥ ਵਿਚ ਪੁਰਾਤਨ ਸਿੰਘ ਸ਼ਸਤ੍ਰਧਾਰੀ ਪੈਦੇ ਹੋਸਨ, ਸੋ ਜੁੱਧ ਰੱਖਣਗੇ।"

ਤਾਂ ਡੱਲੇ ਆਖਿਆ, "ਗ਼ਰੀਬ ਨਿਵਾਜ਼, ਉਹ ਬੰਦਾ ਕਦੋਂ ਪੈਦਾ ਹੋਸੀ ? ਅਤੇ ਕਉਣ ਹੋਸੀ ? ਅਤੇ ਉਹ ਖ਼ਾਲਸਾ ਕਦੋਂ ਪੈਦਾ ਹੋਸੀ ? ਅਤੇ ਉਹ ਖ਼ਾਲਸਾ ਕਿਹੜਾ ਹੋਸੀ, ਜਿਸਨੂੰ ਗੁਰਿਆਈ ਦਿੱਤੀ ਹੈ ?"

ਬਚਨ ਹੋਆ, "ਖ਼ਾਲਸਾ ਉਹ ਜੋ ਖ਼ਾਲਸ ਹੋਵੈ ਸੰਸਾਰ ਦੀ ਕਾਣੋਂ। ਜਿਸ ਨੇ ਗੁਰੂ ਨੂੰ ਜਾਤਾ ਹੈ। ਗੁਰੂ ਗੁਰੂ ਜਾਤਿ ਹੋਇ ਨਿਬੜੈ। ਸਰਬਤ ਵਿਚ ਗੁਰੂ। ਬੰਦਾ ਇਕ ਸਾਧ ਹੋਸੀ। ਅਸਾਡੇ ਅਸਵਾਰੇ ਕੀਤਿਆਂ ਨਉਂ ਦਿਨ ਅਤੇ ਨਉਂ ਮਹੀਨਿਓਂ ਪਾਛੇ ਪ੍ਰਗਟ ਹੋਸੀ।"

ਸੋ ਜਾਣੀਦਾ ਹੈ, ਸਾਹਿਬ ਪੂਰਨ ਪੁਰਖੁ ਜੀ ਸੰਮਤ ੧੭੬੩ ਵੈਸਾਖ ਦੇ ਮਹੀਨੇ ਇਕ ਅਤੀਤ ਸਾਧ ਬੈਰਾਗੀ[੨੦] ਨੂੰ ਮਿਲ ਕੇ, ਉਸ ਨਾਲ ਕੁਛ ਗੋਸ਼ੇ ਗੱਲਾਂ ਕੀਤੀਆਂ ਹੈਸਨ। ਅੱਗੇ ਉਸ ਦੀ ਉਹ ਜਾਣੈ। ਪਰ ਜਾਣੀਦਾ ਹੈ, ਜੋ ਪੰਥ ਵਿਚ ਬਲ ਦੇ ਕੇ ਉਸ ਨੂੰ ਖ਼ਬਰਦਾਰ ਕਰਨਗੇ। ਅਗੇ ਗੁਰੂ ਜਾਣੇ।

[੧੯] ਕਲਿਆਨ, ਮਹਲਾ ੪, ਪੰਨਾ ੧੩੨੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਸੋ, ਜੁੱਧ ਅਰੁ ਪੰਥ ਭੀ ਕ੍ਰੋਧ ਕਰ ਕੇ ਕੀਤਾ ਹੈਸੁ । ਅਤੇ ਕ੍ਰੋਧ ਬਿਨਾਂ ਸ਼ਸਤ੍ਰ ਭੀ ਨਹੀਂ ਪਕੜੀਦਾ । ਸੋ ਕ੍ਰੋਧ ਭੀ ਪੰਥ ਵਿਚ ਰਹੈਗਾ । ਗੁਰੂ ਕੇ ਸਿਖ ਸਿਖੀ ਲੈ ਨਿਭਣਗੇ । ਏਹੁ ਕੇਸ ਨਿਸ਼ਾਨੀ ਸਿਖੀ ਦੀ ਹੈਨਿ, ਮੋਹਰ ਗੁਰੂ ਕੀ ਹੈ । ਇਹੁ ਧਰਮ ਪੰਥ ਵਾਹਗੁਰੂ ਕੀਤਾ ਹੈ । ਦੀਦਾਰੀ, ਸਿਖੀ ਲੈ ਨਿਭੇ ਅਤੇ ਮੁਕਤੇ ਭੀ ਸਿਖੀ ਲੈਸਨ, ਪਰ ਮਾਇਕੀ ਰਾਜ ਕਰਸਨ । ਤਿਨ੍ਹਾਂ ਵਿਚੋਂ ਮੁਰੀਦ ਜੋ ਹੋਸਨ, ਸੋ ਸਿਖੀ ਲੈਸਨ । ਪਰ ਮੁਰੀਦ ਥੋੜ੍ਹੇ ਹੋਸਨ । ਤੀਰਥ ਦੀ ਆਊ ਤੋੜੀਂ ਪੰਥ ਕਾ ਰਾਜ ਚਲਸੀ । ਅਗੇ ਬਡਾ ਰਉਲਾ ਪੈ ਜਾਸੀ । ਪਰ ਮਾਇਕੀ ਪੰਥ ਵਿਚ ਭੀ ਐਸੇ ਮੁਰੀਦ ਹੋਸਨ, ਦੇਖਣ ਨੂੰ ਮੈਲੇ, ਕਿਰਤੀ, ਨਿਮਾਣੇ; ਤੇ ਅੰਦਰੋਂ ਭਗਤ। ਸਾਖ ਗ੍ਰੰਥ ਸਾਹਿਬ ਜੀ ਦੀ, "*ਜਿਨ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ ॥ ਤਿਨ ਨੇਹੁ ਲਗਾ ਰਬ ਸੇਤੀ ਦੇਖਨੇ ਵੀਚਾਰਿ ॥*" [੨੧]

ਸੋ ਤਿਤ ਸਮੇਂ ਭੀ ਤੁਰਕ ਦੁਖ ਦੇਣਗੇ, ਸਿਖਾਂ ਨੂੰ । ਸੋ ਸਿਖਾਂ ਦੇ ਸੀਸ ਦੇਣੇ ਕਰਕੇ, ਤੁਰਕਾਂ ਦਾ ਬਲ ਖੀਣ ਹੋਸੀ । ਇਕ ਤੁਰਕ ਐਸਾ ਹੋਵੈਗਾ, ਜੋ ਤੁਰਕਾਂ ਦੀਆਂ ਜੜ੍ਹਾਂ ਪੁੱਟ ਜਾਇਗਾ । ਪਿਛੋਂ ਇਕ ਮੁਰੀਦ ਐਸਾ ਹੋਸੀ, ਜਤੀ ਸਤੀ, ਸੱਤ ਬਰਸ ਤੇ ਤ੍ਰੈ ਮਹੀਨੇ ਰਹਸੀ । ਤਿਸ ਤੇ ਪਿਛੇ ਪੰਥ ਤਕੜਾ ਹੋਸੀ । ਸਾਹਿਬ ਬਚਨ ਮੂਜਬ ਦੇਵੀ ਦਾਸ ਪੰਡਿਤ ਨੇ ਬੀਚਾਰ ਕਰਕੈ, ਇਹੁ ਗੱਲ ਆਖੀ ਹੈ । ਅੱਗੇ ਗੁਰੂ ਜਾਣੈ ।

ਇਕ ਦਿਨ ਸਿੰਘ ਪੰਜ ਸੌ ਰੁਪਯਾ ਤਨਖਾਹ ਦਾ ਇਕੱਠਾ ਕਰ ਕੇ ਹਜ਼ੂਰਿ ਲੈ ਆਏ, "ਗ਼ਰੀਬ ਨਿਵਾਜ਼, ਧਰਮ ਚੰਦ ਨੂੰ ਬਚਨ ਕਰੋ, ਜੋ ਏਹੁ ਸਰਕਾਰੇ ਜਮ੍ਹਾ ਕਰੈ ।" ਬਚਨ ਹੋਆ, "ਕੇਹੇ ਰੁਪਯੇ ਹੈਨਿ ?" "ਜੀ ਗ਼ਰੀਬ ਨਿਵਾਜ਼, ਤਨਖਾਹ ਦੇ ਇਕੱਠੇ ਹੋਇ ਹੈਨਿ ।"

ਤਾਂ ਬਚਨ ਹੋਆ, "ਗ਼ਰੀਬਾਂ ਸਿਖਾਂ ਨੂੰ ਕਪੜੇ ਜੋੜੇ ਕਰਾ ਦੇਹੁ । ਪ੍ਰਸਾਦਿ ਕਰ ਦਿਓ ।"

ਸੋ ਸਾਹਿਬ ਪੂਰਨ ਪੁਰਖੁ ਆਪ ਗ਼ਰੀਬਾਂ ਦੀ ਗ਼ੌਰ ਕਰਦੇ ਹੈਨਿ । ਪੰਥ ਜਦ ਮਾਇਕੀ ਜੁਆਨੀ ਵਿਚ ਹੋਵੇਗਾ, ਤਾਂ ਸਭੇ ਗੱਲਾਂ ਰਹਿ ਜਾਸਨ । ਸਾਖ ਗ੍ਰੰਥ ਸਾਹਿਬ ਜੀ ਦੀ, "*ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥ ਏਨੀ ਠਗੀਂ ਜਗੁ ਠਗਿਆ ਕਿਸੈ ਨ ਰਖੀ ਲਜ ॥*" [੨੨]

ਸੋ ਇਹ ਪੰਜੇ, ਮਾਇਕੀ ਪੰਥ ਵਿਚ ਹੋਸਨ । ਸਾਖ ਗ੍ਰੰਥ ਸਾਹਿਬ ਜੀ ਦੀ, "*ਰਾਜ ਕਪਟੰ ਰੂਪ ਕਪਟੰ ਧਨ ਕਪਟੰ ਕੁਲ ਗਰਬਤਹ ॥ ਸੰਚੰਤਿ ਬਿਖਿਆ ਛਲੰ ਛਿਦ੍ਰੰ ਨਾਨਕ ਬਿਨੁ ਹਰਿ ਸੰਗਿ ਨ ਚਾਲਤੇ ॥*" [੨੩]

---

[੨੦] ਬਾਬਾ ਬੰਦਾ ਸਿੰਘ ਬਹਾਦੁਰ ਜੀ ਵੱਲ ਇਸ਼ਾਰਾ ਹੈ ।

[੨੧] ਸਲੋਕ, ਮਹਲਾ ੧, ਵਾਰ ਆਸਾ, ਪੰਨਾ ੪੭੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੨੨] ਸਲੋਕ, ਮਹਲਾ ੧, ਵਾਰ ਮਲਾਰ ਕੀ, ਪੰਨਾ ੧੨੮੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੨੩] ਸਲੋਕ, ਜੈਤਸਰੀ, ਮਹਲਾ ੫, ਵਾਰ, ਪੰਨਾ ੭੦੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਸੋ ਰਾਜ ਵਿਚ ਇਹੁ ਵਸਤੂ ਹੋਸਨਿ । ਸਾਖ ਗ੍ਰੰਥ ਸਾਹਿਬ ਜੀ ਦੀ, "*ਮਨ ਮੇਰੇ ਭੂਲੇ ਕਪਟੁ ਨ ਕੀਜੈ ॥ ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥*" [੨੪] ਬਚਨ ਹੋਆ ਹੈ ਪੰਥ ਨੂੰ । ਸੋ ਨਾਲੇ ਮਿਹਰ ਹੈ, ਨਾਲੇ ਕਹਿਰ ਹੈ । ਜੇ ਸਿਖੀ ਰਹੇਗੀ ਰਾਜ ਵਿਚ, ਤਾਂ ਮਿਹਰ, ਅਤੇ ਸਿਖੀ ਜਾਇ ਤਾਂ ਕਹਿਰ ਹੈ ।

ਸੋ ਰਾਜ ਵਿਚ ਸਿਖੀ ਰਹਿਣੀ ਕਠਿਨ ਹੈ। ਬੁਧਿ ਚਲ ਜਾਂਦੀ ਹੈ । ਰਾਜ ਦੇ ਉਪ੍ਰੰਤ ਨਰਕ ।[੨੫] ਜੋ ਗੁਰੂ ਕਾ ਸਿਖ ਅਥਵਾ ਸਿਖਣੀ ਜੋ ਸਾਬਤ ਰਹਿਸੀ ਰਾਜ ਵਿਚ ਉਦਾਰਤਾ, ਮਾਇਆ ਵਿਚ ਉਜਲਤਾਈ, ਗ਼ਰੀਬੀ ਵਿਚ ਜੁਗਤਿ । ਸਾਖ ਗ੍ਰੰਥ ਸਾਹਿਬ ਜੀ ਦੀ, "*ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥*"[੨੬]

ਇਕ ਦਿਨ ਧਰਮਚੰਦ ਖ਼ਜ਼ਾਨਚੀ ਅਤੇ ਕਉਰ ਸਿੰਘ ਚੰਦੂ, ਇਨ੍ਹਾਂ ਅਰਦਾਸਿ ਕੀਤੀ, "ਜੀ ਸੱਚੇ ਪਾਤਸ਼ਾਹ, ਤੇਰਾ ਬਚਨ ਹੈ ਜੋ ਸਰਬਤ ਵਿਚ ਮੈਂ ਹਾਂ, ਅਤੇ ਖ਼ਾਲਸਾ ਮੇਰਾ ਹੈ । ਮੇਰਾ ਗੁਰੂ ਖ਼ਾਲਸਾ ਹੈ ਅਤੇ ਬਚਨ ਕੀਤਾ ਹੈ, ਅਸਾਂ ਪਾਪਾਂ ਨੂੰ ਠਾਹਰ ਪੰਥ ਵਿਚ ਦਿਤੀ ਹੈ । ਵਾਸਤੇ ਪੰਥ ਦੇ ਤੁਰਕਾਂ ਦਾ ਬਲ ਤੋੜਿਆ ਹੈ, ਹੋਮ ਕੀਤਾ ਅਤੇ ਉਦਾਰ ਕੀਤਾ ਪੰਥ ਵਾਸਤੇ । ਸੋ ਗ਼ਰੀਬ ਨਿਵਾਜ਼, ਤੇਰੇ ਵਿਚ ਹੋਂਦਿਆਂ ਪਾਪ ਕਿਤ ਭਾਂਤਿ ਰਹਿਣ ?"

ਬਚਨ ਹੋਆ, "ਜਿਥੇ ਸਰਬਤ ਇਕੱਤ੍ਰ ਹੋਸੀ, ਤਿਥੈ ਹਉਂ ਹਾਂ । ਅਤੇ ਸਰਬਤ੍ਰ ਹੀ ਖ਼ਾਲਸਾ ਹੈ । ਇਕ ਕੋਈ ਨਹੀਂ ।"[੨੭]

ਜਿਥੇ ਧਰਮ ਦੇ ਵਾਸਤੇ ਸਿਖੀ ਦੇ ਅਥਵਾ ਪਰਉਪਕਾਰ ਵਾਸਤੇ ਤੁਰਕਾਂ ਨਾਲ ਜੁੱਧ ਕਰਨਗੇ, ਉਥੇ ਮੇਰਾ ਸਿਖਾਂ ਦੇ ਵਿਚ ਦੀਦਾਰ ਹੋਸੀ । ਜਿਥੇ ਸ਼ਬਦ ਪਾਠ ਚਰਚਾ, ਕੀਰਤਨ ਹੋਵੈ, ਸੋ ਮੇਰਾ ਰੂਪ ਜਾਣੋ । ਜੋ ਮੇਰੇ ਬਚਨਾਂ ਉਪਰਿ ਚਲਨਗੇ, ਸੋ ਖ਼ਾਲਸਾ । ਸੋ ਵੰਡਿ ਖਾਣਗੇ, ਸੋ ਮੇਰੀ ਦੇਹਿ । ਸੋ ਸਿਦਕਵਾਨ ਤੇ ਰਹਿਤਵਾਨ ਹੋਸਨ, ਸੋ ਮੇਰੇ ਹੋਸਨ, ਸੋ ਮੇਰੇ ਰੋਮ ਰੋਮ ਹੈਨਿ ਅਤੇ ਵਾਧਾ ਧਰਮ ਕਾ ਕਰਨਾ, ਮਲੇਛਾਂ ਦੇ ਨਾਸ ਵਾਸਤੇ । ਅਤੇ ਪਾਪਾਂ ਨੂੰ ਠਾਹਿਰ ਦਿਤੀ ਹੈ, ਨਰਕਾਂ ਨੂੰ ਭਰਨ ਵਾਸਤੇ ।"

ਇਹ ਬਚਨ ਸੁਣ ਕੇ ਮਾਮਾ ਕ੍ਰਿਪਾਲ ਸਿੰਘ ਅਤੇ ਹੋਰ ਸਿਖਾਂ ਨੇ ਆਪਣੇ ਡੇਰੇ ਵਿਚ ਆਇ ਵਿਚਾਰ ਕੀਤਾ, ਜੋ ਇਹੁ ਠਹਿਰੀ ਜੋ ਪੰਥ ਦੇ ਰਾਜ ਵਿਚ ਬਰਲ ਅਤੇ ਕ੍ਰੋਧ ਰਹਿਸੀ । ਅਤੇ ਬਰਲ ਤੇ ਕ੍ਰੋਧ ਰਹਾ ਅਤੇ ਬਰਲ ਵਿਚ

---

[੨੪] ਸੋਰਠਿ, ਕਬੀਰ ਜੀ, ਪੰਨਾ ੬੫੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੨੫] "*ਦਾਨੰ ਪਰਾ ਪੂਰਬੇਣ ਭੁੰਚੰਤੇ ਮਹੀਪਤੇ ॥ ਬਿਪਰੀਤ ਬੁਧੰ ਮਾਰਤ ਲੋਕਹ ਨਾਨਕ ਚਿਰੰਕਾਲ ਦੁਖ ਭੋਗਤੇ ॥ ੨੪ ॥*" (ਸਲੋਕ ਸਹਸਕ੍ਰਿਤੀ ਮਹਲਾ ੫ , ਪੰਨਾ ੧੩੫੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ।

[੨੬] ਤਿਲੰਗ, ਮਹਲਾ ੧, ਪੰਨਾ ੭੨੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੨੭] ਸਪਸ਼ਟ ਹੈ ਕਿ ਲਫ਼ਜ਼ 'ਖ਼ਾਲਸਾ' ਸਮੂਹ-ਵਾਚਕ ਸ਼ਬਦ ਹੈ, ਵਿਅਕਤੀਗਤ ਨਹੀਂ ।

ਉਦਿਆਨੀ ਉਪਦ੍ਰਵ ਹੋਂਦੇ ਹੈਨਿ । ਕ੍ਰੋਧ ਵਿਚ ਜੁੱਧ ਲੜਾਈਆਂ ਵੈਰ ਹੋਂਦਾ ਹੈ । ਸਾਖ ਗ੍ਰੰਥ ਜੀ ਕੀ, "*ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ ॥*"[੨੮] "*ਹਰਿ ਜੀਉ ਅਹੰਕਾਰੁ ਨ ਭਾਵਈ*"[੨੯]

ਜਾਂ ਮਾਮੇ ਜੀ ਸ਼ਬਦ ਦੀ ਸਾਖ ਸਾਥ ਬਚਨ ਕੀਤਾ, ਤਾਂ ਸਿਖ ਸੁਣਕੇ ਵਿਸਮਾਦ ਹੋ ਗਏ । ਸਾਖ ਗ੍ਰੰਥ ਸਾਹਿਬ ਜੀ ਦੀ, "*ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ ॥*"[੩੦]

ਸਮਾਂ ਪਾਇਕੇ ਮਾਮੇ ਕ੍ਰਿਪਾਲ ਸਿੰਘ ਅਰਦਾਸ ਕੀਤੀ, "ਜੀ ਸੱਚੇ ਪਾਤਿਸ਼ਾਹ, ਉਸ ਰਾਜ ਵਿਚ ਸਿੱਖਾਂ ਦੀ ਗਤਿ ਕਿਵੂੰ ਹੋਸੀ ?" ਬਚਨ ਹੋਆ, "ਮਾਮਾ ਜੀ, ਉਸ ਸਮੇਂ ਮੁਰੀਦ ਗੁਰੂ ਕੀ ਜਾਣੇ, ਸੋ ਵਿਰਲੇ ਥੋੜੇ ਭੀ ਹੋਸਨਿ ਜੋ ਸਭ ਕਿਛੁ ਦਾਤਿ ।" ਸੁ ਕੈਸੇ, ਸਾਖ ਗ੍ਰੰਥ ਸਾਹਿਬ ਜੀ ਦੀ, "*ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ*"[੩੧] ।

ਸੋ ਇਨ੍ਹਾਂ ਦੇ ਉਪਰਾਂਤ ਹੋਰ ਕੋਈ ਰਾਜ ਹੋਣਾ ਨਹੀਂ, ਅੰਤ ਦਾ ਰਾਜ ਇਨ੍ਹਾਂ ਦਾ ਹੈ । ਇਕ ਸਮੇਂ ਸੰਮਤ ੧੭੬੩ ਪੋਹ ਦੇ ਮਹੀਨੇ ਡੇਢ ਪਹਰ ਰਾਤ ਰਹਿੰਦੀ ਦੁਸਾਖੇ ਦੱਖਣੀ ਪਏ ਜਲਦੇ ਹੈਸਨ ਅਤੇ ਕਰਵਾਜ਼ੇ ਬੰਦ, ਚੌਂਕੀਆਂ ਬੈਠੀਆਂ ਹੋਈਆਂ, ਸਾਹਿਬ ਸੁਖ ਵਿਚ ਟਿਕੇ ਹੋਏ, ਮੈਂ ਦਾਸ ਚਉਪਾ ਸਿੰਘ ਚਰਨ ਕਵਲ ਦੀ ਪਵਾਂਦੀ, ਚਰਨ ਕਮਲ ਮਲਦਾ ਮੈਂ ਟਿਕ ਗਯਾ । ਸੋ ਇਕ ਸਾਧ ਅਕਸਮਾਤੋਂ ਆਇ ਖੜੋਤਾ । ਸਾਹਿਬ ਜਾਗੇ, ਮੈਂ ਭੀ ਅਵਾਜ਼ ਸੁਣਕੇ ਜਾਗਿਆ । ਉਸ ਇਕ ਕਾਗਤ ਸਾਹਿਬ ਨੂੰ ਦਿਖਾਇਆ । ਪੂਰਨ ਪੁਰਖ ਨੇ ਪੜ੍ਹਕੈ ਬਚਨ ਕੀਤਾ, ਧਰਮਚੰਦ ਨੂੰ ਸੱਦ ਦੇਹੁ । ਜੇ ਭਾਈ ਅਸਾਂ ਕੁਝ ਕਾਰਜ ਕੀਤੇ, ਕੁਛ ਕਰਨੇ ਹੈਨਿ, ਕਰਕੇ ਆਪ ਕੋ ਮਿਲੈਂਗੇ ਅਤੇ ਤੁਹਾਡੀ ਅਸਾਡੀ ਅਵਧੀ ਵਿਚ ਪੌਣੇ ਤ੍ਰੈ ਸਾਲ ਰਹਤੇ ਹੈਂ । ਤੁਸੀਂ ਮੰਦਾਕਨੀ ਕੇ ਕੰਨਾਂ, ਮੈਲਾਗਰ ਦੇ ਤਲੇ, ਜੋਗ ਨਿਧਿ ਦੀ ਕੁਟੀਆ ਵਿਚ ਠਹਰੋ । ਇਹ ਮਾਮੇ ਜੀ ਲਿਖ ਦਿਤਾ ਉਪਰਿ ਸਹੀ ਆਪ ਪਾ ਦਿਤੀ । ਉਹ ਸਾਧ ਲੈਂਦੇ ਹੀ ਅੰਤਰ ਧਿਆਨ ਹੋ ਗਿਆ । ਮਾਮਾ ਜੀ ਬੇਨਤੀ ਕਰਕੇ ਪੁੱਛ ਰਹੇ, ਜੁ ਇਹ ਕੌਣ ਸੀ, ਕਿਥੋਂ ਆਇਆ, ਕਿਸ ਭੇਜਯਾ ਹੈ, ਪਰ ਸਾਹਿਬ ਨਾ ਦੱਸਿਆ । ਸਰਬ ਭਲਿਆਂ ਬੁਧਿਵਾਨਾਂ ਇਹ ਬਿਚਾਰ ਕੀਤਾ, ਜੋ ਜੈਸੇ ਪਹਿਲੇ

---

[੨੮] ਪਉੜੀ , ਮਾਰੂ ਵਾਰ, ਮਹਲਾ ੩, ਪੰਨਾ ੧੦੮੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੨੯] "ਸੂਰੇ ਏਹਿ ਨ ਆਖੀਅਹਿ" ਅਤੇ "ਹਰਿ ਜੀਉ ਅਹੰਕਾਰੁ ਨ ਭਾਵਈ" ਇੱਕ ਹੀ ਪਉੜੀ ਵਿੱਚੋਂ ਹਨ। ਪੂਰੀ ਪਉੜੀ ਇਸ ਪ੍ਰਕਾਰ ਹੈ, "*ਪਉੜੀ ॥ ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ ॥ ਅੰਧੇ ਆਪੁ ਨ ਪਛਾਣਨੀ ਦੂਜੈ ਪਚਿ ਜਾਵਹਿ ॥ ਅਤਿ ਕਰੋਧ ਸਿਉ ਲੂਝਦੇ ਅਗੈ ਪਿਛੈ ਦੁਖੁ ਪਾਵਹਿ ॥ ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥ ਅਹੰਕਾਰਿ ਮੁਏ ਸੇ ਵਿਗਤੀ ਗਏ ਮਰਿ ਜਨਮਹਿ ਫਿਰਿ ਆਵਹਿ ॥ ੯ ॥*" ਮਾਰੂ ਵਾਰ, ਮਹਲਾ ੩, ਪੰਨਾ ੧੦੮੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੩੦] ਰਾਗੁ ਸੂਹੀ, ਮਹਲਾ ੫, ਪੰਨਾ ੭੪੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੩੧] ਪਉੜੀ, ਰਾਗੁ ਸੋਰਠਿ ਵਾਰ ਮਹਲੇ ੪ ਕੀ, ਪੰਨਾ ੬੪੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ । ਪੂਰੀ ਪਉੜੀ ਇਸ ਪ੍ਰਕਾਰ ਹੈ, "*ਪਉੜੀ ॥ ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ ਜੋ ਨਾਮਿ ਹਰਿ ਰਾਤੇ ॥ ਤਿਨ ਕੇ ਘਰ ਮੰਦਰ ਮਹਲ ਸਰਾਈ ਸਭਿ ਪਵਿਤੁ ਹਹਿ ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਇ ਵਰਸਾਤੇ ॥ ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ ॥ ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ ॥ ਜਿਨ ਕੈ ਪੋਤੈ ਪੁੰਨੁ ਹੈ ਸੇ ਗੁਰਮੁਖਿ ਸਿਖ ਗੁਰੂ ਪਹਿ ਜਾਤੇ ॥ ੧੬ ॥*"

ਜਾਮੇ ਨੂੰ ਸੱਦਾ ਦਰਗਾਹ ਦਾ ਹੋਇਆ ਸੀ, ਤੈਸੇ ਹੀ ਏਹੁ ਹੈ ਸਾਹਿਬ ਦਾ ਹੋਣਾ, ਅਚਰਜ ਹੈ । ਅਸਾਂ ਜੀਆਂ ਨੂੰ ਇਹ ਦਿਦਾਰ ਕਿਥੋਂ ? ਪਿਛੋਂ ਤਾਂ ਅਨ੍ਹੇਰਾ ਪੜ ਜਾਸੀ ਅਤੇ ਕਲਿਜੁਗ ਖੜੋਸੀ, ਇਹੁ ਦੇਵੀਦਾਸ ਜੋ ਕਥਾ ਭੋਗਲ ਪੁਰਾਣ ਦੀ ਕਹਿੰਦਾ ਹੈ ਕਿ ਸੋ ਇਹੁ ਸਮਾਂ ਆਵਣਾ ਹੈ । ਗ੍ਰੰਥ ਸਾਹਿਬ ਜੀ ਪੋਥੀਆਂ ਪੁਰਾਣ ਪਏ ਆਖਦੇ ਹੈਨ । ਭਲਿਆਈ ਥੋੜੀ, ਬੁਰਿਆਈ ਬਹੁਤ । ਉਤਪਾਤ ਹੋਸਨ, ਉਪਦ੍ਰ ਹੋਸਨ, ਅਨਾਚਾਰ, ਅਣਹੋਣੀ, ਸ਼ੰਕਰਬਰਣ[੩੨] ਹੋ ਜਾਸੀ ਸਾਰੀ ਸ੍ਰਿਸਟਿ । ਸੰਕਰ ਬ੍ਰਣ ਪਰਜਾ ਸਭ ਹੋਈ । ਛਤ੍ਰੀ ਧਰਮ ਨ ਰਹਯਾ ਕੋਈ ।[੩੩] ਸਾਖ ਗ੍ਰੰਥ ਸਾਹਿਬ ਜੀ ਕੀ, "*ਕਲਿ ਕਾਤੀ ਰਾਜੇ ਕਾਸਾਈ*"[੩੪]

ਐਸਾ ਸਮਾਂ ਹੋਸੀ। ਤਿਸ ਸਮੇਂ ਬੁਧਿਮਾਨ ਕੈਸੇ ਹੋਸਨ ? ਸਾਖ ਗ੍ਰੰਥ ਸਾਹਿਬ ਜੀ ਦੀ, "*ਮਨਹੁ ਜਿ ਅੰਧੇ ਕੂਪ ਕਹਿਆ ਬਿਰਦੁ ਨ ਜਾਣਨੀ ॥*"[੩੫]

ਦੇਖਣ ਨੂੰ ਖਰੇ ਪਲੰਕ ਪਰ ਬਿਰਦੁ ਵਿਚ ਹੱਛੇ ਹੋਸਨ, ਬਿਰਦ ਜੁ ਪੂਰਨ ਪੁਰਖ ਦਾ ਹੈ । ਸਾਖ ਗ੍ਰੰਥ ਸਾਹਿਬ ਜੀ ਦੀ, "*ਇਕਿ ਕਹਿ ਜਾਣਨਿ ਕਹਿਆ ਬੁਝਨਿ ਤੇ ਨਰ ਸੁਘੜ ਸਰੂਪ ॥*"[੩੬]

ਜੋ ਗੁਰੂ ਕੇ ਸਿਖ ਮੁਰੀਦ, ਰਾਜ ਵਿਚ ਗ਼ਰੀਬੀ ਵਿਚ ਭੀ ਪਰ ਵਿਰਲੇ, ਨੀਚ ਬਹੁਤ । ਸਾਖ ਗ੍ਰੰਥ ਸਾਹਿਬ ਜੀ ਦੀ, "*ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ ਜਾਣੰਤਿ ॥*"[੩੭]

---

[੩੨] ਵਰਣਸੰਕਰ, ਦੋਗਲੀ ਨਸਲ ।

[੩੩] "*ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥ ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥*" (ਧਨਾਸਰੀ, ਮਹਲਾ ੧, ਪੰਨਾ ੬੬੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ।

[੩੪] ਸਲੋਕੁ, ਮਹਲਾ ੧, ਵਾਰ ਮਾਝ ਕੀ, ਪੰਨਾ ੧੪੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ । ਪੂਰਾ ਸਲੋਕ ਇਸ ਪ੍ਰਕਾਰ ਹੈ, "*ਸਲੋਕੁ ਮ: ੧ ॥ ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥ ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥ ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥ ੧ ॥*"

[੩੫] ਸਲੋਕ, ਮਹਲਾ ੧, ਸਾਰੰਗ ਕੀ ਵਾਰ, ਪੰਨਾ ੧੨੪੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ । 'ਸਾਰੰਗ ਕੀ ਵਾਰ' ਦਾ ਇਹ ਸਲੋਕ ਮਾਮੂਲੀ ਪਾਠ-ਭੇਦ ਨਾਲ ਦੁਬਾਰਾ 'ਸਲੋਕ ਵਾਰਾਂ ਤੇ ਵਧੀਕ' ਵਿੱਚ ਵੀ ਦਿੱਤਾ ਗਿਆ ਹੈ । ਦੋਵੇਂ ਪਾਠ ਇਸ ਪ੍ਰਕਾਰ ਹਨ: - "*ਮ: ੧ ॥ ਮਨਹੁ ਜਿ ਅੰਧੇ ਕੂਪ ਕਹਿਆ ਬਿਰਦੁ ਨ ਜਾਣਨੀ ॥ ਮਨਿ ਅੰਧੈ ਊਂਧੈ ਕਵਲਿ ਦਿਸਨਿ੍ ਖਰੇ ਕਰੂਪ ॥ ਇਕਿ ਕਹਿ ਜਾਣਹਿ ਕਹਿਆ ਬੁਝਹਿ ਤੇ ਨਰ ਸੁਘੜ ਸਰੂਪ ॥ ਇਕਨਾ ਨਾਦ ਨ ਬੇਦ ਨ ਗੀਅ ਰਸੁ ਰਸ ਕਸ ਨ ਜਾਣੰਤਿ ॥ ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥ ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ ॥ ੨ ॥*" (ਸਾਰੰਗ ਕੀ ਵਾਰ, ਪੰਨਾ ੧੨੪੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ) ਅਤੇ "*ਮਨਹੁ ਜਿ ਅੰਧੇ ਘੂਪ ਕਹਿਆ ਬਿਰਦੁ ਨ ਜਾਣਨੀ ॥ ਮਨਿ ਅੰਧੈ ਉਂਧੈ ਕਵਲ ਦਿਸਨਿ ਖਰੇ ਕਰੂਪ ॥ ਇਕਿ ਕਹਿ ਜਾਣਨਿ ਕਹਿਆ ਬੁਝਨਿ ਤੇ ਨਰ ਸੁਘੜ ਸਰੂਪ ॥ ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ ਜਾਣੰਤਿ ॥ ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥ ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ ॥ ੧੫ ॥*" (ਸਲੋਕ ਵਾਰਾਂ ਤੇ ਵਧੀਕ, ਮਹਲਾ ੧, ਪੰਨਾ ੧੪੧੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ।

[੩੬] ਸਲੋਕ ੧੫, ਸਲੋਕ ਵਾਰਾਂ ਤੇ ਵਧੀਕ, ਮਹਲਾ ੧, ਪੰਨਾ ੧੪੧੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੩੭] ਸਲੋਕ ੧੫, ਸਲੋਕ ਵਾਰਾਂ ਤੇ ਵਧੀਕ, ਮਹਲਾ ੧, ਪੰਨਾ ੧੪੧੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਸੋ ਰੌਲੇ ਦੇ ਸਿਖ ਹੋਏ, ਭਾਵੇਂ ਰਾਜ ਵਿਚ, ਭਾਵੇਂ ਮਾਇਆ ਵਿਚ, ਭਾਵੇਂ ਗ਼ਰੀਬੀ ਵਿਚ ਦੇਖਣ ਨੂੰ ਚੰਗੇ, ਗਿਆਨੀ ਰਹਤਵਾਨ ਮਹੰਤ, ਭਗਤ, ਸਾਧ ਸੰਤ । ਬਚਨ ਹੈ ਪਾਤਸ਼ਾਹੀ ੧੦, "*ਭੇਖ ਦਿਖਾਏ ਜਗਤ ਕੌ ਲੋਗਨ ਕੋ ਬਸਿ ਕੀਨ ॥*"[੩੮] ਜੋ ਪੂਜਾ ਜੋਗ ਹੋਸਨ, ਤਿਨ੍ਹਾਂ ਦਾ ਨਿਰਾਦਰ । ਜੋ ਗਾਦੀ ਪੂਜਾ ਧਾਨ ਕੁਧਾਨ ਨ ਦੇਖਣਗੇ, ਆਖਣਗੇ ਅਰਦਾਸ ਕਰਕੇ ਖਾਇਓ, ਪਵਿਤ ਹੋਆ । ਸਾਖ ਗ੍ਰੰਥ ਸਾਹਿਬ ਜੀ ਦੀ, "*ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥*"[੩੯]

ਪਰ ਜੇ ਉਨ੍ਹਾਂ ਨੂੰ ਕੋਈ ਸ਼ਬਦ ਦਾ, ਬੁਧਿ ਦਾ ਉਪਦੇਸ਼ ਕਰੇ, ਤਾਂ ਨਾਹੀਂ ਲਗਦਾ । ਸਾਖ ਗ੍ਰੰਥ ਸਾਹਿਬ ਜੀ ਦੀ, "*ਰਾਤੀ ਹੋਵਨਿ ਕਾਲੀਆ ਸੁਪੇਦਾ ਸੇ ਵੰਨ ॥*"[੪੦] "*ਛਾਡਿ ਕੁਚਰਚਾ, ਆਨ ਨ ਜਾਨਹਿ ॥*"[੪੧]

ਗੋਤ੍ਰ ਦੀ ਨਾਰਿ ਗਮਨ[੪੨], ਅਤੀਤ ਦੀ ਨਾਰਿ ਦਾ ਗਵਨ[੪੩] । ਸਾਰਾ ਨੀਚਾਂ ਦੇ ਪ੍ਰਸੰਗ, ਸੋ ਪਾਪਾਂ ਬਲ ਕਰਨਾ ਹੈ, ਐਸਾ ਸਮਾਂ ਹੋਸੀ । ਸਾਖ ਗ੍ਰੰਥ ਸਾਹਿਬ ਜੀ ਦੀ, "*ਸਤੀ ਪਾਪੁ ਕਰਿ ਸਤੁ ਕਮਾਹਿ ॥*"[੪੪]

ਮਹਾਂ ਪਾਪ ਉਦੈ ਹੋਸਨ, ਬ੍ਰਹਮ ਹੱਤਿਆ[੪੫], ਬ੍ਰਾਹਮਣੀ ਦਾ ਗਮਨ, ਰਾਜਿਆਂ ਦੀਆਂ ਦਾਰਾ ਦਾ ਗਮਨ, ਗੁਰਭਾਈਆਂ ਦਾ ਮਾਰਨਾ, ਮਾਤ ਪਿਤਾ ਦਾ ਮਾਰਨਾ, ਪਰਨਾਰੀ ਦਾ ਗਮਨ, ਵਿਸ਼ਵਾਸਘਾਤੀ, ਧ੍ਰੋਹੀ,

---

[੩੮] 'ਅਪਨੀ ਕਥਾ', ਬਚਿਤ੍ਰ ਨਾਟਕ, ਖਸ਼ਟਮੋ ਧਿਆਇ, ਪੰਨਾ ੫੮, ਸ੍ਰੀ ਦਸਮ ਗ੍ਰੰਥ ਸਾਹਿਬ ਜੀ । ਪੂਰਾ ਦੋਹਰਾ ਇਸ ਪ੍ਰਕਾਰ ਹੈ, "*ਭੇਖ ਦਿਖਾਏ ਜਗਤ ਕੋ ਲੋਗਨ ਕੋ ਬਸਿ ਕੀਨ ॥ ਅੰਤ ਕਾਲਿ ਕਾਤੀ ਕਟਯੋ ਬਾਸੁ ਨਰਕ ਮੋ ਲੀਨ ॥*"

[੩੯] ਸਲੋਕ, ਮਹਲਾ ੧, ਵਾਰ ਮਾਝ ਕੀ, ਪੰਨਾ ੧੪੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੪੦] ਸਲੋਕ, ਮਹਲਾ ੧, ਵਾਰ ਸੂਹੀ ਕੀ ਸਲੋਕਾ ਨਾਲਿ ਮਹਲਾ ੩, ਪੰਨਾ ੭੮੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੪੧] ਗਉੜੀ ਚੇਤੀ, ਕਬੀਰ ਜੀ, ਪੰਨਾ ੩੩੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ । ਪੂਰਾ ਸ਼ਬਦ ਇਸ ਪ੍ਰਕਾਰ ਹੈ, "*ਗਉੜੀ ਚੇਤੀ ੧ਓ ਸਤਿਗੁਰ ਪ੍ਰਸਾਦਿ ॥ ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ ॥ ਬਾਤਨ ਹੀ ਅਸਮਾਨੁ ਗਿਰਾਵਹਿ ॥ ੧ ॥ ਐਸੇ ਲੋਗਨ ਸਿਉ ਕਿਆ ਕਹੀਐ ॥ ਜੋ ਪ੍ਰਭ ਕੀਏ ਭਗਤਿ ਤੇ ਬਾਹਜ ਤਿਨ ਤੇ ਸਦਾ ਡਰਾਨੇ ਰਹੀਐ ॥ ੧ ॥ ਰਹਾਉ ॥ ਆਪਿ ਨ ਦੇਹਿ ਚੁਰੂ ਭਰਿ ਪਾਨੀ ॥ ਤਿਹ ਨਿੰਦਹਿ ਜਿਹ ਗੰਗਾ ਆਨੀ ॥ ੨ ॥ ਬੈਠਤ ਉਠਤ ਕੁਟਿਲਤਾ ਚਾਲਹਿ ॥ ਆਪੁ ਗਏ ਅਉਰਨ ਹੂ ਘਾਲਹਿ ॥ ੩ ॥ ਛਾਡਿ ਕੁਚਰਚਾ ਆਨ ਨ ਜਾਨਹਿ ॥ ਬ੍ਰਹਮਾ ਹੂ ਕੋ ਕਹਿਓ ਨ ਮਾਨਹਿ ॥ ੪ ॥ ਆਪੁ ਗਏ ਅਉਰਨ ਹੂ ਖੋਵਹਿ ॥ ਆਗਿ ਲਗਾਇ ਮੰਦਰ ਮੈ ਸੋਵਹਿ ॥ ੫ ॥ ਅਵਰਨ ਹਸਤ ਆਪ ਹਹਿ ਕਾਂਨੇ ॥ ਤਿਨ ਕਉ ਦੇਖਿ ਕਬੀਰ ਲਜਾਨੇ ॥ ੬ ॥ ੧ ॥ ੪੪ ॥*"

[੪੨] ਆਪਣੇ ਗੋਤ੍ਰ ਦੀ ਇਸਤਰੀ ਦਾ ਸੰਗ ਕਰਨਾ । ਕਈ ਇਹ ਮੰਨਦੇ ਹਨ ਕਿ ਸੱਤ ਪੀੜ੍ਹੀਆਂ ਬਾਅਦ ਗੋਤ੍ਰ ਦਾ ਕੋਈ ਦੋਸ਼ ਨਹੀਂ ਹੁੰਦਾ । ਗੁਰਮਤਿ ਵਿੱਚ ਗੋਤ੍ਰ ਆਦਿ ਕੋਈ ਵੀਚਾਰ ਨਹੀਂ ।

[੪੩] ਸਾਧੂ ਦੀ ਪਤਨੀ ਦਾ ਸੰਗ ਕਰਨਾ । ਗੁਰਬਾਣੀ ਗੋਤਮ ਰਿਸ਼ੀ ਦਾ ਜ਼ਿਕਰ ਕਰਦੀ ਹੈ, ਜਿਸਦੀ ਪਤਨੀ ਅਹਿੱਲਯਾ ਦਾ ਇੰਦਰ ਨੇ ਸੱਤ-ਭੰਗ ਕੀਤਾ ਸੀ । ਗੋਤਮ ਰਿਸ਼ੀ ਨੇ ਇੰਦਰ ਨੂੰ ਸ਼੍ਰਾਪ ਦੇ ਦਿੱਤਾ ਸੀ, "*ਗੋਤਮ ਨਾਰਿ ਉਮਾਪਤਿ ਸ੍ਵਾਮੀ ॥ ਸੀਸੁ ਧਰਨਿ ਸਹਸ ਭਗ ਗਾਂਮੀ ॥*" (ਜੈਤਸਰੀ, ਰਵਿਦਾਸ ਜੀ, ਪੰਨਾ ੭੧੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ।

[੪੪] ਸਲੋਕੁ ਮ ੧, ਰਾਮਕਲੀ ਕੀ ਵਾਰ ਮਹਲਾ ੩, ਪੰਨਾ ੯੫੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੪੫] "*ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ ॥ ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ ॥*" (ਸਲੋਕ ਮਹਲਾ ੩, ਪੰਨਾ ੧੪੧੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ।

ਅਪਲੱਛਨ ਹੈਨ, ਸੋ ਉਤਪਤ ਹੋਵਨ, ਏਸ ਕਲਿਜੁਗ ਦਾ ਸੁਭਾਉ ਹੈ - ਪਸ਼ੂ ਵਰਤਨ, ਪਰਜਾ ਭੀ ਘਟ ਜਾਸੀ, ਨਦੀਆਂ ਕੇ ਨੀਰ ਘਟ ਜਾਸੀ, ਗਊਆਂ ਕੇ ਖੀਰ, ਬਰਖਾ ਓਸ ਬਰਾਬਰ ਹੋਸੀ, ਕੁਆਰੀ ਕੰਨਿਆ ਕੋ ਬਾਲਕਾ, ਸੌ ਸੌ ਕੋਸ ਉਪਰ ਬਸਤੀ, ਮਨੁੱਖ ਕੀ ਕਰਨ ਬੇਦ ਨਾ ਪੁਰਾਨ, ਨ ਕਰਮ ਧਰਮ, ਐਸੀ ਜੁਗਤਿ ਨਾਲ ਕਲਿਜੁਗ ਵਰਤੈਗਾ । ਅੱਠ ਸੈ ਪੈਂਤੀ ਬਰਖ ਸੇਖ ਰਹਸੀ, ਤਾਂ ਸਤਿਜੁਗ ਜਨਮੈਗਾ ਬ੍ਰਾਹਮਣ[੪੬] ਕੇ ਘਰ ਨਿਹਕਲੰਕ ਅਵਤਾਰ ਪੈਦੇ ਹੋਸੀ, ਸੰਭਲ ਨਗਰੀ ਵਿਚ ਮਾਘ ਦੇ ਮਹੀਨੇ ਸ਼ੁਕਲ ਪੱਖ, ਥਿਤ ਪੰਚਮੀ, ਸੋਮ ਦਿਨ, ਬਿਸ਼ਨ ਦਾਸ ਬ੍ਰਾਹਮਣ ਦੀ ਰੱਖਿਆ ਵਾਸਤੇ, ਪਾਪਨ ਕੇ ਨਾਸ ਵਾਸਤੇ, ਧਰਮ ਮ੍ਰਿਜਾਦ ਰੱਖਣ ਵਾਸਤੇ । ਬਚਨ ਪਾਤਸ਼ਾਹੀ ੧੦, "*ਪਾਪ ਸੰਬੂਹ ਬਿਨਾਸਨ ਕਉ..*"[੪੭]

ਜਾ ਦਿਨ ਨਿਹਕਲੰਕ ਦੇਵਪੁਰੀ ਨੂੰ ਸਿਧਾਣਗੇ, ਤਾਂ ਸਤਿਜੁਗ ਜਨਮੈਗਾ । ਬ੍ਰਾਹਮਣ ਕੇ ਘਰ ਕੱਤਕ ਸ਼ੁਕਲ ਪੱਖ, ਨੌਮੀ ਮਨੁੱਖਾ ਦੇਸ ਗੰਗ, ਇੱਕੀ ਹੱਥ ਹੋਸਨ ਆਪਣੇ, ਆਰਬਲਾ ਲੱਖ ਬਰਸ ਦੀ, ਅਹਾਰ ਮਨੁੱਖ ਮਣ ਤੇਈ, ਅਵਤਾਰ ਬਿਸ਼ਨ ਦੇ ਤ੍ਰੈਣ ਮੱਛ, ਕੱਛ, ਵੈਰਾਹ, ਨਰ ਸਿੰਘ, ਬਾਵਨ । ਧਰਮ ਸਤ ਸੀਲ ਦਾ, ਪਾਪਾਂ ਦਾ ਨਾਸ, ਸਤਿਜੁਗ ਦੀ ਆਰਬਲਾ ੧੭੨੮੦੦੦ ਫੇਰ ਤ੍ਰੇਤਾਜੁਗ ਜਨਮ ਲੈਸੀ ਖਤ੍ਰੀ ਦੇ ਘਰ ਵੈਸਾਖ ਸ਼ੁਕਲ ਪੱਖ ੩ ਸਰੀਰ ਮਨੁੱਖ ਦੇਹ, ਹੱਥ ੧੪ । ਤ੍ਰੇਤੇਜੁਗ ਦੀ ਆਰਬਲਾ ੧੨੯੬੦੦੦ ਅਹਾਰ ਮਣ, ਤ੍ਰੇਤੇ ਅਵਤਾਰ ਦੇ ਪਰਸਰਾਮ ਜੀ, ਰਾਮ ਜੀ । ਇਕ ਹਿਸਾ ਪਾਪ, ਪੁੰਨ ਤ੍ਰੈ ਹਿੱਸੇ । ਫੇਰ ਜਨਮ ਦੁਆਪਰ ਲੈਸੀ, ਸ਼ੂਦ੍ਰ ਦੇ ਘਰ, ਮਾਘ ਵਦੀ ੧੫ ਸਰੀਰ ਮਨੁੱਖ ਦਾ ਹੱਥ ਸੱਤ, ਅਹਾਰ ਸੇਰ ਬਾਰ੍ਹਾਂ । ਆਰਬਲਾ ਮਨੁੱਖ ਦੀ ਬਰਸ ੧੦੦੦, ਪਾਪ ਪੁੰਨ ਅੱਧੋ-ਅੱਧ ਅਵਤਾਰ ਦੁਇ - ਕ੍ਰਿਸ਼ਨ ਜੀ ਤੇ ਬੋਧਾ[੪੮] । ਆਰਬਲਾ ਜੁਗ ਦੀ ੮੬੪੦੦੦ । ਫੇਰ ਕਲਜੁਗ ਜਨਮ ਚੰਡਾਲ ਕੇ ਘਰ ਹੋਸੀ ਭਾਦ੍ਰੋਂ ਵਦੀ ੧੩, ਮਨੁੱਖ ਦੇ ਸਰੀਰ ਸਾਢੇ ਤਿੰਨ ਹੱਥ ਆਪਣੇ, ਆਰਬਲਾ ਬਰਸ ੧੦੦, ਪਾਪ ਹਿੱਸੇ ਤਿੰਨ, ਪੁੰਨ ਇਕ ਹਿਸਾ, ਅਵਤਾਰ ਇਕ - ਨਿਹਕਲੰਕ । ਆਰਬਲਾ ਕਲਜੁਗ ਦੀ ਚਾਰ ਲੱਖ ਬੱਤੀ ਹਜ਼ਾਰ ਬਰਸ । ਏਹੁ ਚਾਰੋ ਜੁਗ ਤ੍ਰਿਤਾਲੀ ਲੱਖ ਅੱਸੀ ਹਜ਼ਾਰ ਬਰਸ ਚਹੁੰ ਜੁਗਾਂ ਦੀ ਮ੍ਰਿਜਾਦਾ ਹੈ। ਸੋ ਬਚਨ ਗੁਰੂ ਕਾ, "*ਜੁੱਗਨ ਕੀ ਚਉਕਰੀ ਫਿਰਾਏ ਹੀ ਫਿਰਤ ਹੈ ॥*"[੪੯]

---

[੪੬] ਪੌਰਾਣਿਕ ਯਕੀਨ ਅਨੁਸਾਰ ਇਸ ਦਾ ਨਾਮ 'ਵਿਸ਼ਨੂਯਸ਼' ਹੋਏਗਾ ।

[੪੭] ਨਿਹਕਲੰਕ ਅਵਤਾਰ, ਪੰਨਾ ੫੮੧, ਸ੍ਰੀ ਦਸਮ ਗ੍ਰੰਥ ਸਾਹਿਬ । ਪੂਰਾ ਸਵੈਯਾ ਇਸ ਪ੍ਰਕਾਰ ਹੈ, "*ਪਾਪ ਸੰਬੂਹ ਬਿਨਾਸਨ ਕਉ ਕਲਿਕੀ ਅਵਤਾਰ ਕਹਾਵਹਗੇ ॥ ਤੁਰਕੱਛਿ ਤੁਰੰਗ ਸਪੱਛ ਬਡੋ ਕਰਿ ਕਾਢ ਕ੍ਰਿਪਾਨ ਖਪਾਵਹਗੇ ॥ ਨਿਕਸੇ ਜਿਮ ਕੇਹਰਿ ਪਰਬਤ ਤੇ ਤਸ ਸੋਭ ਦਿਵਾਲਯ ਪਾਵਹਗੇ ॥ ਭਲ ਭਾਗ ਭਯਾ ਇਹ ਸੰਭਲ ਕੇ ਹਰਿਜੂ ਹਰਿ ਮੰਦਰ ਆਵਹਗੇ ॥੧੪੧॥*"

[੪੮] ਗੌਤਮ ਬੁਧ ।

[੪੯] ਅਕਾਲ ਉਸਤਤਿ, ਪੰਨਾ ੧੮, ਸ੍ਰੀ ਦਸਮ ਗ੍ਰੰਥ ਸਾਹਿਬ । ਪੂਰੀ ਪੰਕਤੀ ਇਸ ਪ੍ਰਕਾਰ ਹੈ, "*ਗਯਾਨ ਕੇ ਬਿਹੀਨ ਕਾਲ ਫਾਸ ਕੇ ਅਧੀਨ ਸਦਾ ਜੁੱਗਨ ਕੀ ਚਉਕਰੀ ਫਿਰਾਏ ਈ ਫਿਰਤ ਹੈ ॥*"

ਸੋ ਗੁਰੂ ਕਾ ਸਿੰਘ ਹੋਇ ਕੈ ਦੁਨੀਆਂ ਦੇ ਸਵਾਦ ਨਾਲ ਸਿਖੀ ਨ ਗਵਾਏ ।[੫੦] ਅਤੇ ਸੁਣਨ ਵਾਲਾ ਸਿਖ ਕੈਸਾ ਹੋਵੈ - ਸਾਖ ਗ੍ਰੰਥ ਸਾਹਿਬ ਜੀ ਦੀ, "*ਆਪਿ ਮੁਕਤੁ ਮੋਹਿ ਤਾਰੈ ॥*"[੫੧] ਗੁਰੂ ਕੇ ਸਿਖ ਹੋਣ । ਜੇ ਰਉਲੇ ਦਾ ਸਿਖ ਹੋਸੀ, ਉਸ ਨੂੰ ਉਪਦੇਸ਼ ਪ੍ਰਵੇਸ਼ ਨ ਹੋਵੈਗਾ । ਸਾਖ ਗ੍ਰੰਥ ਸਾਹਿਬ ਜੀ ਦੀ, "*ਮਨਮੁਖ ਪਥਰੁ ਸੈਲੁ ਹੈ, ਧ੍ਰਿਗੁ ਜੀਵਣੁ ਫੀਕਾ ॥*"[੫੨]

ਇਹ ਜਨਮ ਦੁਰਲਭ ਹੈ[੫੩], ਐਸਾ ਗੁਰੂ ਪਾਇਕੇ ਅਜਾਈਂ ਨਹੀਂ ਗਵਾਵਣਾ । ਇਹ ਦੁਨੀਆਂ ਦੇ ਪਦਾਰਥ ਮਾਇਆ ਰਾਜ, ਦਾਰਾ, ਮੀਤ, ਪੂਤ ਛਲ ਦਾ ਰੂਪ ਹੈਨ, ਸਮੇਂ ਨਾਲਿ ਉਠ ਜਾਣਗੇ ।[੫੪] ਨ ਕੋਈ ਪਦਾਰਥ ਨਾਲ ਆਇਆ ਹੈ, ਨ ਕਿਸੇ ਨਾਲ ਜਾਣਾ ਹੈ ।[੫੫]

ਇਹ ਰਿਣ ਸਨਬੰਧੀ ਹੈ ਇਨ੍ਹਾਂ ਨਾਲ ਮਿਲ ਕੇ ਸਿਖੀ ਨਹੀਂ ਗਵਾਵਣੀ । ਏਹ ਰਹਿਤ ਉਪਦੇਸ਼ ਬੀਚਾਰ ਸਰਬਤ ਦਾ ਸਾਂਝਾ ਹੈ । ਸਿਖੀ ਰੱਖਣੀ, ਰਾਜ ਵਿਚ ਗ਼ਰੀਬੀ ਵਿਚ ਰਹੇ ।[੫੬] ਸਿਖੀ ਰੱਖੇ, ਰਹਤ ਕਮਾਵੈ ਅੱਗੇ ਨਮਿਤ, ਇਹ ਪਰਉਪਕਾਰ ਸਿਖ ਮੁਕਤਿਆਂ ਕੀਤਾ ਹੈ, ਹਜ਼ੂਰ ਰੋਬਰੋ ਪੂਰਨ ਪੁਰਖ ਅਬਿਨਾਸੀ ਜੀ ਦੇ ਅਤੇ ਮਿਹਰ ਵਾਹਿਗੁਰੂ ਜੀ ਆਪ ਕੀਤੀ ਹੈ, ਜਿਸ ਏਡੇ ਉਦਮ ਪੁਰਖਾਰਥ ਨਾਲ ਪੰਥ ਕੀਤਾ ਹੈ ਅਤੇ ਬੁਧਿ ਦਾਤ ਚਉਪਾ ਸਿੰਘ ਨੂੰ ਹੋਈ ਹੈ ਅਤੇ ਦਸਖ਼ਤ ਬਲਾਕਾ ਸਿੰਘ ਲਿਖਾਰੀ ਦੇ, ਪਰਵਾਨਗੀ ਹਜ਼ੂਰ ਦੀ ਨਾਲਿ ਅਤੇ ਏਹੁ ਕਾਗਤ ਰਹਤਨਾਮੇ ਦਾ ਚਿੱਠਾ ਲਿਖਾਇਆ, ਧਰਮਚੰਦ ਛਿੱਬਰ ਬ੍ਰਾਹਮਣ ਖ਼ਜ਼ਾਨਚੀ ਗੁਰੂ ਕਾ, ਤਿਸ ਦਾ ਪੁੱਤਰ ਗੁਰਬਖ਼ਸ਼ ਸਿੰਘ[੫੭] ਲਿਖਾਇਆ ਹੈ ਅਤੇ ਸਿਖੀ ਇਤ ਸਮੇਂ ਵਿਰਲੇ ਗੁਰਮੁਖਾਂ ਸਿਖਾਲਣੀ ਹੈ, ਅਤੇ ਨਰਕ ਦਾ ਪਾਵਣਾ, ਮਾਇਆ ਇਕੱਤਰ ਕਰਨੀ, ਸੰਚਨੀ ਅਨਰਥ ਲਾਵਣੀ ਮਨਮੁਖਾਂ ਲਈ ਹੈ ।

---

[੫੦] "*ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ ॥ ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ ॥ ੧੩ ॥*" (ਸਲੋਕ, ਕਬੀਰ ਜੀ, ਪੰਨਾ ੧੩੬੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ।

[੫੧] ਕਾਨੜਾ, ਮਹਲਾ ੫, ਪੰਨਾ ੧੩੦੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਪੂਰੀ ਪੰਕਤੀ ਇਸ ਪ੍ਰਕਾਰ ਹੈ, "*ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ ॥*"

[੫੨] ਆਸਾ ਮਹਲਾ ੧, ਪੰਨਾ ੪੧੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੫੩] "*ਨਾਨਕ ਮਾਣਸ ਜਨਮੁ ਦੁਲੰਭੁ ਹੈ ਸਤਿਗੁਰਿ ਬੂਝ ਬੁਝਾਈ ॥*" (ਵਡਹੰਸੁ ਮਹਲਾ ੩, ਪੰਨਾ ੫੬੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ।

[੫੪] "*ਮਾਈ ਮਾਇਆ ਛਲੁ ॥ ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹੜ ਕਾ ਜਲੁ ॥*" (ਟੋਡੀ ਮਹਲਾ ੫, ਪੰਨਾ ੭੧੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ।

[੫੫] "*ਨਾ ਕੋਊ ਲੈ ਆਇਓ ਇਹੁ ਧਨੁ ਨਾ ਕੋਊ ਲੈ ਜਾਤੁ ॥*" (ਰਾਗੁ ਸਾਰੰਗ, ਕਬੀਰ ਜੀ, ਪੰਨਾ ੧੨੫੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ।

[੫੬] "*ਕਟੀਐ ਤੇਰਾ ਅਹੰ ਰੋਗੁ ॥ ਤੂੰ ਗੁਰ ਪ੍ਰਸਾਦਿ ਕਰਿ ਰਾਜ ਜੋਗੁ ॥*" (ਗਉੜੀ ਮਹਲਾ ੫, ਪੰਨਾ ੨੧੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) । "*ਮਤਿ ਹੋਦੀ ਹੋਇ ਇਆਣਾ ॥ ਤਾਣ ਹੋਦੇ ਹੋਇ ਨਿਤਾਣਾ ॥ ਅਣਹੋਦੇ ਆਪੁ ਵੰਡਾਏ ॥ ਕੋ ਐਸਾ ਭਗਤੁ ਸਦਾਏ ॥ ੧੨੮ ॥*" (ਸਲੋਕ, ਪੰਨਾ ੧੩੮੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ।

[੫੭] ਪੁਸਤਕ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਦਾ ਲੇਖਕ ਕੇਸਰ ਸਿੰਘ ਛਿੱਬਰ ਇਨ੍ਹਾਂ ਦਾ ਹੀ ਪੁੱਤਰ ਸੀ ।

ਸਾਖ ਗ੍ਰੰਥ ਸਾਹਿਬ ਜੀ ਦੀ, "*ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥*"[੫੮] ਪਰ ਸਿੱਖੀ ਲੈਣੀ ਗੁਰੂ ਕੇ ਸਿਖ ਨ ਭੁਲਣਗੇ, ਬਿਰਦ ਵਾਹਗੁਰੂ ਪੂਰਨ ਪੁਰਖ ਦਾ ਹੈ ।

❃❃❃❃❃

## ਪੁਸਤਕ ਸੂਚੀ

ਇਸ ਪੁਸਤਕ ਵਿੱਚ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਜੀ, ਸ੍ਰੀ ਦਸਮ ਗ੍ਰੰਥ ਸਾਹਿਬ ਜੀ ਅਤੇ ਵਾਰਾਂ ਭਾਈ ਗੁਰਦਾਸ ਜੀ ਤੋਂ ਇਲਾਵਾ ਹੇਠ ਲਿੱਖੀਆਂ ਪੁਸਤਕਾਂ ਵਿੱਚੋਂ ਹਵਾਲੇ ਵਰਤੇ ਗਏ: -


੦੧. 'ਸ੍ਰੀ ਗੁਰ ਸੋਭਾ', ਕਵੀ ਸੈਨਾਪਤੀ ।
੦੨. 'ਗੁਰ ਬਿਲਾਸ ਪਾਤਸ਼ਾਹੀ ੧੦', ਕੁਇਰ ਸਿੰਘ ।
੦੩. 'ਗੁਰਬਿਲਾਸ ਪਾਤਸ਼ਾਹੀ ੧੦', ਭਾਈ ਸੁੱਖਾ ਸਿੰਘ ।
੦੪ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ', ਕੇਸਰ ਸਿੰਘ ਛਿੱਬਰ ।
੦੫. 'ਮਹਿਮਾ ਪ੍ਰਕਾਸ਼', ਸਰੂਪ ਦਾਸ ਭੱਲਾ ।
੦੬. 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ', ਭਾਈ ਸੰਤੋਖ ਸਿੰਘ ।
੦੭. 'ਤਵਾਰੀਖ਼ ਗੁਰੂ ਖ਼ਾਲਸਾ', ਗਿਆਨੀ ਗਿਆਨ ਸਿੰਘ ।
੦੮. 'ਰਹਿਤਨਾਮੇ', ਸੰਪਾਦਕ ਪ੍ਰੋ. ਪਿਆਰਾ ਸਿੰਘ 'ਪਦਮ' ।
੦੯. 'ਗੁਰਮਤਿ ਮਾਰਤੰਡ', ਭਾਈ ਕਾਨ੍ਹ ਸਿੰਘ ਨਾਭਾ ।
੧੦. 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼', ਸੰਪਾਦਕ ਭਾਈ ਕਾਨ੍ਹ ਸਿੰਘ ਨਾਭਾ ।
੧੧. 'ਸ੍ਰੀ ਹਜ਼ੂਰੀ ਮ੍ਰਿਜਾਦਾ ਪ੍ਰਬੋਧ', ਲੇਖਕ: ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜੀ, ਐਡੀਸ਼ਨ ੧੯੬੭ ।
੧੨. 'ਖ਼ਾਲਸਾ ਜੀਵਨ ਅਤੇ ਗੁਰਮਤਿ ਰਹਿਤ ਮਰਯਾਦਾ', ਸੰਤ ਕਰਤਾਰ ਸਿੰਘ ਭਿੰਡਰਾਂਵਾਲੇ ।
੧੩. 'ਸਿੱਖ ਰਹਿਤ ਮਰਯਾਦਾ', ਪ੍ਰਕਾਸ਼ਕ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ।
੧੪. 'ਰਾਮ ਚਰਿਤ ਮਾਨਸ', ਤੁਲਸੀ ਦਾਸ ।
੧੫. 'ਭਰਤਰੀਹਰਿ ਸ਼ਤਕ ਤ੍ਰਯ', ਭਰਤਰੀ ਹਰੀ ।


---

[੫੮] ਆਸਾ ਮਹਲਾ ੧, ਪੰਨਾ ੪੧੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। "*ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥ ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥ ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥ ੩ ॥*"